ਵਿਚ ਕਥਨ ਕੀਤਾ ਹੈ।

ਅਤੇ ਇਸ ਤਰਾਂ ਗੁਰੂ (ਏਕੰਕਾਰ) ਵਾਹਿਗੁਰੂ ਦੇ ਗਯਾਨ ਵਿਚ ਮ੍ਰਿਗ ਰਹਿੰਦੇ ਹਨ ਤੇ ਆਪ (ਅੰਧੂਤ) ਸੁਧ ਨੇ ਤੇ ਹੋਰਨਾਂ ਨੂੰ (ਅੰਧੂਤ) ਸੁਧ ਕਰਦੇਹਨ ਵਾ ਸੁਧ ਵਾਹਿਗੁਰੂ ਦਾ ਉਪਦੇਸ ਸੁਨਾ ਕੇ ਜੀਵਾਂ ਨੂੰ ਸੁਧ ਕਰਦੇਹਨ।

ਨੋਟ-ਬੇਦ ਕੈ ਬੇਦ ਬੀਚਾਰ। ਭਾਵੇਂ ਇਹੁ ਪਾਠ ਵੀ ਅਖਰਾਂ ਵਿਚ ਪੂਰਾ ਸੇ ਪਰ ਇਹ ਪਾਠ ਠੀਕ ਨਹੀ ਐਸੇ ਚਾਹੀਦਾ ਹੈ ' ਬੇਦਨ ਮੈ ਬੀਚਾਰ॥

ਬਿਰਲੋ ਬਿਬੇਕੀ ਜਨ ਪਰਉਪਕਾਰ ਹੇਤ
ਮਿਲਤ ਸਲਿਲ ਗਤਿ ਸਰਬੰਗ ਭੂਤ ਕੈ॥੯੦॥੧੧੪॥

(ਸਰਬੰਗ) ਸਾਰਿਆਂ (ਭੂਤ) ਜੀਵਾਂ ਦੇ ਅੰਗਾਂ ਨਾਲ ਜੋ ਸਲਿਲ ਪਾਣੀ ਵਾਂਗੂ ਮਿਲਨਾ ਹੈ ਏਹੀ ਪਰ ਉਪਕਾਰ ਕਰਦੇ ਸਨ ਸੋ ਏਹੋ ਜੇਹੇ ਬਿਰਲੇ ਹੀ (ਬਿਬੇਕੀ) ਵਿਚਾਰਵਾਨ ਸਿਖ ਹਨ ਜੋ ਉਪਕਾਰ ਕਰਨ (ਹੇਤ) ਵਾਸਤੇ ਮਿਲਦੇ ਹਨ ਔਰ ਜਲ ਦੀ (ਗਤਿ) ਨਯਾਈਂ ਸੁਧ ਕਰ ਦਿੰਦੇ ਹਨ ॥੧੧੪॥।

ਦਰਸਨ ਧਯਾਨ ਦਿਬਜ ਦੇਹ ਕੈ ਬਿਦੇਹ ਭਏ
ਦ੍ਰਿਗ ਦਿਬ ਦ੍ਰਿਸ੍ਟਿ ਬਿਖੈ ਭਾਉ ਭਗ੍ਤਿ ਲੀਨ ਹੈ ॥

ਸਿਖ-ਜੋ ਸਿਖ ਗੁਰਾਂ ਨਾਲ ਮਿਲੇ ਓਹ ਆਪ ਪਵਿਤ੍ਰ ਹੋਗਏ ਤੇ ਓਨ੍ਹਾਂ ਨੂੰ ਪਰਉਪਕਾਰ ਕਰਨਾ ਕਿਨ ਦਸਿਆ ਅਤੇ ਓਨਾਂ ਨੇ ਇਸ ਪਰਉਪਕਾਰ ਵਿਚੋਂ ਕੀ ਗੁਣ ਸਮਝਿਆ ਤੇ ਐਸੀ ਅਕਲ ਉਨ੍ਹਾਂ ਨੂੰ ਕਿਥੋਂ ਆਗਈ ਜੋ ਪਰ ਉਪਕਾਰ ਕਰਨਾ ਸਿਖ ਗਏ ਸੋ ਤਿਨਕਾ ਉਤਰ ਦੀਜੀਏ।

ਭਾਈ ਜੀ—ਜਦ ਗੁਰਾਂ ਦਾ ਦਰਸਨ ਧਯਾਨ ਦੇਖਿਆ ਵਾ ਕੀਤਾ(ਦਿਬ) ਸੁਧ ਦੇਹ ਹੋ ਗਈ ਭਾਵ ਗੁਰਾਂ ਦਾ ਦਰਸਨ ਕਰਕੇ ਦੇਵਤਿਆਂ ਵਾਲੀ ਦੇਹ ਪਾ ਲਈ ਹੈ ਮਨੁਖਾ ਦੇਹ ਦੇ ਹੁੰਦਿਆਂ ਹੀ (ਬਿਦੇਹ)ਦੇਹ ਹੰਗਤਾਭ ਰਹਿਤ ਹੋਏ ਹੋਏਨੇ (ਸਿਖ)ਹਿਗਣਾ ਦਾ ਮੈਨੂੰ ਕੁਝ ਪਤਾ ਨਹਾਂ ਲਗਾ ॥

(ਗੁਰੂ) ਆਪ ਆਖਦੇ ਹਨ ਕਿ ਆਪਣੇ ਨੁਕਸਾਨ ਵਿਚ ਹੋਰਨਾਂ ਦਾ ਉਪਕਾਰ ਹੋਂਦਾ ਵੇਖਿਆ ਹੈ ਤਾਂ ਆਪਣੇ ਨੁਕਸਾਨ ਨੂੰ ਹੱਦ ਦਿਤਾ ਹੈ ਪਰ ਅਗ ਲੇ ਦਾ ਪਰਉਪਕਾਰ ਕਰਦਿਤਾਹੈ ਅਤੇ (ਬਿਦੇਹ) ਜੀਵਨ ਮੁਕਤੀ ਦਾ ਨਾਮ ਹੈ ਕਿਉਂਕਿ ਜੀਉ ਦੇਹੀ ਵਾਹਿਗੁਰੂ ਵਿਚ ਮਿਲੇ ਹੋਏ ਹਨ ਅਤੇ (ਦ੍ਰਿਗ)ਨੇਤ੍ਰਾਂ ਦੀ ਜੋ ਦ੍ਰਿਸਟੀ ਹੈ ਓਹ (ਦਿਬ) ਸੁਧ ਹੋਕੇ ਵਾਹਿਗੁਰੂ ਵਿਚ ਲਗੀ ਰਹਿੰਦੀ ਹੈ ਤੇ* ਭਾਉ

---

*ਦ੍ਰਿਸਟਿ ਬਿਖੈ ਏਹ ਦੋ ਪਦ ਇਉਂ ਹੋਣ ਤਾਂ ਅਗਲੀ ਪੰਗਤੀ ਦੇ ਅਖਰ ਪੂਰੇ ਹੋਂਦੇ ਹਨ ॥

(ਭਗਤ) ਪ੍ਰੇਮਾ ਭਗਤੀ ਨੂੰ (ਚੀਨ) ਜਾਣਦੇ ਹਨ ਭਾਵ ਜੋ ਸਿੱਖ ਆਪ ਉਨ੍ਹਾਂ ਨੂੰ ਪ੍ਰਗਟ ਕਰਕੇ ਆਪਣੇ ਧਾਮ ਬੇਰਾ ਲੈਂਦੇ ਹਨ ॥

ਜੋ ਮਨ ਬੁਧੀ ਵਾਹਿਗੁਰੂ ਵਿਚ ਲਗੀ ਰਹਿੰਦੀ ਹੈ ਤੇ ਸਰੀਰ ਕਰਕੇ ਪ੍ਰੇਮਾ ਭਗਤੀ ਕਰਦੇ ਹਨ ॥

ਪਹਿਲੇ ਅਗਲੀ ਪੰਗਤੀ ਸਬਦ ਗਿਆਨ ਦਾ ਅਰਥ ਕੀਤਾ ਜਾਂਦਾ ਹੈ ਤੇ ਫਿਰ ਅਧਯਾਤਮ ਕਰਮ ਦਾ ਕੀਤਾ ਜਾਵੇਗਾ ਕਿਉਂ ਕਿ ਪ੍ਰਕਰਣ ਛੁਟ ਜਾਂਦਾ ਹੈ।

ਸਬਦ ਗਿਆਨ ਪਰਵਾਨ ਹ੍ਵੈ ਨਿਧਾਨ ਪਾਏ
ਪਰਮਾਰਥ ਸਬਦਾਰਥ ਪ੍ਰਬੀਨ ਹੈ ।

ਗੁਰਾਂ ਦੇ (ਸਬਦ) ਉਪਦੇਸ਼ ਦੇ ਗਿਆਨ ਰੂਪੀ (ਨਿਧਾਨ) ਖਜ਼ਾਨੇ ਨੂੰ ਪਾਕੇ (ਪ੍ਰਵਾਨ) ਮੰਨਨ ਜੋਗ ਹੋਏ ਭਾਵ ਇਹ ਕਿ ਗੁਰੂ ਦੇ ਉਪਦੇਸ਼ ਦੇ ਗਿਆਨ ਰੂਪੀ ਖਜ਼ਾਨੇ ਨੂੰ ਪਾਕੇ ਮੰਨੇ ਗਏ ਤੇ ਪਰਮਾਰਥ ਸਿਧਾਂਤ ਦੇ ਜਾਨਣ ਵਿਚ ਤੇ (ਸਬਦਾਰਥ) ਗੁਰਾਂ ਦੇ ਸਬਦ ਦੇ ਅਰਥ ਜਾਨਣ ਮੇਂ (ਪ੍ਰਬੀਨ) ਚਤੁਰ ਹੋਏ ਭਾਵ ਇਹ ਕਿ ਸਿਧਾਂਤ ਦੇ ਜਾਨਣ ਮੇਂ ਤੇ ਗੁਰਾਂ ਦੇ ਸਬਦ ਦੇ ਅਰਥ ਜਾਨਣ ਨਾਲ ਚਤੁਰ ਹੋਏ ॥

ਅਧਯਾਤਮ ਕਰਮ ਕਰ ਆਤਮ ਪ੍ਰਵੇਸ
ਪਰਮਾਤਮ ਪ੍ਰਵੇਸ ਸਰਬਾਤਮ ਲਿਉ ਲੀਨ ਹੈ।

ਅਧਯਾਤਮ ਕਰਮ ਨਿਸ਼ਕਾਮ ਕਰਮ ਕਰਕੇ ਭਾਵ ਮਨ ਕਰਕੇ ਪੂਜਾ ਵਾਹਿਗੁਰੂ ਦੀ ਕਰਦੇ ਰਹਿੰਦੇ ਹਨ ਅਰ ਸੇਵਾ ਕੀਤੀ ਦਾ ਫਲ ਨਹੀਂ ਮੰਗਦੇ ਏਸੇ ਵਾਸਤੇ ਆਤਮ (ਪ੍ਰਵੇਸ਼) ਜੀਵ ਨੂੰ ਸ਼ੁਧ ਕੀਤਾ ਅੰਦਰ ਵਾਲੇ ਆਪਣੇ ਆਪ ਮਨ ਦੇ ਵਿਚ ਨਿਵਾਸ ਕੀਤਾ ਤੇ ਫੇਰ ਪ੍ਰਮਾਤਮਾ (ਪ੍ਰਵੇਸ਼) ਪ੍ਰਮਾਤਮਾ ਜੋ ਵਾਹਿਗੁਰੂ ਹੈ ਉਸ ਵਿਚ ਨਿਵਾਸ ਕੀਤਾ ਅਰ ਆਪਣੇ ਆਪ ਨੂੰ ਸੰਪੂਰਨ ਕੀਤਾ (ਸ੍ਰਬਾਤਮ) ਸਾਰਿਆਂ ਜੀਵਾਂ ਦੇ ਮਨਾਂ ਵਿਚ ਵਾਹਿਗੁਰੂ ਲੀਨ ਹੋਇਆ ਹੋਇਆ ਜਾਣਦੇ ਨੇ ਅਥਵਾ ਏਸੇ ਵਾਸਤੇ (ਸਰਬਾਤਮ) ਆਪਣਾ ਆਪ ਰੂਪ ਸਭ ਆਤਮਾ ਤੇ ਹੈ ਤਿਸ ਵਿਚ ਲਿਵ ਉਨ੍ਹਾਂ ਦੀ ਲਗੀ ਰਹਿੰਦੀ ਹੈ ॥

ਜੋਤੀ ਮਿਲੇ ਤਤ ਜੋਤੀ ਜੋਤਿ ਕੈ ਪਰਮ ਜੋਤਿ
ਪ੍ਰੇਮ ਰਸ ਬਸ ਭਏ ਜੈਸੇ ਜਲ ਮੀਨ ਹੈ॥੮੧॥੧੧੫॥

ਉਹ ਐਸੇ ਗੁਰਮੁਖ ਵਿਚ ਸ੍ਰੀ ਗੁਰਾਂ ਦੇ ਚਰਨ ਕਮਲਾਂ ਦਾ ਜੋ ਪ੍ਰੇਮ ਰਸ ਅੰਮ੍ਰਿਤ ਹੈ ਉਸ ਦੇ ਵਸ ਹੋਏ ਰਹਿੰਦੇ ਹਨ ਜਿਸ ਤਰਾਂ ਜਲ ਵਿਚ (ਮੀਨ) ਮਛੀ

ਚਲੀ ਜਾਂਦੀ ਹੈ ॥

(ਸਿਖ) ਪਰ ਉਹ ਸਰੀਰ ਛਡਕੇ ਕਿਥੇ ਜਾਂਦੇ ਹਨ ॥

(ਭਾਈ ਜੀ) (ਤਤੇ ਮਿਲੇ ਤਤ) ਤਤਾਂ ਨਾਲ ਤਤ ਮਿਲ ਜਾਂਦੇ ਹਨ ਭਾਵ ਕਿ ਅਗਨੀ ਨਾਲ ਉਨਾਂ ਦੀ ਅਗਨੀ ਮਿਲ ਜਾਂਦਾ ਹੈ ਤੇ ਧਰਤੀ ਨਾਲ ਧਰਤੀ ਭਾਵ ਮਿਟੀ ਨਾਲ ਮਿਟੀ ਤੇ ਜਲ ਨਾਲ ਜਲ ਅਕਾਸ਼ ਨਾਲ ਅਕਾਸ਼ ਤੇ ਪਵਨ ਨਾਲ ਪਵਨ ਮਿਲ ਜਾਂਦਾ ਹੈ (ਪਰਮ ਜੋਤਿ) ਵਾਹਿਗੁਰੂ ਦੀ ਜੋਤ ਨਾਲ ਉਨਾਂ ਦੀ ਜੋਤ ਮਿਲ ਜਾਂਦੀ ਹੈ। ਜਿਸ ਪਰ ਦ੍ਰਿਸ਼ਟਾਂਤ ਹੈ

ਜਿਉਂ ਜਲ ਮਹਿ ਜਲੁ ਆਇ ਖਟਾਨਾ।
ਤਿਉਂ ਜੋਤੀ ਸੰਗਿ ਜੋਤਿ ਸਮਾਨਾ ॥ ੯੧ ॥ ੧੧੫ ॥

ਅਧਯਾਤਮ ਕਰਮ ਪ੍ਰਮਾਤਮ ਪਰਮ ਪਦ
ਤਤ ਮਿਲ ਤਤਹਿ ਪਰਮ ਤਤਵਾਸੀ ਹੈ ॥

(ਤਤ) ਪੰਜਾਂ ਤਤਾਂ ਨਾਲ ਪੰਜ ਤਤ ਮਿਲ ਗਏ ਭਾਵ ਸ਼ੁਧ ਰੂਪ ਗੁਰਾਂ ਨਾਲ ਜੋ ਜੀਵ ਮਿਲੇ ਹਨ ਉਹੋ ਹੀ (ਅਧਯਾਤਮ) ਨਿਸ਼ਕਾਮ ਕਰਮ ਕਰਦੇ ਹਨ ਪ੍ਰਮਾਤਮ (ਪਰਮਪਦ) ਵਾਹਿਗੁਰੂ ਜੋ ਉਤਕ੍ਰਿਸ਼ਟ ਉਚਾ ਹੈ ਸਭਨਾਲੋਂ ਉਸ ਦੀ ਪ੍ਰਾਪਤੀ ਵਾਸਤੇ ਇਸੀ ਵਾਸਤੇ ਉਹ ਜੀਵ (ਪਰਮ ਤਤ) ਵਾਹਿਗੁਰੂ ਵਿਚ (ਵਾਸੀ) ਵੱਸਣ ਵਾਲਾ ਹੋਂਦਾ ਹੈ ਵਾ ਨਾਮ ਜਪਕੇ ਵਾਹਿਗੁਰੂ ਵਿਚ ਵਸਦਾ ਹੈ

ਨੋਟ ਇਹ ਪੰਗਤੀ ਅਨਵੈ ਇਸ ਤਰਾਂ ਹੈ ਜੈਸਾ ਕਿ ਅਗੇ

੧–ਤਤ ਮਿਲ ਤਤਹਿ ਤਤਾਂ ਨਾਲ ਤਤ ਮਿਲੇ।
੨–ਅਧਯਾਤਮ ਕਰਮ। ਨਿਸ਼ਕਾਮ ਕਰਮ ਕੀਤੇ
੩–ਪ੍ਰਮਾਤਮ ਪਰਮ ਪਦ। ਵਾਹਿਗੁਰੂ ਜੋ ਉਚਾ ਹੈ ਸਭ ਨਾਲੋਂ
੪–ਪਰਮ ਤਤ ਵਾਸੀ ਹੈ। ਵਾਹਿਗੁਰੂ ਵਿਚ ਨਿਵਾਸ ਕੀਤਾ।

ਸਬਦ ਬਿਬੇਕ ਟੇਕ ਏਕ ਹੀ ਅਨੇਕ ਮੇਕ
ਜੰਤ੍ਰ ਧੁਨਿ ਰਾਗ ਨਾਦ *ਅਨ ਭੈ ਅਭ੍ਯਾਸੀ ਹੈ ॥

ਜਿਨੀ ਗੁਰਮੁਖਾਂ ਨੇ ਸਦ ਗੁਰਾਂ ਦੇ (ਸਬਦ) ਉਪਦੇਸ਼ ਤੇ ਬਿਬੇਕ ਵਿਚਾਰ ਦੀ ਟੇਕ (ਟੇਕ) ਓਟ ਲਈ ਅਤੇ ਤਿਆ ਜਾਣਿਆ ਕਿ ਇਕ ਵਾਹਿਗੁਰੂ ਹੀ ਅਨੇਕਾਂ ਜੀਵਾਂ ਵਿਚ (ਮੇਕ) ਮਿਲਿਆ ਹੋਇਆ ਜਾਣਿਆ।

(ਸਿਖ) ਕਿਸ ਤਰਾਂ ਜਾਣਿਆਂ ॥

(ਭਾਈ ਜੀ) ਜਿਸ ਤਰਾਂ (ਜੰਤ੍ਰ) ਵਾਜੇ ਦੀ ਧੁਨਿ ਆਵਾਜ਼ (ਰਾਗ) ...

---

*ਅਨਭੈ ਦਾ ਇਉਂ ਭੀ ਅਰਥ ਕਰਦੇ ਹਨ ਕਿ ਆਪਣੀ ਦਲੀਲ ਨਾਲ ਜਦ ਵੇਖਿਆ ਤਾਂ ਇਕ ਹੀ ਪ੍ਰਮਾਤਮਾ ਹੈ ਉਸ ਅਨੁਭਵ ਦੇ ਅਭਿਆਸੀ ਹੋਏ ॥

ਦਾ ਤੇ (ਨਾਦ) ਅਵਾਜ਼ ਦਾ ਸ਼ਬਦ ਵ ਬੋਲ ਜੋ ਹੈ ਉਸ ਨਾਲ ਮਿਲੀ ਹੋਈ ਹੋਈ ਹੈ ਇਸੀ ਤਰਾਂ ਤਰਨਾ ਵਾਹਿਗੁਰੂ ਨੂੰ ਸਾਹਿਆਂ ਵਿਚ ਮਿਲਾਇਆ ਹੋਯਾ ਜਾਣਿਆਂ ਅਤੇ (ਅਨਭੈ) ਵਾਹਿਗੁਰੂ ਦੇ (ਅਭਿਆਸੀ) ਨਾਮ ਜਪਣ ਦੇ ਉਦਮੀ ਹੋਏ ॥

ਦਰਸ ਧਿਆਨ ਉਨਮਾਨ ਪ੍ਰਾਨ *ਪ੍ਰਾਨਪਤਿ
ਅਬਿਗਤਿ ਗਤਿ ਅਤਿ ਅਲਖ ਬਿਲਾਸੀ ਹੈ।

ਗੁਰਾਂ ਦੇ ਦਰਸਨ (ਧਿਆਨ) ਦੇਖਣ ਦਾ (ਉਨਮਾਨ) ਵਿਚਾਰ ਕੀਤਾ ਪ੍ਰਾਨੀ ਕਰਕੇ ਭਾਵ ਗੁਰਾਂ ਦੇ ਦਰਸਨ ਦਾ ਵਿਚਾਰ ਉਨਾਂ ਦੇ ਮਨ ਵਿਚ ਵਸਦਾ ਹੈ ਅਤੇ (ਪ੍ਰਾਨ ਪਤਿ) ਵਾਹਿਗੁਰੂ ਦਾ ਜੀਵ ਵਿਚ ਵੀ ਵਿਚਾਰ ਹੈ ਅਤੇ (ਅਬਿਗਤਿ) ਜਿਸ ਜਗਾ ਸਾਡੀ ਗਤੀ ਨਾ ਹੋਏ ਉਸ ਵਾਹਿਗੁਰੂ ਪਾਸ (ਗਤਿ) ਪਹੁੰਚੇ ਵ ਉਨ੍ਹਾਂ ਗੁਰਮੁਖਾਂ ਦੀ ਅਸਚਰਜ (ਗਤਿ) ਕੀਤੀ ਹੈ ਅਤੇ (ਅਲਖ) ਵਾਹਿਗੁਰੂ ਦੇ (ਬਿਲਾਸੀ) ਅਨੰਦ ਲੈਣ ਵਾਲੇ ਹੋਏ ॥

ਅੰਮ੍ਰਿਤ ਕਟਾਛਕ ਦਿਬ੍ਯ ਦੇਹ ਕੈ ਬਿਦੇਹ ਭਏ
ਜੀਵਨ ਮੁਕਤਿ ਕੋਊ ਬਿਰਲੋ ਉਦਾਸੀ ਹੈ॥੧੨॥੧੧੯

(ਸਿਖ) ਓਹ ਗੁਰਮੁਖ ਅਗੋਂ ਵੀ ਕਿਸੇ ਉਪਰ ਕਿਰਪਾ ਕਰ ਸਕਦੇ ਹਨ (ਭਾਈਜੀ) ਹੋਰਨਾਂ ਉਪਰ ਭੀ (ਅੰਮ੍ਰਿਤ ਕਟਾਛਕ) ਕਿਰਪਾ ਦ੍ਰਿਸ਼ਟੀ ਕਰਦੇ ਹਨ ਤੇ (ਦਿਬ੍ਯ) ਸੁਭ [illegible] ਵਾਲੀ ਦੇਹ ਦੇ (ਕੈ) ਹੁੰਦਿਆਂ ਹੀ (ਬਿਦੇਹ) ਜੀਵਨ ਮੁਕਤੀ ਦਾ ਦੇਹ [illegible] ਤੇ ਰਹਿਤ ਹੋਏ ਪਰ ਇਸ ਤਰਾਂ ਦਾ ਜੋ ਜੀਵਨ ਮੁਕਤੀ ਨੂੰ ਪ੍ਰਾਪਤ ਹੋਇਆ ਹੈ ਓਹ ਕੋਈ ਵਿਰਲਾ ਹੀ ਉਦਾਸੀ ਮਹਾਤਮਾ ਸੰਸਾਰ ਤੋਂ ਉਦਾਸ ਹੈ ਵਾ ਗੁਰੂ ਜਿਸ ਤੇ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ ॥੧੨॥੧੧੯॥

ਸਿਖ-ਐਸੇ ਜੋ ਗੁਰਮੁਖ ਜੀਵਨ ਮੁਕਤੀ ਹੋਏ ਹਨ ਤੇ ਵਾਹਿਗੁਰੂ ਦਾ ਅਨੰਦ ਲੈਂਦੇ ਹਨ ਉਹਨਾਂ ਨੇ ਸੰਸਾਰ ਨੂੰ ਕੀ ਸਮਝਿਆ ਹੋਇਆ ਹੈ ਸੋ ਮੈਨੂੰ ਚੰਗੀ ਤਰਾਂ ਵਰਨਨ ਕਰਕੇ ਦਸੋ ॥

ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ
ਤਾਰਕਾ ਮੰਡਲ ਪਰਭਾਤ ਨ ਦਿਖਾਈਐ।

ਭਾਈ ਜੀ-ਜੈਸੇ ਜਿਤਨੇ ਚਿਰ ਜੀਵ ਨੂੰ ਸੁਤਿਆਂ ਪਿਆਂ ਰਾਤ ਨੂੰ ਸੁਪਨਾ ਆਉਂਦਾ ਹੈ ਤੇ ਉਤਨਾ ਚਿਰ ਹੀ (ਚਿਤ੍ਰ) ਸੁੰਦਰ (ਚਰਿਤ੍ਰ) ਦਿਖਾਈ ਦੇਂਦੇ ਹਨ ਜਿਸ ਵਕਤ (ਜਾਗਤ) ਜਾਗਿਆ ਤੇ ਜੀਵ ਨੂੰ ਹੋਸ਼ ਆਈ ਤਾਂ ਉਨ੍ਹਾਂ

---

* ਪ੍ਰਾਨਪਤਿ ਸਤਿਗੁਰਾਂ ਦਾ ਨਾਮ ਵੀ ਹੈ ਕਿ ਸਤਿਗੁਰਾਂ ਦੇ ਦਰਸਨ ਦੇ ਵਿਚਾਰਵਾਨ ਹੋਏ॥

ਚਮਤਕਾਰਿਆਂ ਵਿਚੋਂ ਕੁਝ ਨਹੀਂ ਦਿਸਦਾ ਇਸਤ੍ਰਾਂ ਹੀ ਝੂਠਾ ਸੰਸਾਰ ਨੂੰ ਸਮਝਿਆ ਹੈ ਗੁਰਮੁਖਾਂ ਨੇ ਤੇ ਜੈਸੇ (ਤਾਰਕਾ) ਤਾਰਿਆਂ ਦਾ (ਮੰਡਲ) ਅੰਧਕਾਰ ਰਾਤ ਨੂੰ ਨਜ਼ਰ ਆਉਂਦਾ ਹੈ ਪਰ (ਪਰਭਾਤ) ਸਵੇਰ ਦੇ ਵਕਤ ਕੋਈ ਭੀ ਨਹੀਂ ਦਿਖਾਈ ਦੇਂਦਾ ਕਿਆ ਨਜ਼ਰ ਨਹੀਂ ਆਉਂਦਾ ॥

ਤਰਵਰ ਛਾਇਆ ਲਘੁ ਦੀਰਘ ਚਪਲ ਬਲ
ਤੀਰਥ ਪੁਰਬ ਜਾਤ੍ਰਾ ਥਿਰ ਨ ਰਹਾਈਐ ।

ਹੋਰ ਦ੍ਰਿਸ਼ਟਾਂਤ—ਜੈਸੇ ਤਰਵਰ) ਕਿਸੇ ਬ੍ਰਿਛ ਦੀ ਛਾਂ (ਚਪਲਾ) ਚੰਚਲ ਹੈ ਭਾਵ ਕਿਆ ਸੂਰਜ ਦੇ ਬਲ ਕਰਕੇ ਕਦੇ (ਲਘੁ) ਛੋਟੀ ਹੋ ਜਾਂਦੀ ਹੈ ਤੇ ਕਦੀ (ਦੀਰਘ) ਵਡੀ ਹੋ ਜਾਂਦੀ ਹੈ ਭਾਵ ਜੈਸੇ ਬ੍ਰਿਛ ਦੀ ਛਾਂ ਇਸਥਿਤ ਨਹੀਂ ਰਹਿੰਦੀ ਇਸੀ ਤਰਾਂ ਇਹ ਸੰਸਾਰ ਚਲਨਹਾਰ ਤੇ ਝੂਠਾ ਗੁਰਮੁਖਾਂ ਨੇ ਸਮਝਿਆ ਹੋਇਆ ਹੈ ਜੈਸੇ ਤੀਰਥਾਂ ਤੇ ਪੁਰਬ ਲਗਨ ਪਰ (ਜਾਤ੍ਰਾ) ਜੋ ਦੁਨੀਆਂ ਚਲ ਕੇ ਆਉਂਦੀ ਹੈ (ਥਿਰ) ਇਸਥਿਤ ਨਹੀਂ ਰਹਿੰਦੀ ਭਾਵ ਦੇਖਦਿਆਂ ੨ ਹੀ ਦੁਨੀਆਂ ਇਕੱਠੀ ਹੋ ਜਾਂਦੀ ਹੈ ਤੇ ਦੇਖਦਿਆਂ ਦੇਖਦਿਆਂ ਹੀ ਅਲੋਪ ਹੋ ਚਲੀ ਜਾਂਦੀ ਹੈ ਇਸੀ ਤਰਾਂ ਸੰਸਾਰ ਚਲਨਹਾਰ ਝੂਠਾ ਗੁਰਮੁਖਾਂ ਨੇ ਸਮਝਿਆ ਹੈ ॥

ਨਦੀ ਨਾਵ ਕੋ ਸੰਜੋਗ ਲੋਗ ਬਹੁਰੋ ਨ ਮਿਲੈ
ਗੰਧ੍ਰਬ ਨਗਰ ਮ੍ਰਿਗ ਤ੍ਰਿਸਨਾ ਬਿਲਾਈਐ ।

ਜੈਸੇ ਨਦੀ ਨੂੰ ਲੰਘਣ ਲਗਿਆਂ (ਨਾਵ) ਬੇੜੀ ਵਿਚ ਲੋਕਾਂ ਦਾ ਆਪੋ ਵਿਚ ਦੀ (ਸੰਜੋਗ) ਮਿਲਾਪ ਹੁੰਦਾ ਹੈ ਪਰ ਜਿਸ ਵਕਤ ਬੇੜੀ ਵਿਚੋਂ ਪਾਰ ਉਤਰ ਜਾਂਦਾ ਹੈ ਤਾਂ ਫਿਰ ਇਕ ਦੂਜੇ ਨਾਲ ਕੋਈ ਨਹੀਂ ਮਿਲਦਾ ਹੈ ਇਸੀ ਤਰਾਂ ਸੰਸਾਰ ਚਲਨਹਾਰ ਝੂਠਾ ਗੁਰਮੁਖਾਂ ਨੇ ਸਮਝਿਆ ਹੈ ਜੈਸੇ (ਗੰਧ੍ਰਬ ਨਗਰ) ਧੂਏਂ ਦਾ ਪਹਾੜ ਬਦਲਾਂ ਵਾਂਗੂੰ ਬਣਿਆ ਹੁੰਦਾ ਹੈ ਕਈ ਹਰੀਚੰਦੌਰੀ ਨਗਰੀ ਭੀ ਆਖਦੇ ਹਨ ਕਿ ਦੇਖਦਿਆਂ ੨ ਉਹ ਅਕਾਸ਼ ਵਿਚ ਛਪ ਜਾਂਦੀ ਹੈ ਫਿਰ ਜੈਸੇ ਮ੍ਰਿਗ ਤ੍ਰਿਸਨਾ ਦਾ ਜਲ (ਬਿਲਾਈਐ) ਛਿਨ ਮੇਂ ਦੂਰ ਹੋ ਜਾਂਦਾ ਹੈ ॥

ਨੋਟ—ਸੂਰਜ ਦੀ ਧੁਪ ਨਾਲ ਰੇਤ ਤਪਦੀ ਹੈ ਤੇ ਉਹ ਹਰਨ ਨੂੰ ਨਦੀ ਦਾ ਜਲ ਨਜ਼ਰ ਆਉਂਦਾ ਹੈ ਸੋ ਉਸਨੂੰ ਦੇਖਕੇ ਪੀਣ ਵਾਸਤੇ ਦੌੜਕੇ ਆਉਂਦਾ ਹੈ ਅਤੇ ਅਗੇ ਉਸ ਜਗ੍ਹਾ ਬਹੁਤ ਧੁਪ ਨਾਲ ਰੇਤ ਤਪਦੀ ਹੁੰਦੀ ਹੈ ਉਸ ਨੂੰ ਬੇਅਕਲ ਬੇਹੋਸ਼ ਹੋ ਜਾਂਦਾ ਹੈ ਫਿਰ ਉਸਨੂੰ ਪਾਣੀ ਦਾ ਪਤਾ ਨਹੀਂ ਹੁੰਦਾ ਹੈ ਤੇ ਇਸ ਤਰ੍ਹਾਂ ਉਹ ਰੇਤ ਸੁਖਦਾਈ ਦੀ ਦੁਖਦਾਈ ਬਨ ਜਾਂਦੀ ਹੈ ਇਸ ਵਿਚੋਂ ਭਾਵ ਇਹੋ ਹੀ ਲੈਣਾ ਹੈ ਕਿ ਉਹ ਮ੍ਰਿਗ ਤ੍ਰਿਸਨਾ ਜਲਦੀ ਨਾਲ ਦੂਰ ਹੋ ਜਾਂਦੀ ਹੈ ਅਰ ਜਿਸ ਤਰ੍ਹਾਂ ਜਿਸਤਰਾਂ ਕੂੜ ਮਿਥਿਆ ਰੂਪ ਹੈ ਇਸੀ ਤਰਾਂ ਸੰਸਾਰ ਝੂਠਾ ਹੈ ॥

ਤੈਸੇ ਮਾਯਾ ਮੋਹ ਧ੍ਰੋਹ ਕੁਟੰਬ ਸਨੇਹ ਦੇਹ
ਗੁਰਮੁਖ ਸਬਦ ਸੁਰਤਿ ਲਿਵ ਲਾਈਐ ॥੮੩॥੧੧੭॥

ਤੈਸੇ ਹੀ ਗੁਰਮੁਖਾਂ ਨੇ ਮਾਯਾ ਦਾ ਮੋਹ (ਧ੍ਰੋਹ) ਠਗੀ ਵਾਲਾ ਛਲ ਜਾਨ ਵਾਲਾ ਸਮਝਿਆ ਹੈ ਭਾਵ ਮਾਯਾ ਵਿਚ ਪ੍ਰੇਮ ਨਹੀਂ ਕਰਦੇ ਕਿਉਂਕਿ ਮਾਯਾ ਦਾ ਮੋਹ ਥੋੜਾ ਸੁਖਦਾਈ ਹੈ ਤੇ ਬਹੁਤਾ ਦੁਖਦਾਈ ਹੈ ਇਸੀ ਤ੍ਰਾਂ ਪ੍ਰਚਾਰ ਦਾ ਤੇ ਦੇਹ ਦਾ (ਸਨੇਹ) ਪ੍ਰੇਮ ਹੈ ਭਾਵ ਥੋੜਾ ਸੁਖਦਾਈ ਤੇ ਬਹੁਤ ਦੁਖਦਾਈ ਹੈ ਇਸ ਵਾਸਤੇ ਇਸ ਗਲ ਨੂੰ ਸਮਝਕੇ ਗੁਰਮੁਖ ਗੁਰਾਂ ਦੇ (ਸਬਦ) ਉਪਦੇਸ਼ ਦੀ (ਸੁਰਤਿ) ਧਿਆਨ ਵਿਚ (ਲਿਵ) ਪ੍ਰੀਤੀ ਦਾ ਬਿਰਤੀ ਲਗਾਉਂਦੇ ਹਨ ਭਾਵ ਪ੍ਰੇਮ ਨਾਲ ਗੁਰਾਂ ਦਾ ਉਪਦੇਸ਼ ਸੁਣਦੇ ਹਨ ॥੮੩॥੧੧੭॥

ਨੈਹਰ ਕੁਆਰ ਕੰਨਿਆ ਲਾਡਲੀ ਕੈ ਮਾਨੀਅਤਿ
ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ।

ਸਿਖ—ਸਾਰੇ ਆਦਮੀ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਿਉਂ ਨਹੀਂ ਕਰਦੇ ਤੇ ਕਿਉਂ ਸੰਸਾਰ ਦੇ ਸੁਖਾਂ ਵਿਚ ਲਗੇ ਰਹਿੰਦੇ ਹਨ ॥

ਭਾਈ ਜੀ—ਓਹ ਅਗੇ ਜਾਕੇ ਅਕਾਲ ਪੁਰਖ ਪਾਸ ਬੇਮੁਖ ਬਣਨਗੇ ਤੇ ਉਹਨਾਂ ਨੂੰ ਧਕੇ ਮਿਲਨਗੇ ਪਰ ਏਥੇ ਓਹ ਭਾਵੇਂ ਸੁਖ ਪਾ ਲੈਣ ਸੰਸਾਰ ਵਿਚ ਵਡੇ ਬਨਕੇ।

ਸਿਖ — ਤਿਸਪਰ ਆਪ ਕੋਈ ਦ੍ਰਿਸ਼ਟਾਂਤ ਦਿਓ ॥

ਭਾਈ ਜੀ—ਜੈਸੇ (ਨੈਹਰ) ਪੇਕੇ ਪਿਤਾ ਦੇ ਘਰ (ਕੁਆਰ) ਕੰਨਿਆ ਕੁਮਾਰ ਲੜਕੀ ਲਾਡਲੀ (ਕੈ) ਪਿਆਰੀ ਕਰਕੇ ਮੰਨੀਦੀ ਹੈ ਭਾਵ ਕੀ ਕਿ ਪਿਤਾ ਦੇ ਘਰ ਧੀ ਬੜਾ ਲਾਡ ਕਰਦੀ ਹੈ ਤੇ ਲਾਡਲੀ ਬਨੀ ਰਹਿੰਦੀ ਹੈ ਅਤੇ ਸਾਰੇ ਲੋਕਾਂ ਨੂੰ ਪਿਆਰੀ ਲਗਦੀ ਹੈ ਪਰ ਜਿਸ ਵਕਤ (ਬਿਆਹੇ) ਵਿਆਹੀ (ਸਸੁਰਾਰ) ਸਾਹੁਰੇ ਜਾਵੇ ਤਾਂ ਗੁਣਾਂ ਕਰਕੇ ਚੰਗੀ ਮੰਨੀ ਜਾਂਦੀ ਹੈ ਭਾਵ ਜਦ ਸਾਹੁਰੇ ਜਾਵੇ ਤਾਂ ਕੁਝ ਗੁਣ ਕਸੀਦਾ ਆਦਿਕ ਸਿਖੀ ਹੋਵੇ ਤਾਂ ਚੰਗੀ ਲਗਦੀ ਹੈ ॥

ਬਨਜ ਬਿਓਹਾਰ ਲਗ ਜਾਤ ਹੈ ਬਿਦੇਸ ਪ੍ਰਾਨੀ
ਕਰੀਐ ਸਪੂਤ ਲਾਭ ਲਭਤ ਕੈ ਆਨੀਐ।

ਹੋਰ ਦ੍ਰਿਸ਼ਟਾਂਤ ਜੈਸੇ (ਬਨਜੁ ਬਿਉਹਾਰ) ਸੌਦੇ ਦੇ ਖਰੀਦਣ ਅਤੇ ਵੇਚਣ ਇਤਆਦਿਕ ਵਿਹਾਰ ਕਰਨ ਵਾਸਤੇ (ਪ੍ਰਾਨੀ) ਜੀਵ ਦੇਸ ਬਿਦੇਸ ਚਲਾ ਜਾਂਦਾ ਹੈ ਜੇ ਲਾਭ ਲਭਕੇ (ਕੈ) ਲਾਭ ਲੈਕੇ ਤਿਆਂ ਘਰੇ ਬਹੁੜੇ (ਆਨੀਐ) ਲੈ ਆਵੇ ਉਹ ਸਪੂਤ ਸੁਪੁਤ੍ਰ ਪੁਤ੍ਰ ਕਿਹਾ ਜਾਂਦਾ ਹੈ (ਕਰੀ ਸਪੂਤ) ਵਿਹਾਰ ਵਿਚ

ਪ੍ਰਗਟ ਕਿਆ ਜੈਂਦੇ ਹਾਲਤ ॥

ਜੈਸੇ ਤੌ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ

ਜਾਇ ਜੀਤ ਆਵੈ ਸੋਈ*ਸੁਭਟ ਬਖਾਨੀਐ ।

ਹੋਰ ਦ੍ਰਿਸ਼ਟਾਂਤ-ਜੈਸੇ (ਸੰਗ੍ਰਾਮ) ਜੁਧ ਭੂਮਕਾ ਵਿਚ ਜੰਗਾਦੇ ਵੇਲੇ ਜੋਧਾ ਪਰਾਏ ਦਲ ਵਿਚ ਅਕੱਲਾ ਜਾਵੇ ਅਤੇ ਜਿੱਤਕੇ ਆਵੇ ਓਹੋ ਹੀ (ਸੁਭਟ) ਸ੍ਰੇਸ਼ਟ ਸੂਰਮਾ ਕਿਹਾ ਜਾਂਦਾ ਹੈ ਭਾਵੇਂ ਘਰ ਵਿਚ ਬਥੇਰੇ ਗਲਾਂ ਮਾਰਦੇ ਨੇ ਕਿ ਮੈਂ ਵੈਰੀਆਂ ਨੂੰ ਐਂਵੇ ਹੀ ਮਾਰ ਲਵਾਂਗਾ ਪਰ ਜਿੰਨਾਂ ਫਿਰ ਜੰਗ ਵਿਚ ਜਾਕੇ ਜਿੱਤ ਨੂੰ ਜਿਤਕੇ ਨਾ ਦਸੇ ਓਨਾਂ ਫਿਰ ਉਸਨੂੰ ਸੂਰਮਾ ਕੌਣ ਕਹਿੰਦਾ ਹੈ ॥

ਮਾਨਸ ਜਨਮ ਪਾਇ ਚਰਨ ਸਰਨ ਗੁਰ

ਸਾਧ ਸੰਗ ਮਿਲੈ ਗੁਰਦ੍ਵਾਰ ਪਹਿਚਾਨੀਐ॥੯੪॥੧੧੮

ਇਸੀਤਰਾਂ ਆਪ ਆਖਦੇ ਹਨ ਕਿ ਮਾਨੁਸ਼ ਜਨਮ ਤਾਂ ਸਾਰਿਆਂਨੂੰ ਮਿਲਿਆ ਹੋਇਆ ਹੈ ਪਰ ਸਫਲ ਮਾਨਸ਼ ਜਨਮ ਉਹਨਾਂ ਦਾ ਹੀ ਪਾਯਾ ਹੋਇਆ ਹੈ ਜੋ ਗੁਰਾਂ ਦੇ ਚਰਨਾਂ ਦੀ ਸ਼ਰਨ ਆਏ ਹਨ ਤੇ ਗੁਰਾਂ ਦੇ ਸਿਖਾਂ ਦੀ ਸਾਧ ਸੰਗਤ ਵਿਚ ਮਿਲੇ ਹਨ ਜੋ ਓਹੋ ਹੀ (ਗੁਰਦ੍ਵਾਰ) ਮੁਖੀ ਸਿਰੋਮਣੀ (ਪਹਿਚਾਨੀਐ) ਜਾਣੀਏ ਨੇ ਤੇ ਮਾਨਸ਼ ਜਨਮ ਪਾਕਰ ਜੋ ਗੁਰਾਂ ਦੀ ਸ਼ਰਨ ਨੂੰ ਨਹੀਂ ਆਏ ਓਹ ਮਨੁਖ ਨਹੀਂ ॥੯੪॥੧੧੮॥

ਨੈਹਰ ਕੁਟੰਬ ਤਜ ਬਿਆਹੇ ਸਸੁਰਾਰ ਜਾਇ

ਗੁਨਨ ਕੈ ਕੁਲ ਬਧੂ ਬਿਰਧ ਕਹਾਵਈ ।

ਅਬ ਆਪ ਪਿਛਲੇ ਹੀ ਪ੍ਰਸੰਗ ਨੂੰ ਹੋਰਵੂੰ ਨਾਲ ਦ੍ਰਿਸ਼ਟਾਂਤ ਦੇ ਕੇ ਆਖਦੇ ਨੇ ਜੈਸੇ (ਨੈਹਰ) ਪੇਕੇ ਪਿਤਾ ਦੇ ਘਰ ਦਾ ਪਰਵਾਰ ਛੋਡਕੇ ਇਸਤ੍ਰੀ ਬਿਆਹੀ (ਸਸੁਰਾਰ) ਸਾਹੁਰੇ ਜਾਂਦੀ ਹੈ ਪਰ ਪਿਛੋਂ ਜੇ ਗੁਨ ਕਥਨ ਕਰੇ ਤਾਂ ਓਹਨਾਂ ਗੁਣਾਂ ਕਰਕੇ (ਕੁਲਬਧੂ) ਵਡੀ ਕੁਲ ਦੀ ਇਸਤ੍ਰੀ (ਬਿਰਧ) ਵਡੀ ਕਹਾਵੇਗੀ ਭਾਵ

---

*ਇਸ ਪੰਗਤੀ ਵਿਚ ਕਈ ਜਾਗਾ ਸੁਭਟ ਪਦ ਦੇ ਮਗਰ ਸੂਰੇ ਦੀ ਪਾਠ ਹੁੰਦਾ ਹੈ ਸੋ ਓਹ ਦੋ ਅਖਰ ਜਿਆਦਾਹੋਨ ਭਾਵ ਅਗਲਾ, ਪਯਅਖਰਾਂ ਦਾ ਬਿਸ੍ਰਾਮ ਸਤਾਰਾਂ ਦਾ ਹੋ ਜਾਂਦਾ ਹੈ ਜੇਕਰ ਇਹ ਦੋ ਅਖਰ ਰਖਣੇ ਹੋਣ ਤਾਂ ਪਾਠ ਪਦਮ ਅਤੇ ਬਲ ਦੇ ਮਗਰਲਾ ਛੱਡਣਾ ਪਵੇਗਾ ਜੋ ਇਹ ਨਹੀਂ ਨਿਕਲਦਾ ਕਿਉਂਕਿ ਦੋਹ ਬਹੁਤ ਅਰਥ ਦੇਂਦਾਹੈ ਤੇ ਜੋ ਸੂਰੇ ਪਦ ਹੈ ਜੋ ਕੁਝ ਅਰਥ ਨਹੀਂ ਦਿੰਦਾ ਕਿਉਂਕਿ ਜੋ ਸੁਭਟ ਦਾ ਅਰਥ ਅਗਾ ਹੈ ਪਰ ਇਸ ਪੰਗਤੀ ਦਾ ਪਹਿਲਾ ਬਿਸ੍ਰਾਮ ਇਥੇ ਹੀ ਹੁੰਦਾ ਹੈ ਤੇ [illegible] ਪਦ ਅਗੇ ਆਵੇਗਾ ॥

ਕੀ ਕਿ ਜੇਕਰ ਓਹੀ ਗੁਰ ਸਿਖਕੇ ਪੈਣੇ ਜਾਵੇਗੀ। ਤਾਂ ਓਸਦਾ ਆਦਰ ਹੋਵੇਗਾ।

ਪੂਰਨ ਪਤਿਬ੍ਰਤਾ ਐ ਗੁਰਜਨ ਸੇਵਾ ਭਾਇ

ਗ੍ਰਿਹ ਮੈਂ ਗ੍ਰਿਹੇਸਰ ਸੁਜਸੁ ਪ੍ਰਗਟਾਵਈ।

ਅਰ ਪੂਰਨ ਪਤਿਬ੍ਰਤਾ ਧਰਮ ਰਖਣੇ ਸੇ (ਗੁਰਜਨ) ਵਡਿਆਂ ਦੀ ਸੇਵਾ ਭਾਵ ਕੋ ਸਸ ਸਹੁਰੇ ਆਦਿਕ ਦੀ ਸੇਵਾ (ਭਾਇ) ਪ੍ਰੇਮ ਨਾਲ ਕਰਨ ਨਾਲ ਅਰ (ਗ੍ਰਿਹਿ) ਘਰ ਵਿਚ (ਗ੍ਰਿਹੇਸਰਿ) ਸਿਰੋਮਣੀ ਪਟਰਾਣੀ (ਸੁਜਸ) ਚੰਗੇ ਜਸ ਵਾਲੀ ਆਪਣੇ ਪ੍ਰਗਟ ਕਰਦੀ ਹੈ। ਭਾਵ ਕੀ ਕਿ ਜੇਹੜੀ ਸਾਹੁਰੇ ਘਰ ਜਾਕੇ ਆਪਣੇ ਵਡਿਆਂ ਦੀ ਸੇਵਾ ਕਰਦੀ ਹੈ। ਉਹ ਘਰਦੀ ਮਾਲਕਾਨੀ ਬਨ ਜਾਂਦੀ ਹੈ॥

ਅੰਤਕਾਲ ਜਾਇ ਪ੍ਰਿਯਾ ਸੰਗ ਸਹਗਾਮਨੀ ਹ੍ਵੈ

ਲੋਕ ਪਰਲੋਕ ਬਿਖੈ ਊਚ ਪਦ ਪਾਵਈ।

ਓੜਕ ਦੇ ਸਮੇਂ ਨੂੰ ਪਤੀ ਨਾਲ ਉਹਦਾ (ਗਾਮਨੀ) ਚਲਾਣਾ ਹੁੰਦਾ ਹੈ। ਜਿਸ ਕਰਕੇ ਉਹ ਪ੍ਰਲੋਕ ਵਿਚ (ਸਹ) ਸਤੀ ਕਹਾਉਂਦੀ ਹੈ ਅਰ ਇਸ ਲੋਕ ਵਿਚ ਰਹਿਕੇ ਭੀ ਉਚ ਪਦਵੀ ਨੂੰ ਪਾਉਂਦੀ ਹੈ (ਸਹਿਗਾਮਨੀ) ਨਾਲ ਜਾਣ ਵਾਲੀ ਮਰੀ ਸਤੀ॥

ਗੁਰਮੁਖ ਮਾਰਗ ਭੈ ਭਾਇ ਨਿਰਬਾਹੁ ਕਰੈ

ਧੰਨਜ ਗੁਰਸਿਖਣ ਆਦਿ ਅੰਤ ਠਹਿਰਾਵਈ*। ੧੧੯॥

ਪਤਿਬ੍ਰਤਾ ਇਸਤ੍ਰੀ ਦੀ ਤਰਹ ਜੋਹੜਾ ਸਿਖ ਗੁਰਾਂ ਦੇ ਉਪਦੇਸ਼ ਕੀਤੇ ਹੋਏ ਮਾਰਗ ਵਿਚ ਪ੍ਰੇਮ ਨਾਲ ਅਰ ਡਰ ਦੇ ਸਹਿਤ ਚਲਦਾ ਹੈ ਅਰ ਆਪਣੀ ਬਿਰਤੀ ਨੂੰ ਅੰਤ ਪ੍ਰਯੰਤ ਇਕ ਤਰਹ ਸਮਦਰਸੀ ਰਖਦਾ ਹੈ ਉਹਿ ਧਨਭਾਗੀ ਹੋਂਦਾ ਹੈ।

ਨੋਟ-ਇਸਦਾ ਅਰਥ ਇਸ ਤਰਾਂ ਭੀ ਕਰਦੇ ਹਨ ਡਰ ਤੇ (ਭਾਇ) ਪ੍ਰੇਮ ਨਾਲ ਗੁਰਮੁਖਾਂ ਦੇ ਮਾਰਗ ਵਿਚ ਠਹਿਰੇ ਅਰ ਫਿਰ ਅੰਤ ਪ੍ਰਯੰਤ ਨਿਰਬਾਹ ਕਰੇ ਭਾਵ ਉਨ੍ਹਾਂ ਦਾ ਸੰਗ ਨਾ ਛਡੇ ਉਹ ਗੁਰੂ ਕਾ ਸਿਖ ਧੰਨਤਾ ਜੋਗ ਹੋਂਦਾ ਹੈ॥

ਜੈਸੇ ਨ੍ਰਿਪ ਧਾਮ ਭਾਮ ਏਕ ਸੈ ਅਧਿਕ ਏਕ

ਨਾਇਕ ਅਨੇਕ ਰਾਜਾ ਸਬਨ ਲਡਾਵਈ।

ਜੈਸੇ (ਨ੍ਰਿਪ) ਰਾਜਾ ਦੇ (ਧਾਮ) ਘਰ ਮੇਂ (ਭਾਮ) ਇਸਤ੍ਰੀਆਂ ਜਿਨ੍ਹਾਂ ਨਾਲੋਂ ਇਕ ਅਨੇਕਾਂ ਹੀ (ਅਧਿਕ) ਸੁੰਦਰ ਹਨ ਤੇ (ਨਾਇਕ) ਰਾਜਾ ਸਾਰੀਆਂ ਨੂੰ ਇਕੋ ਜਿਹਾ ਹੀ (ਲਡਾਵਈ) ਲਾਡ ਨਾਲ ਅਨੰਦ ਦੇਂਦਾ ਹੈ ...

---

*ਰਸ ਇਸ ਕਬਿਤ ਤੋਂ ਫਿਰ ਅੰਕ ਗਲਤ ਹੋਇਆ ਹੈ॥

ਕਿ ਰਾਜਾ ਦੇ ਘਰ ਵਿਚ ਬਹੁਤ ਰਾਣੀਆਂ ਹਨ ਤੇ ਸਾਰੀਆਂ ਨਾਲ ਪਿਆਰ ਇਕ ਜੇਹਾ ਕਰਦਾ ਹੈ ॥

ਨੋਟ–ਨਾਇਕਾ ਅਨੇਕ ਰਾਜਾ ਸਭਨ ਲਡਾਵਈ। ਜੇਕਰ ਇਸਤਰਾਂ ਪਾਠ ਹੋਵੇ ਤਾਂ ਬਹੁਤ ਅਛਾ ਹੈ ਕਿਉਂ ਕਿ ਬਹੁਤ ਅਖਰ ਅਨ੍ਹੇ ਨਾ ਕਰਨੇ ਪੈਣ ਇਸ ਪੰਗਤੀ ਦਾ ਇਸ ਤਰਾਂ ਅਰਥ ਹੈ ਕਿ ਜਿਸ ਰਾਜਾ ਦੇ ਘਰ ਰਾਣੀਆਂ ਇਕ ਸੇ ਇਕ ਬਹੁਤ ਸੁੰਦਰ ਹੈਂ ਅਤੇ ਸਾਰੀਆਂ (ਨਾਇਕਾ) ਰਾਣੀਆਂ ਨੂੰ ਰਾਜਾ ਅਨੰਦ ਦੇਂਦਾ ਹੈ (ਨਾਇਕ) ਨਾਮ ਪਤੀ ਦਾ ਹੈ ਤੇ (ਨਾਇਕਾ) ਨਾਮ ਇਸਤ੍ਰੀ ਦਾ ਹੈ ਸੋ ਇਹਨਾਂ ਮਾਨਾਂ ਦਾ ਆਪ ਨੂੰ ਅਰਥ ਕਰਕੇ ਦਸ ਦਿਤਾ ਹੈ॥

ਜਨਮਤ ਜਾਕੈ ਸੁਤ ਵਾਹੀ ਕੈ ਸੁਹਾਗ ਭਾਗ
ਸਕਲ ਰਾਨੀ ਮੈ ਪਟਰਾਨੀ ਸੋ ਕਹਾਵਈ।

ਪਰ ਜਿਸ ਦੇ ਘਰ ਪੁਤਰ ਜੰਮੇ ਓਹੋ ਹੀ ਸੁਹਾਗਣਿ ਤੇ ਰਾਜ ਦੇ (ਭਾਗ) ਹਿਸੇ ਵਾਲੀ ਹੋਂਦੀ ਹੈ ਭਾਵ ਓਹੋ ਹੀ ਰਾਜ ਭਾਗ ਦਾ ਹਿਸਾ ਲੈ ਕੇ ਅਨੰਦ ਪਾਉਂਦੀ ਹੈ ਤੇ ਸਾਰੀਆਂ ਰਾਣੀਆਂ ਵਿਚ (ਪਟਰਾਣੀ) ਸਿਰੰਮਣੀ ਰਾਣੀ ਕਹਾਉਂਦੀ ਹੈ ॥

ਅਸਨ ਬਸਨ ਸਿਹਜਾਸਨ ਸੰਜੋਗੀ ਸਬੈ
ਰਾਜ ਅਧਿਕਾਰ ਤੌ ਸਪੂਤੀ ਗ੍ਰਿਹ ਆਵਈ।

(ਅਸਨ) ਭੋਜਨ ਤੇ (ਬਸਨ) ਕਪੜੇ ਤੇ (ਸਿਹਜਾਸਣ) ਸਿਹਜਾ ਦੇ ਆਸਣ ਦਾ ਮਿਲਾਪ ਭਾਵ ਇਤਜਾਦਿਕ ਨਾਲ ਪਿਆਰ ਤੇ ਸਾਰੀਆਂ ਦਾ ਹੈ ਤੇ ਸਭ ਨੂੰ ਰਾਜਾ ਅੰਨ ਬਸਤਰ ਘਰ ਜਾਨ ਦਾ ਅਨੰਦ ਦੇਂਦਾ ਹੈ ਪਰ ਰਾਜ ਦਾ (ਅਧਿਕਾਰ) ਹਿਸਾ ਦਾ ਜੋਗਪਨ ਤਾਂ (ਸਪੂਤੀ) ਜੋ ਸ੍ਰੇਸ਼ਟ ਪੁਤਰ ਵਾਲੀ ਹੈ ਉਸ ਦੇ (ਗ੍ਰਿਹ) ਘਰ ਵਿਚ ਆਉਂਦਾ ਹੈ ਭਾਵ ਰਾਜ ਸਪੂਤੀ ਪੁਤ੍ਰ ਵਾਲੀ ਨੂੰ ਮਿਲਦਾ ਹੈ ॥

ਗੁਰ ਸਿਖ ਸਬੈ ਗੁਰ ਚਰਨ ਸਰਨ ਲਿਵ
ਗੁਰ ਸਿਖ ਸੰਧਿ ਮਿਲੈ ਨਿਜ ਪਦ ਪਾਵਈ ॥ ੧੨੦ ॥

ਇਸੇ ਤਰਾਂ ਗੁਰੂ ਦੇ ਸਿਖ ਤਾਂ ਸਾਰੇ ਹੀ ਕਹਾਉਂਦੇ ਹਨ ਅਰ ਸਾਰੇ ਹੀ ਗੁਰਾਂ ਦੇ ਚਰਨਾਂ ਦੀ ਸਰਨ ਮੇਂ (ਲਿਵ) ਬ੍ਰਿਤੀ ਵ ਪ੍ਰੀਤੀ ਲਾਉਣ ਵਾਲੇ ਆਪ ਨੂੰ ਆਪ ਨੂੰ ਕਹਾਉਂਦੇ ਹਨ ਪਰ ਜੋ ਗੁਰੂ ਕੇ ਸਿਖਾਂ ਦੀ ਵਾ ਗੁਰੂ ਦੀ ਸਿਖਿਆ ਦੀ ਸੰਧਿ (ਮਿਲੌਨੀ) ਵਿਚ ਮਿਲੇ ਹਨ ਓਹੋ ਹੀ (ਨਿਜ ਪਦ) ਆਪਣੇ ਪਰਮ ਸਰੂਪ ਦੀ ਪਾਉਂਦੇ ਹਨ ਭਾਵ ਵਾਹਿਗੁਰੂ ਨੂੰ ਓਹੋ ਹੀ ਮਿਲਦੇ ਹਨ ॥ ੧੨੦ ॥

ਤੁਸ ਮੈਂ ਤੰਦੁਲ ਬੋਏ ਤੇ ਨਿਪਜੈ ਸਹਸ੍ਰ ਗੁਨੈਂ
ਫੇਰ ਧਾਰ ਕਰਤ ਹੈਂ ਪਰਉਪਕਾਰ ਜੀ ।

(ਸਿਖ) ਪਿਛੇ ਜੋ ਆਪ ਨੇ ਆਖਿਆ ਹੈ ਕਿ ਓਹੋ ਹੀ ਨਿਜ ਪਦ ਪਾਉਂਦਾ ਹੈ ਪਰ ਨਿਜ ਪਦ ਘਰ ਦੇ ਧੰਦੇ ਛਡਿਆਂ ਤੋਂ ਸਿਵਾ ਨਹੀਂ ਪਾਇਆ ਜਾਂਦਾ ਭਾਵ ਜੇਕਰ ਜੰਗਲ ਵਿਚ ਜਾ ਕੇ ਨਾਮ ਜਪੀਏ ਤਾਂ ਨਿਜ ਪਦ ਨੂੰ ਪਾਈਦਾ ਹੈ ॥

(ਭਾਈ ਜੀ) ਸਗੋਂ ਘਰ ਵਿਚ ਰਹਿਣ ਕਰਕੇ ਚੰਗਾ ਨਿਜ ਪਦ ਨੂੰ ਪਾਈਦਾ ਹੈ ॥

(ਸਿਖ) ਉਸ ਤਰਾਂ ਸੋਨੂੰ ਵਰਨਨ ਕਰਕੇ ਦਸੋ ॥

(ਭਾਈ ਜੀ) ਜੈਸੇ (ਤੁਸ) ਛਿਲਕਾ ਤੁਆਂ ਦੇ ਵਿਚ (ਤੰਦੁਲ) ਚਾਵਲਾਂ ਨੂੰ ਹੁੰਦਿਆਂ ਹੀ ਭਾਵ ਕੀ ਕਿ ਚਾਵਲ ਛੜੇ ਹੋਏ ਨਾ ਹੋਣ ਤਾਂ ਓਹਨਾਂ ਨੂੰ (ਬੋਏ) ਬੀਜੀਏ ਤਾਂ ਓਹ (ਸਹਸ ਗੁਨੈਂ) ਹਜਾਰ ਗੁਣਾਂ ਅਧੇ (ਨਿਪਜੈ) ਉਗਦੇ ਨੇ ਫਿਰ ਓਹੋ ਹੀ ਚਾਵਲ (ਫੇਰ ਧਾਰ) ਉਗਕੇ ਪਰ ਉਪਕਾਰ ਕਰਦੇ ਹਨ ਭਾਵ ਕੋਈ ਰਿੰਨ੍ਹਦਾ ਹੈ ਉਸਦੀ ਵੀ ਭੁਖ ਦੂਰ ਕਰਦੇ ਹਨ ਤੇ ਪਸ਼ੂ ਕਰੇ ਤੇ ਕਈ ਚੁਨਕੇ ਲੱਭ ਲੈਂਦੇ ਹਨ ਓਨ੍ਹਾਂ ਦੀ ਵੀ ਭੁਖ ਨਵਿਰਤ ਕਰਦੇ ਹਨ।

***ਤੁਸ ਮੈਂ ਤੰਦੁਲ ਨਿਰਬਿਘਨ ਨ ਲਾਗੈ ਘੁਨ**
ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ ।

(ਤੁਸ) ਛਿਲਕਾਂ ਤੁਆਂ ਦੇ ਵਿਚ (ਤੰਦੁਲ) ਚਾਵਲ ਨਿਰਵਿਘਨ ਰਹਿੰਦੇ ਹਨ ਤੇ (ਨ) ਨਹੀਂ ਲਗਦਾ (ਘੁਨ) ਕੀੜਾ ਭਾਵ ਕੀ ਕਿ ਜੇ ਚਾਵਲ ਛੜੇ ਨਾ ਹੋਣ ਤਾਂ ਕੀੜਾ ਨਹੀਂ ਲਗਦਾ ॥

ਫਿਰ ਓਹ ਚਾਵਲ ਓਨ੍ਹਾਂ ਛਿਲਕਾਂ ਸਮੇਤ ਰਖੇ ਹੋਏ (ਚਿਰੰਕਾਲ) ਬਹੁਤ ਚਿਰ ਰਹਿੰਦੇ ਨੇ ਤੇ ਓਨ੍ਹਾਂ ਚਾਵਲਾਂ ਨੂੰ ਕੋਈ ਬਿਕਾਰ ਨਹੀਂ ਹੁੰਦਾ ਭਾਵ ਖਰਾਬ ਨਹੀਂ ਹੁੰਦੇ ਅਤੇ ਨਾ ਓਨਾਂ ਦਾ ਕੁਝ ਕੀੜਾ ਆਦਕ ਵਿਗਾੜਦਾ ਹੈ ॥

ਤੁਸ ਮੈਂ ਨਿਕਸ ਹੋਇ ਭਗਨ ਮਲੀਨ ਰੂਪ
ਮੂਾਦਿ ਕਰਵਾਇ ਰਾਧੇ ਰਹੈ ਨ ਸੰਸਾਰ ਜੀ ।

ਪਰ ਜਿਸ ਵਕਤ (ਤੁਸ) ਛਿਲਕਾ, ਤੁਹਾਂ ਵਿਚੋਂ ਨਿਕਲ ਜਾਵੇ ਭਾਵੇ ਜਾਣ ਤਾਂ (ਭਗਨ) ਭੱਜ ਟੁਟ ਜਾਂਦੇ ਹਨ ਤੇ ਮਲੀਨ ਮੈਲਾ ਰੂਪ ਹੋ ਜਾਂਦਾ ਹੈ

---

*ਤੁਸ ਮੈਂ ਤੰਦੁਲ ਨਿਰਵਿਘਨ ਲਾਗੈ ਨਾ ਘੁਨ ਵਿਸਥ੍ਰਾ ਦਾ ਅਰਥ ਹੋਯਾ ਹੈ ਸੋ ਠੀਕ ਨਹੀਂ ॥

ਅਤੇ (ਰਾਜ) ਪਕਾਉਣੇ ਨਾਲ ਸਾਰ ਉਨ੍ਹਾਂ ਦਾ (ਕਰਦਾਇ) ਲੇਖਾ ਹੋਜਾਂਦਾ ਹੈ ਕਿਹ ਸੰਸਾਰ ਵਿਚ ਨਹੀਂ ਰਹਿੰਦੇ ਭਾਵ ਹਿੰਨਿਆਂ ਹੋਇਆਂ ਬੀ ਹੋਰੇ ਵਿਗੜ ਜਾਂਦੇ ਹਨ ਤੇ ਪੁਰਸ਼ ਖਾਕਰ ਭ੍ਰਿਸ਼ਟ ਕਰ ਦੇਂਦੇ ਹਨ ॥

ਗੁਰੂ ਉਪਦੇਸ਼ ਗੁਰ ਸਿੱਖ ਗ੍ਰਹ ਮੈਂ ਬੈਰਾਗੀ
ਗ੍ਰਹ ਤਜ ਬਨ ਖੰਡ ਹੋਤ ਨ ਉਧਾਰ ਜੀ ॥ ੧੨੧॥

ਇਸੀ ਤਰ੍ਹਾਂ ਗੁਰਾਂ ਦਾ ਉਪਦੇਸ਼ ਲੈਕੇ ਗੁਰੂ ਕੇ ਸਿਖ (ਗ੍ਰਹ) ਘਰ ਵਿਚ ਹੀ (ਬੈਰਾਗੀ) ਤਿਆਗੀ ਪਦਾਰਥਾਂ ਦੇ ਤੇ ਵਾਹਿਗੁਰੂ ਦੇ ਮਿਲਾਪੀ ਬਨੇ ਰਹਿੰਦੇ ਹਨ ਅਤੇ ਜੋ (ਗ੍ਰਹ) ਘਰ ਨੂੰ ਛਡ ਕੇ ਬਨ (ਖੰਡ) ਅਸਥਾਨ ਵਿਚ ਜਾਂਦੇ ਹਨ ਉਨ੍ਹਾਂ ਦਾ ਉਧਾਰ ਨਹੀਂ ਹੁੰਦਾ ਜਿਸ ਪਰ ਕਬੀਰ ਜੀ ਕਹਿੰਦੇ ਹੈਨ ॥

(ਬਿਲਾਵਲ)

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ।
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥

ਨੋਟ--ਇਸ ਸਾਰੇ ਕਬਿਤ ਉਪਰਲੇ ਵਿਚ ਗੁਰੂ ਕੇ ਸਿਖਾਂ ਨੂੰ ਚਾਵਲ ਅਤੇ ਗ੍ਰਹਸਥ ਨੂੰ ਛਿਲਕਾਂ ਕਲਪ ਕਰ ਭਾਈ ਜੀ ਇਹ ਉਪਦੇਸ਼ ਕਰਦੇ ਹਨ ਕਿ ਜੋ ਸਿਖ ਗੁਰੂ ਕੇ ਉਪਦੇਸ਼ ਨੂੰ ਧਾਰਨ ਕਰਕੇ ਗ੍ਰਹਸਥ ਘਰ ਵਿਚ ਹੀ ਬੈਰਾਗੀਆਂ ਦੀ ਤਰ੍ਹਾਂ ਉਦਾਸੀਨ ਰਹਿੰਦੇ ਹਨ ਓਹ ਅਨੰਦ ਅਰ ਵਡਿਆਈ ਨੂੰ ਪ੍ਰਾਪਤ ਹੁੰਦੇ ਹਨ ਅਰ ਅਨੇਕ ਵਿਕਾਰਾਂ ਤੋਂ ਬਚੇ ਰਹਿੰਦੇ ਹਨ ਇਸਤੇ ਬਿਨਾ ਜੋ ਸਿਖ ਘਰ ਕੋ ਛਡਕੇ ਬਨ ਨੂੰ ਜਾਂਦੇ ਹਨ ਓਹ ਅਨੇਕ ਤਰ੍ਹਾਂ ਦੀ ਕਾਮਨਾ ਕਰ ਮਨ ਨੂੰ ਚੰਚਲ ਕਰ ਲੈਂਦੇ ਹਨ ਤੇ ਜੀਵਨ ਮੁਕਤੀ ਦੇ ਅਨੰਦ ਤੋਂ ਪ੍ਰਾਪਤ ਰਹਿੰਦੇ ਹਨ ॥੧੨੧॥

ਹਰਦੀ ਔ ਚੂਨਾ ਮਿਲ ਅਰੁਨ ਬਰਨ ਜੈਸੇ
ਚਤੁਰ ਬਰਨ ਕੈ ਤੰਬੋਲ ਰਸ ਰੂਪ ਹੈ।

ਸਿਖ—ਬਨ ਵਿਚ ਜਾਕਰ ਉਧਾਰ ਨਹੀਂ ਹੁੰਦਾ ਤੇ ਘਰ ਵਿਚ ਹੀ ਤਰ ਜਾਂਦਾ ਹੈ ॥

ਪੁਰਸ਼—ਇਸ ਆਪਕੇ ਕਥਨ ਅਨੁਸਾਰ ਬਨ ਵਿਚ ਜਾਕਰ ਤਪ ਆਦਿਕ ਕਰਨਾ ਖੰਡਨ ਹੋਗਿਆ ॥

ਭਾਈ ਜੀ—ਨਹੀਂ ਤੈਨੇ ਇਹ ਗਲ ਨਹੀਂ ਸਮਝੀ ਮੈਂ ਕਿਹਾ ਹੈ ਕਿ ਜੋ ਘਰ ਵਿਚ ਰਹਿਕਰ ਮਨ ਨੂੰ ਬਨ ਵਿਚ ਰਖਦੇ ਹਨ ਓਹ ਤਰਦੇ ਹਨ ਅਰ ਜੋ ਬਨ ਵਿਚ ਰਹਿਕਰ ਮਨ ਨੂੰ ਘਰ ਵਿਚ ਰਖਦੇ ਹਨ ਉਨ੍ਹਾਂ ਦਾ ਉਧਾਰ ਨਹੀਂ ਹੁੰਦਾ ॥

ਸਿਖ—ਇਸ ਕਬਿਤ ਵਿਚ ਬੀ ਕਈ ਤਰ੍ਹਾਂ ਦੇ ਦ੍ਰਿਸ਼ਟਾਂਤ ਹਨ ਅਤੇ ਕਈ

ਨ੍ਹਾਂ ਦੇ ਦੁਖ ਹੋਨ ਭਾਵ ਕੋ ਕਿ ਬਹੁਤ ਆਦਮੀਆਂ ਵਿਚ ਰਹਿਣੇ ਕਰ ਓਸਦੀ ਫਲ ਪ੍ਰਿਤੀ ਨਹੀਂ ਲਗਦੀ ਸੋ ਮੈਨੂੰ ਕੋਈ ਦ੍ਰਿਸ਼ਟਾਂਤ ਦਿਓ ॥

ਭਾਈ ਜੀ—ਦੇਖ ਜੈਸੇ ਹਲਦੀ ਦਾ ਰੰਗ ਪੀਲਾ ਹੁੰਦਾ ਹੈ ਅਰ (ਚੂਨਾ) ਚਿਟੇ ਰੰਗ ਦਾ ਹੁੰਦਾ ਹੈ ਪਰ ਜਦ ਏਹ ਦੋਵੇਂ ਮਿਲ ਜਾਨ ਤਾਂ (ਅਰੁਨ ਬਰਨ) ਲਾਲ ਰੰਗ ਹੋ ਜਾਂਦਾ ਹੈ ਤੇ ਚਤੁਰ ਚਾਰ (ਬਰਨ) ਰੰਗ ਮਿਲਕੇ (ਤੰਬੋਲਰਸ) ਪਾਨ ਬੀੜਾ (ਰੂਪ) ਗਾੜੇ ਰੰਗ ਵਾਲਾ ਬਣਦਾ ਹੈ ॥

ਦੂਧ ਮੈ ਜਾਮਨੁ ਮਿਲੈ ਦਧ ਕੈ ਬਖਾਨੀਅਤਿ
ਖਾਂਡ ਘ੍ਰਿਤ ਚੂਨ ਮਿਲ ਬਿੰਜਨ ਅਨੂਪ ਹੈ ।

ਹੋਰ ਦ੍ਰਿਸ਼ਟਾਂਤ ਮਿਲਾਂਵਦਾ—ਜੈਸੇ ਦੂਧ ਵਿਚ (ਜਾਮਨ) ਜਾਗ ਮਿਲੇ ਤਾਂ (ਦਧਿ) ਦਹੀ ਕਰਕੇ ਉਸਨੂੰ ਕਹੀਦਾ ਹੈ ਭਾਵ ਦੂਧ ਵਿਚ ਜਾਗ ਮਿਲ ਜਾਵੇ ਤਾਂ ਦਹੀਂ ਬਨ ਜਾਂਦਾ ਹੈ ਅਤੇ ਖੰਡ ਤੇ (ਘ੍ਰਿਤ) ਘਿਓ ਤੇ (ਚੂਨ) ਆਟਾ ਮਿਲ ਕਰ (ਬਿੰਜਨ) ਭੋਜਨ (ਅਨੂਪ) ਸੁੰਦਰ ਹੁੰਦਾ ਹੈ ॥

ਕੁਸਮ ਸੁਗੰਧਿ ਮਿਲ ਤਿਲਸੈ ਫੁਲੇਲ ਹੋਤ
ਸਕਲ ਸੁਗੰਧਿ ਮਿਲ ਅਰਗਜਾ ਧੂਪ ਹੈ ।

ਹੋਰ ਦ੍ਰਿਸ਼ਟਾਂਤ—ਜੈਸੇ (ਕੁਸਮ) ਫੁਲਾਂ ਦੀ ਸੁਗੰਧੀ ਤਿਲਾਂ ਨਾਲ ਮਿਲ ਜਾਵੇ ਤਾਂ ਓਹ ਫੁਲੇਲ ਬਨ ਜਾਂਦਾ ਹੈ ਤੇ ਜੇ ਸਾਰੀਆਂ ਸੁਗੰਧੀਆਂ ਮਿਲ ਜਾਨ ਤਾਂ (ਅਰਗਜਾ) ਬਹੁਤ ਸੁਗੰਧੀ ਵਾਲਾ ਅਰਗਜਾ (ਧੂਪ) ਪ੍ਰਗਟ ਹੋ ਬਨ ਜਾਂਦਾ ਹੈ॥

ਨੋਟ (ਧੂਪ) ਨਾਮ ਧੂਪ ਧੁਖਾਉਣ ਵਾਲੇ ਦਾ ਤੇ ਧੂਪ ਦਾ ਵੀ ਹੁੰਦਾ ਹੈ।

ਦੋਇ ਸਿਖ ਸਾਧ ਸੰਗ ਪੰਚ ਪਰਮੇਸੁਰ ਹੈ
ਦਸਬੀਸ ਤੀਸ ਮਿਲੈ ਅਬਿਗਤਿ ਊਪ ਹੈ ॥ ੧੨੩॥

ਇਸੀ ਤਰਾਂ ਦੋ ਸਿਖ ਮਿਲ ਜਾਨ ਤਾਂ ਉਸ ਦਾ ਨਾਮ ਸਾਧ ਸੰਗਤ ਹੈ ਅਤੇ ਜੇ ਪੰਜ ਮਿਲ ਜਾਨ ਤਾਂ ਓਹ ਆਪ (ਪਰਮੇਸੁਰ) ਵਾਹਿਗੁਰੂ ਹੀ ਹੈ ਅਤੇ ਜੇਕਰ ਦਸ ਬੀਹ ਤੀਹ ਮਿਲ ਜਾਨ ਤੇ ਉਨ੍ਹਾਂ ਦੀ ਤੇ ਮੈਂ ਕੋਈ ਥਾਹ ਹੀ ਨਹੀਂ ਲੈ ਸਕਦਾ ਭਾਵ ਕੀ ਕਿ ਓਹ ਤਾਂ (ਅਬਿਗਤਿ) ਜਿਸ ਪਾਸ ਸਾਡੀ ਗਤੀ ਨਹੀਂ ਹੁੰਦੀ ਸੋ ਐਸੀ (ਊਪ) ਉਪਮਾ ਵਾਲਾ ਵਾਹਿਗੁਰੂ ਹੈ ਉਸੇ ਦਾ ਹੀ ਰੂਪ ਹਨ ਅਤੇ ਅਸਚਰਜ ਉਪਮਾ ਹੈ ਉਨ੍ਹਾਂ ਦੀ ॥ ੧੨੩ ॥

ਏਕ ਹੀ ਗੋਰਸ ਮੈ ਅਨੇਕ ਰਸ ਕੋ ਪ੍ਰਗਾਸ
ਦਹੇੜੇ ਮਹੇੜੇ ਮਾਖਨ ਔ ਘ੍ਰਿਤ ਅਨੁਮਾਨੀਐ ।

ਸਿਖ—ਜੋ ਪੀਆਂ ਵਿਚ ਆਪਣੇ ਵਾਹਿਗੁਰੂ ਕਹਿਆ ਹੈ ਓਹ ਕਿਸ ਤਰਾਂ ਕਿਹਾ ਹੈ ਸੋਨੂੰ ਲਈ ਦ੍ਰਿਸ਼ਟਾਂਤ ਦੇਕੇ ਦਸੋ ॥

ਭਾਈ ਜੀ—ਦੇਖ ਜੈਸੇ ਇਕ ਹੀ ਗਊ ਦੇ (ਗੋਰਸ) ਦੁਧ ਵਿਚ ਅਨੇਕਾਂ ਤਰਾਂ ਦੇ (ਰਸ) ਅਨੰਦ ਦਾ ਪ੍ਰਕਾਸ਼ ਹੈ "ਕੀ ਪ੍ਰਕਾਸ਼ ਹੈ" ।

ਉਤਰ—ਓਸੇ ਹੀ ਦੁਧ ਵਿਚੋਂ (ਦਹਸੋਂ) ਦਹੀਂ ਨਿਕਲਦਾ ਹੈ ਅਤੇ (ਮਹੇਰੀ) ਮਿਠਾ ਵਾ ਰਿੜਕੀਏ ਤਾਂ ਲਸੀ ਓਥੋਂ ਹੀ ਨਿਕਲਦੀ ਹੈ ਅਤੇ ਮੱਖਣ ਤੇ (ਘ੍ਰਿਤ) ਘਿਓ ਇਤਆਦਕ (ਅਨੁਮਾਨੀਐ) ਵਿਚਾਰ ਲਵੋ, ਇਹ ਦੁਧ ਦਾ ਪ੍ਰਕਾਸ਼ ਹੋਯਾ ॥

ਏਕ ਹੀ ਊਖਾਰੀ ਮੈ ਮਿਠਾਸ ਕੋ ਨਿਵਾਸ ਗੁੜ
ਖਾਂਡ ਮਿਸਰੀ ਔ ਕਲੀਕੰਦ ਪਹਿਚਾਨੀਐ ।

ਹੋਰ ਦ੍ਰਿਸ਼ਟਾਂਤ—ਜੈਸੇ ਇਕ ਹੀ (ਊਖਾਰੀ) ਗੰਨੇ ਵਿਚ ਸਾਰੇ ਮਿਠਿਆਂ ਦਾ ਨਿਵਾਸ ਹੈ ਭਾਵ ਜਿੰਨੇ ਮਿਠੇ ਹਨ ਓਹ ਸਭ ਗੰਨੇ ਤੋਂ ਹੀ ਨਿਕਲੇ ਹਨ ਓਹ ਕੇਹੜੇ ੨ ਮਿਠੇ ॥

ਉਤਰ—੧ ਗੁੜ ੨ ਖਾਂਡ ੩ ਮਿਸਰੀ ੪ (ਕਲੀ ਕੰਦ) ਮਿਠਿਆਈ (ਵੇ ਪਤਾਸੀ) ਆਦਕ ਪਹਿਚਾਨੀਐ ਜਾਨ ਲਵੋ ॥

ਏਕ ਹੀ ਗੋਹੂ ਸੈਂ ਹੋਤ ਨਾਨਾ ਬਿੰਜਨਾਦਿ ਸ੍ਵਾਦਿ
ਭੂਨੇ ਭੀਜੇ ਪੀਸੇ ਔ ਉਸੇਈ ਬਿਬਿਧਾਨੀਐਂ ।

ਹੋਰ ਦ੍ਰਿਸ਼ਟਾਂਤ—ਜੈਸੇ ਇਕ ਹੀ (ਗੋਹੂ) ਕਣਕ ਤੋਂ ਬਹੁਤ ਤਰਾਂ ਦੇ (ਬਿੰਜਨਾਦਿ) ਭੋਜਨ ਆਦਕ ਦਾ ਸ੍ਵਾਦ ਹੁੰਦਾ ਹੈ "ਕੇਹੜਾ ਸ੍ਵਾਦ" "ਉਤਰ" (ਭੂਨੇ) ਭੁੰਨੀ ਹੋਈ ਕਣਕ ਦਾ ਹੋਰ ਸ੍ਵਾਦ ਹੁੰਦਾ ਹੈ (ਭੀਜੇ) ਭਿਜੀ ਹੋਈ ਦਾ ਹੋਰ ਸ੍ਵਾਦ ਹੁੰਦਾ ਹੈ ਕਈ ਇਸਤ੍ਰੀਆਂ ਦਰਬ ਵਿਚ ਭਿਉਂ ਕੇ ਘੁੰਗਣੀਆਂ ਆਦਕ ਰਿੰਨ੍ਹ ਕੇ ਬਣਾਕੇ ਖਾਂਦੀਆਂ ਹਨ ॥

(ਪੀਸੇ) ਚੱਕੀ ਆਦਕ ਵਿਚ ਪੀਸਿਆਂ ਹੋਇਆਂ ਹੋਰ ਸ੍ਵਾਦ ਹੋ ਜਾਂਦਾ ਹੈ ਭਾਵ ਨਾਲ ਰੋਟੀਆਂ ਕਈ ਪੂੜੀਆਂ ਆਦਕ ਬਣਾ ਲੈਂਦੇ ਹਨ ਉਨ੍ਹਾਂ ਦਾ ਭੀ ਵਖਰਾ ਸ੍ਵਾਦ ਹੁੰਦਾ ਹੈ ਤੇ (ਉਸੇਈ) ਉਬਾਲਿਆਂ ਹੋਇਆਂ ਹੋਰ ਸ੍ਵਾਦ ਹੋ ਜਾਂਦਾ ਹੈ । ਇਸੇ ਤਰਾਂ (ਬਿਬਿਧਾਨੀਐ) ਬਹੁਤ ਤਰਾਂ ਦਾ ਸ੍ਵਾਦ ਹੋ ਜਾਂਦਾ ਹੈ ॥

ਪਾਵਕ ਸਲਿਲ ਏਕ ਏਕਹਿ ਗੁਨ ਅਨੇਕ
ਪੰਚ ਕੈ ਪੰਚਾਮ੍ਰਿਤ ਸੁ ਸਾਧ ਸੰਗ ਜਾਨੀਐ ॥ ੧੨੩ ॥

ਪਿਛੋਂ ਓ ਪਦਾਰਥ ਘਿਉ ਤੇ ਖੰਡ ਤੇ ਆਟਾ ਤਿੰਨ ਏਹ ਤੇ ਦੋ (ਪਾਵਕ) ਅਗਨੀ ਤੇ (ਸਲਿਲ) ਜਲ ਇਹ ਜੋ ਪੰਜ ਹਨ ਏਨ੍ਹਾਂ ਦੇ ਇਕ ਇਕ ਵਿਚ ਬਹੁਤ ਗੁਣ ਹਨ ਤੇ ਜੇਕਰ ਏਹ ਪੰਜੇ ਹੀ ਮਿਲ ਜਾਨ ਤਾਂ (ਪੰਚਾਮ੍ਰਿਤ) ਕੜਾਹ ਪ੍ਰਸ਼ਾਦ ਬਣ ਜਾਂਦਾ ਹੈ ਸੋ ਇਸੇ ਤਰਾਂ ਸਾਧ ਸੰਗਤ ਨੂੰ ਜਾਨ ਲੀਜੀਏ ਭਾਵ ਕੀ ਕਿ ਜੈਸੇ ਕੜਾਹ ਵਿਚੋਂ ਕੋਈ ਗਿਟਕ ਜਾਂ ਰੋੜ ਆਦਿਕ ਨਹੀਂ ਨਿਕਲਦਾ ਹੈ ਆਪੇ ਹੀ ਛਕੀ ਜਾਈਦਾ ਹੈ ਇਸੀ ਤਰਾਂ ਸਾਧਸੰਗਤ ਵਿਚ ਔਗੁਣ ਕੋਈ ਨਹੀਂ ਹੈ ਹੋਰ ਏਸ ਕੜਾਹ ਪ੍ਰਸ਼ਾਦ ਵੇ ਗੱਫੇ ਸਾਧਸੰਗਤ ਵਿਚ ਹੀ ਲਗਦੇ ਹਨ ॥੧੨੪॥

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ
ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।

ਬੂਨੀ ਖੰਡਨ ਨਿਆਇ ਭਾਵ ਜੈਸੇ ਕਿੱਲੇ ਨੂੰ ਮੁੰਗਲੀ ਨਾਲ ਠੋਕੀ ਦਾ ਹੈ ਤੇ ਮੁੰਗਲੀ ਉਪਰ ਮੁੰਗਲੀ ਮਾਰੀ ਜਾਈਦੀ ਹੈ ਸੋ ਇਸੀ ਤਰਾਂ ਪਿਛਲੇ ਪ੍ਰਸੰਗ ਨੂੰ ਦਸਦੇ ਹਨ, ਆਪ ਆਖਦੇ ਹਨ ਕਿ ਖੰਡ ਘਿਓ ਤੇ (ਚੂਨ) ਆਟਾ ਤੇ ਪਾਣੀ ਤੇ (ਪਾਵਕ) ਅਗਨੀ ਇਹ ਪੰਜ ਜਦ ਅਕੱਠੇ ਹੋਣ ਤਾਂ ਪ੍ਰਗਟ ਹੀ (ਪੰਚਾਮ੍ਰਿਤ) ਕੜਾਹ ਪ੍ਰਸ਼ਾਦ ਦਾ ਪ੍ਰਗਾਸ ਹੋ ਜਾਂਦਾ ਹੈ ਭਾਵ ਪੰਜਾਂ ਦੇ ਮਿਲਨ ਨਾਲ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ ॥

ਮ੍ਰਿਗ ਮਦ ਘੋਰਾ ਰੋਆ ਚੰਦਨ ਕੁਸਮ ਦਲ
ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ।

੧ ਮ੍ਰਿਗਮਦ=ਕਸਤੂਰੀ ਭਾਵ ਹਰਨ ਦੀ ਸੁਗੰਧੀ
੨ ਘੋਰਾ=ਮੁਸ਼ਕ ਬਿਲਾਈ ਵ ਕਪੂਰ
੩ ਰੋਆ=ਅਤਰ ੪ ਚੰਦਨ ੫ (ਕੁਸਮ) ਫੁਲ
੬ (ਦਲ) ਛੂਹ ਪੱਤਰ ਵਾ ਫੁਲਾਂ ਦੇ ਪੱਤ੍ਰ ਤੇ ਦੋ ਸੁਗੰਧੀਆਂ ਉਪਰੋਂ ਇਤਿਆਦਿਕ ਸਾਰੀਆਂ ਸੁਗੰਧੀਆਂ ਮਿਲ ਜਾਣ ਤਾਂ ਉਸ ਦਾ ਨਾਮ *ਅਰਗਜਾ (ਸੁਬਾਸ) ਸੁੰਦਰ ਵਾਸ਼ਨਾ ਵਾਲਾ ਹੁੰਦਾ ਹੈ ॥

ਚਤੁਰ ਬਰਨ ਪਾਨ ਚੂਨਾ ਔ ਸੁਪਾਰੀ ਕਾਥਾ
ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ।

ਚਾਰ (ਬਰਨ) ਰੰਗ ੧ ਪਾਨ ੨ ਚੂਨਾ ੩ ਸੁਪਾਰੀ ੪ ਕਥਾ ਇਹ ਆਪੋਂ ਵਿਚਦੀ ਮਿਲ ਜਾਨ ਤੇ (ਆਪਾ) ਭਾਵ ਕਿਆ ਹੰਕਾਰ ਨੂੰ ਦੂਰ ਕਰ ਦੇਣਾ ਦੂਜਾ ਭਾਵ ਆਪੋ ਆਪਣਾ ਰੰਗ ਛਡ ਦੇਣ ਤੇ ਸਾਰੇ ਆਪੋ ਵਿਚ ਹੀ ਮਿਲ

*ਜਿਸ ਵਿਚ ਅਠ ਸੁਗੰਧੀਆਂ ਮਿਲਨ ਉਸਦਾ ਨਾਮ ਅਰਗਜਾ ਹੈ।

ਜਾਣ ਕੇ (ਭਾਵ) ਓਹਨਾਂ ਦਾ ਜਣਾ (ਮਨੁੱਖ) ਇੰਦਰ ਰੂਪ ਜਿਸਾ ਬਾਹਰਲਾ ਤੇਜ ਬਣ ਜਾਂਦਾ ਹੈ ॥

ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ
ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ ॥੧੨੪॥

ਤੈਸੇ ਹੀ ਸਾਧਸੰਗਤ ਦੇ ਮਿਲਾਪ ਦਾ ਪ੍ਰਤਾਪ ਐਸਾ ਹੈ ਜੈਸੇ ਪਿਛੇ ਕਥਨ ਕਰਿਆ ਹੈ ਭਾਵ ਸਾਧ ਸੰਗਤ ਵਿਚ ਆਣਕੇ ਹੰਕਾਰ ਨੂੰ ਛਡੇ ਤੇ ਤਾਂ ਸਾਧਸੰਗਤ ਤੇ ਗੁਰੂ ਦਾ ਰੂਪ ਹੀ ਬਣਜਾਂਦਾ ਹੈ (ਸਾਵਧਾਨ) ਤਿਆਰ ਬਰਤਿਆਰ ਸੁਚੇਤ ਹੋਕੇ ਦੇਖੋ ਤਾਂ ਸਾਧ ਸੰਗਤ ਦੇ ਵਿਚ ਹੀ (ਪੂਰਨ ਬ੍ਰਹਮ) ਵਾਹਿਗੁਰੂ ਦਾ ਨਿਵਾਸ ਹੈ ਜੋ ਸੁਚੇਤ ਹੋਕੇ ਸਾਧ ਸੰਗਤ ਦਾ ਮਿਲਾਪ ਕਰੇ ਉਸਦੇ ਰਿਦੇ ਵਿਚ ਵਾਹਿਗੁਰੂ ਆਨ ਵਸਦਾ ਹੈ ॥ ੧੨੪॥

ਸਹਜ ਸਮਾਧਿ ਸਾਧ ਸੰਗਤਿ ਮੈਂ ਸਚ ਖੰਡ
ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ ।

ਏਹੋ ਜਿਹੀ ਸਾਧ ਸੰਗਤ ਜੋ ਹੈ ਜਿਸ ਵਿਚ ਗੁਰਮੁਖਾਂ ਦੀ ਸਹਿਜ ਸੁਭਾਵਕ ਹੀ (ਸਮਾਧਿ) ਬ੍ਰਿਤੀ ਲਗੀ ਰਹਿੰਦੀ ਹੈ ਫਿਰ ਸਾਧ ਸੰਗਤ ਕੈਸੀ ਹੈ ਕਿ ਸਚਾ (ਖੰਡ) ਅਸਥਾਨ ਹੈ ਭਾਵ ਸੁਰਗ ਹੀ ਹੈ ਵਾ ਸਹਜੇ ਹੀ ਵਾਹਿਗੁਰੂ ਵਿਚ ਜੋ ਸਮਾਧੀ ਲਗੀ ਰਹਿੰਦੀ ਹੈ ਸਾਧ ਸੰਗਤ ਵਿਚ ਜਾਕੇ ਇਹ ਸਚ ਖੰਡ ਹੀ ਹੈ ਭਾਵ ਜੈਸਾ ਸਚਖੰਡ ਵਿਚ ਭੀ ਅਨੰਦ ਨਹੀਂ ਹੈ ॥

ਸਿਖ-ਆਪ ਨੇ ਸਾਧ ਸੰਗਤ ਨੂੰ ਸਚ ਖੰਡ ਬਣਾਇਆ ਪਰ ਓਥੇ ਨਿਵਾਸ ਕਿਸਦਾ ਹੈ ॥

ਉਤਰ ਇਸ ਸਚਖੰਡ ਸਾਧ ਸੰਗਤ ਵਿਚ ਸਤਿਗੁਰੂ (ਪੂਰਨ ਬ੍ਰਹਮ) ਵਾਹਿਗੁਰੂ ਦਾ ਰੂਪ ਨਿਵਾਸ ਕਰਦੇ ਹਨ ॥

ਦਰਸ ਧਿਆਨ ਸਰਗੁਨ ਅਕਾਲ ਮੂਰਤਿ
ਪੂਜਾ ਫਲ ਫੂਲ ਚਰਨਾਮ੍ਰਿਤ ਬਿਸ੍ਵਾਸ ਹੈ ।

ਓਧਰ (ਅਕਾਲ) ਕਾਲ ਤੋਂ ਰਹਿਤ ਜੋ ਹੈ ਉਸਦਾ ਦਰਸ਼ਨ ਆਦਿਕ (ਧਿਆਨ) ਦੇਖਣਾ ਕਰਦੇ ਹਨ ਇਧਰ ਸਰਗੁਨ ਮੂਰਤੀ ਜੋ ਸਤਿਗੁਰਾਂ ਦੀ ਕਾਲ ਤੋਂ ਰਹਿਤ ਹੈ ਓਹਨਾਂ ਦੇ ਦਰਸਨ ਦਾ ਧਿਆਨ ਸਿਖ ਕਰਦੇ ਹਨ ਅਰ ਓਧਰ ਪੂਜਾ ਭੀ ਦੇਵਤੇ ਫਲ ਫੂਲਾਂ ਨਾਲ ਕਰਦੇ ਹਨ ਇਧਰ ਭੀ ਸਿਖ ਫੁਲਾਂ ਦੇ ਹਾਰ ਮਾਲਾ ਮੜੀਏ ਦੇ ਸੇਹਰੇ ਆਦਿਕ ਚੜ੍ਹਾਉਂਦੇ ਹਨ ਅਰ ਚਰਨਾਂ ਦਾ ਅੰਮ੍ਰਿਤ ਜੋ ਹੈ ਉਸ ਵਿਚ (ਬਿਸ੍ਵਾਸ) ਭਰੋਸਾ ਰਖਦੇ ਹਨ ਭਾਵ ਜਿਆਸਾਨੀ

ਸਦੀ ਅਵਸਥਾ ਅਤੇ ਮਨੀ ਭਾਵ ਨਾਲ ਤਕਦੇ ਹਨ ॥

ਨਿਰੰਕਾਰ ਚਾਰ ਪਰਮਾਰਥ ਪਰਮਪਦ

ਸਬਦ ਸੁਰਤਿ ਅਵਗਾਹਨ ਅਭਿਆਸ ਹੈ।

ਜੈਸੇ ਧਰਤੀ ਦੀ ਪੁਕਾਰ ਸੁਣਕੇ ਅਕਾਲ ਪੁਰਖ ਨੇ ਕਿਹਾ ਸੀ ਕਿ ਮੈਂ ਗੁਰੂ ਨਾਨਕ ਰੂਪ ਧਾਰਾਂਗਾ ਇਸ ਬਚਨ ਨੂੰ ਸੁਣਕੇ ਦੇਵਤਿਆਂ ਨੇ ਮਤਮੰਤ੍ਰਿਆ ਜੋ ਅਬ ਉਸਦੇ ਅਵਤਾਰ ਧਾਰਨ ਨੂੰ ਯਾਦ ਕਰਦੇ ਸਨ ਕਿ ਕਦ ਗੁਰੂ ਨਾਨਕ ਜੀ ਅਵਤਾਰ ਲੈਣ ਤੇ ਕਦ ਸਾਰੇ ਮਾਰਗ ਲੋਕਾਂ ਨੂੰ ਪਾਉਣ ਵ ਹੋਰਨਾ ਅਵਤਾਰਾਂ ਦਾ ਅਭਿਆਸ ਦੇਵਤੇ ਕਰਦੇ ਸਨ ਅਤੇ ਇਸੀ ਤਰਾਂ ਗੁਰਮੁਖ ਗੁਰਾਂ ਦੇ (ਸ਼ਬਦ) ਉਪਦੇਸ਼ ਦੀ ਸੁਰਤ ਗਜਾਤ ਕਰਕੇ (ਨਿਰੰਕਾਰ ਚਾਰ) ਸੁੰਦਰ ਆਪਣੇ ਦੇ (ਪਰਮਾਰਥ) ਸਿਧਾਂਤ ਰੂਪ ਦਾ ਦਿਨੇ ਰਾਤ (ਅਵਗਾਹਨ) ਵਿਚਾਰਨੇ ਦਾ ਅਭਿਆਸ ਕਰਦੇ ਹਨ ਤੇ (ਪਰਮਪਦ) ਵਾਹਿਗੁਰੂ ਨੂੰ ਮਿਲਦੇ ਹਨ ਭਾਵ ਗੁਰਾਂ ਦੇ ਉਪਦੇਸ਼ ਨੂੰ ਪ੍ਰੀਤੀ ਕਰਕੇ ਸੁਣਦੇ ਹਨ ॥

ਸਰਬ ਨਿਧਾਨ ਦਾਨ ਦਾਇਕ ਭਗਤਿ ਭਾਇ

ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ ॥੧੨੫॥

ਸਾਰੀਆਂ (ਨਿਧਾਨ) ਨਿਧੀਆਂ ਸਿਧੀਆਂ ਰਿਧੀਆਂ ਦੇ (ਦਾਨ) ਦੇਣ ਵਾਲੀ (ਭਗਤਿ ਭਾਇ) ਪ੍ਰੇਮਾ ਭਗਤੀ ਕਰਦੇ ਹਨ ਵਾ ਸਾਰਿਆਂ ਖਜਾਨਿਆਂ ਦੇ ਦਾਨ (ਦਾਇਕ) ਦੇਨ ਵਾਲੀ ਪ੍ਰੇਮਾਭਗਤੀ ਕਰਦੇ ਹਨ ਅਤੇ (ਕਾਮ) ਕਾਮਨਾ ਇਛਾ ਤੋਂ ਨਿਸਕਾਮ ਹੋਇ ਰਹਿੰਦੇ ਹਨ ਭਾਵ ਕਿਸੀ ਦੀ ਜਰੂਰਤ ਨਹੀਂ ਰਖਦੇ ਅਤੇ (ਧਾਮ) ਹਿਰਦੇ ਰੂਪੀ ਘਰ ਵਿਚ (ਪੂਰਨ) ਵਾਹਿਗੁਰੂ ਦੇ ਗਿਆਨ ਦਾ ਪ੍ਰਕਾਸ਼ ਹੈ ॥੧੨੫॥

ਸਹਜ ਸਮਾਧਿ ਸਾਧ ਸੰਗਤ ਸੁਕ੍ਰਿਤ ਭੂਮਿ

ਚਿਤ ਚਿਤਵਤ ਫਲ ਪ੍ਰਾਪਤ ਉਧਾਰ ਹੈ।

ਅਬ ਆਪ ਸਾਧਸੰਗਤ ਇਕ ਅਛੀ ਧਰਤੀ ਕਲਪਕਰ ਵਰਨਨ ਕਰਦੇ ਹਨ ਕਿ ਜੈਸਾ ਕੋਈ ਇਸ ਧਰਤੀ ਵਿਚ ਬੀਜ ਬੀਜੇਗਾ ਵੈਸਾ ਫਲ ਪਾਵੇਗਾ ਅਤੇ ਫਿਰ ਸਾਧ ਸੰਗਤ ਨੂੰ ਹੀ ਹਟੀ ਕਲਪ ਕਰ ਵਰਨਨ ਕਰਨਗੇ ਆਪ ਆਖਦੇ ਹਨ ਕਿ ਸਾਧ ਸੰਗਤ (ਸੁਕ੍ਰਿਤ ਭੂਮਿ) ਪੁੰਨਾਂ ਰੂਪੀ ਧਰਤੀ ਹੈ ਜਿਸ ਵਿਚ ਗੁਰਮੁਖਾਂ ਦੀ ਸਹਜੇ ਹੀ ਸਮਾਧੀ ਲਗੀ ਰਹਿੰਦੀ ਹੈ ਫਿਰ ਸਾਧ ਸੰਗਤ ਕੈਸੀ ਹੈ ਕਿ ਜੋ ਕੁਝ ਚਿਤ ਵਿਚ (ਚਿਤਵਤ) ਯਾਦ ਕਰੀਏ ਸੋ ਤਿਸੀ ਫਲ ਨੂੰ ਪ੍ਰਾਪਤ ਹੁੰਦਾ ਹੈ, ਜੋ ਜਾਦ ਜੈਸਾ ਫਲ ਚਾਹੀਏ ਤੈਸਾ ਮਿਲਦਾ ਹੈ ॥

(ਸਿਖ) ਸੋ ਠੀਕ ॥ ਜਿਸਤਾ ਨਾ ਹੋਇਆ ਕਿ ਕੇਹੜਾ ਫਲ ਮਿਲਦਾ ਹੈ ਭਾਵ ਆਖਦੇ ਹਨ ਕਿ ਸੰਸਾਰ ਸਮੁੰਦਰ ਤੋਂ ਉਧਾਰ ਹੋਂਦਾ ਹੈ ॥

ਬਜਰ ਕਪਾਟ ਖੁਲੇ ਹਾਟ ਸਾਧ ਸੰਗਤਿ ਮੈ
ਸਬਦ ਸੁਰਤਿ ਲਾਭ ਰਤਨ ਬਉਹਾਰ ਹੈ ।

ਜੈਸੇ ਹਟੀ ਖੁਲੀ ਹੋਵੇ ਤਾਂ ਸਭ ਸੌਦੇ ਲੈ ਆਈਦੇ ਹਨ ਤੈਸੇ ਹੀ ਸਾਧ ਸੰਗਤ ਰੂਪ ਹਟੀ ਹੈ ਇਸ ਹਟੀ ਉਪਰ ਜਾਕੇ ਜਿਸ ਵਕਤ ਨਾਮ ਸੁਣੀਏ ਤਾਂ (ਬਜਰ ਕਪਾਟ) ਕਰੜਾ ਜੋ ਦਰਵਾਜ਼ਿਆਂ ਕੇਸਾਂਦੇ ਤਖਤੇ ਖੁਲ ਜਾਂਦੇ ਹਨ ਭਾਵ ਕੀ ਕਿ ਅਗਯਾਨਤਾਈ ਦੂਰ ਹੋਜਾਂਦੀਹੈ। ਹਟੀ ਉਪਰ ਰਤਨ ਮੋਤੀ ਹੀਰੇ ਆਦਿਕਾਂਦਾ ਵਿਹਾਰ ਹੋਂਦਾ ਹੈ ਏਥੇ ਕੇਹੜਾ ਹੈ। ਇਸ ਸਾਧ ਸੰਗਤ ਰੂਪੀ ਹਟੀ ਤੇ(ਰਤਨ) ਗੁਣ ਦੈਵੀ ਸੰਪਦਾ ਵਿਆਂ ਦਾ ਸੌਦਾ ਹੋਂਦਾ ਹੈ ਭਾਵ ਚੰਗੇ ਗੁਣ ਸਿਖੀ ਦੇ ਹਨ ਅਰ ਇਸ ਹਟੀ ਪਰ ਗੁਰਮੁਖ ਹੀ ਲੈਣ ਦੇਣ ਵਾਲੇ ਹੁੰਦੇ ਹਨ ਇਸਵਾਸਤੇ ਏਥੋਂ ਲਾਭ ਨਫਾ ਗੁਰਮੁਖਾਂ ਨੂੰ ਹੀ ਮਿਲਦਾ ਹੈ ਪਰ ਕੁਛ ਮੁਲ ਭੀ ਦਿੰਦੇ ਹਨ ਕਿ ਨਹੀ ਸੁਆਲ ਤਿਸ ਪਰ ਆਖਦੇ ਹਨ ਕਿ ਐਵੇਂ ਨਹੀ ਮਿਲਦਾ ਓਹ ਗੁਰਾਂ ਦੇ ਸਬਦ ਵਿਚ (ਸੁਰਤ)ਪੂੰਜੀ ਦੁ ਲਗਾਤ ਕਰਦੇ ਹਨ ਭਾਵ ਜੋ ਗੁਰਾਂ ਦਾ ਉਪਦੇਸ ਸੁਣ ਕੇ ਨਾਮ ਜਪਦੇ ਹਨ ਓਹ ਓਹਨਾਂ ਨੂੰ ਲਾਭ ਹੋਂਦਾ ਹੈ ॥

ਸਾਧ ਸੰਗ ਬ੍ਰਹਮ ਸਥਾਨ ਗੁਰਦੇਵ *ਸੇਵ
ਅਲਖ ਅਭੇਵ ਪਰਮਾਰਥ ਅਧਾਰ ਹੈਂ ।

ਗੁਰੂ ਜੋ (ਦੇਵ) ਪ੍ਰਕਾਸ ਸਰੂਪ ਹੈ (ਬ੍ਰਹਮ) ਵਾਹਿਗੁਰੂ ਦਾ ਸਰੂਪ ਤਿਨਾਂ ਦਾ ਅਸਥਾਨ ਸਾਧ ਸੰਗਤ ਵਿਚ ਹੈ ਐਸੇ ਜੋ ਗੁਰੂ ਹੈ ਓਹਨਾਂ ਨੂੰ ਜਿਨ੍ਹਾਂ ਨੇ ਸੇਵਨ ਕੀਤਿਆ ਹੈ ਓਹ ਅਲਖ (ਅਭੇਵ) ਵਾਹਿਗੁਰੂ ਦਾ ਰੂਪ ਹੀ ਹੋਏ ਹਨ ਅਤੇ (ਪਰਮਾਰਥ) ਧਰਮ ਅਰਥ ਕਾਮ ਮੋਖ ਇਨਹਾਂ ਦਾ (ਅਧਾਰ) ਕਰਤਾ ਹੈ। ਸੋ ਜਿਹੜੇ ਇਹਨਾਂ ਦੇ ਪਾਸ ਚਲਕੇ ਆਉਂਦੇ ਹਨ ਉਹਨਾਂ ਨੂੰ ਦੇਣ ਵਿਚ ਸਮਰਥ ਹਨ ਭਾਵ ਸਿਖਾਂ ਨੂੰ ਚਾਰੇ ਪਦਾਰਥ ਦੇਂਦੇ ਹਨ ॥

ਸਫਲ ਸੁ ਖੇਤ ਹੇਤ ਬਨਤ ਅਮਿਤ ਲਾਭ
ਸੇਵਕ ਸਹਾਈ ਬਰਦਾਈ ਉਪਕਾਰ ਹੈਂ ॥੧੨੪॥

(ਪੁੰਨਾਂ ਰੂਪੀ ਧਰਤੀ ਦਾ ਫਿਰ ਕਥਨ ਕਰਦੇ ਹਨ ਕਿ ਸਾਧ ਸੰਗਤ

---

* ਸੇਵ ਇਹ ਦੋ ਅਖਰ ਪੜ੍ਹਨ ਵਿਚ ਪਿਛੇ ਲਗੇ ਹਨ ਅਤੇ ਅਰਥ ਵਿਚ ਅਗੇ ਸਾਰੇ ਪਰਮਾਰਥ ਧਰਮ ਅਰਥ ਦੇ ਏਹ ਹਨ ਅਤੇ ਏ ਉਪਰੋਂ ਆਪ ਸਾ ਧਾਰ ਕੀਤੇ ਜਾਏ ਹਨ ॥

ਬ੍ਰਾਂ ਅਰੋਗਤੀ ਜਣਕਣੀ ਹੈ)

ਆਪ ਆਖਦੇ ਹਨ ਕਿ (ਸਫਲ) ਸਹਿਤ ਫਲ ਦੇ (ਸੁਖੇਤ) ਸਾਧ ਸੰਗਤ ਰੂਪੀ ਜੋ ਖੇਤ ਹੈ ਸੋ ਇਸ ਵਿਚ (ਹੇਤ) ਜੋ ਪ੍ਰੇਮ ਕਰਦਾ ਹੈ ਓਸਨੂੰ (ਅ ਮਿਤ) ਬਹੁਤ ਲਾਭ (ਬਨਤ) ਬਨਦਾ ਹੈ ਭਾਵ ਇਹ ਕਿ ਸਾਧ ਸੰਗਤ ਨਾਲ ਜੇਹੜਾ ਪ੍ਰੇਮ ਕਰਦਾ ਹੈ ਉਹਨੂੰ ਬਹੁਤ ਲਾਭ ਹੋਂਦਾ ਹੈ ॥

(ਸਿਖ) ਕੇਹੜਾ ਲਾਭ ਹੋਂਦਾ ਹੈ ॥

(ਭਾਈ ਜੀ) ਜੇਹੜਾ ਸੇਵਕਾਂ ਦੇ ਸਹਾਇਤਾ ਕਰਨ ਵਾਲੇ ਅਤੇ ਦਾ ਲੈਣੇ ਵਾਲੇ (ਉਪਕਾਰੀ)ਪਾਸ ਜਾਕਰ ਪਰਉਪਕਾਰ ਕਰਦੇ ਹਨ ਭਾਵ ਇਹ ਕਿ ਗੁਰੂ ਉਹਨਾਂ ਦੀ ਆਪ ਸਹਾਇਤਾ ਕਰਦੇ ਹਨ।੧੪੬॥

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ
ਕਾਲ ਮੈਂ ਅਕਾਲ ਕਾਲ ਬਜਾਲ ਬਿਖ ਮਾਰੀ ਹੈ।

ਆਪ ਆਖਦੇ ਹਨ ਕਿ (ਸਾਧ) ਸ੍ਰੇਸ਼ਟ ਗੁਰਮੁਖਾਂ ਦੇ ਚਰਨਾਂ ਦਾ ਅੰਮ੍ਰਿਤ (ਨਿਧਾਨ) ਸਮੁੰਦਰ ਵਾ ਤਰਰ ਕਰਨ ਵਾਲਾ ਜਿਹਨਾਂ ਨੇ (ਪਾਨ) ਪੀਤਾ ਅਥਵਾ ਗੁਰਮੁਖਾਂ ਦੇ ਚਰਨਾਂ ਦਾ ਸਮੁੰਦਰ ਰੂਪੀ ਅੰਮ੍ਰਿਤ ਛਕ ਕਰਕੇ ਤੇ ਕਾਲ ਰੂਪ ਜੋ (ਬਿਆਲ) ਸਪ ਸੀ ਜਿਸ ਵਿਚ ਹੰਗਤਾ ਰੂਪੀ ਬਿਖ ਸੀ ਓਹ ਉਨ੍ਹਾਂ ਨਾਮ ਜਪਕੇ ਮਾਰੀ ਹੈ ਅਤੇ ਕਾਲ ਤੋਂ ਅਕਾਲ ਰਹਿੰਦੇ ਹਨ ਭਾਵ ਇਹ ਕਿ ਕਾਲ ਜੇਹੜਾ ਸਪ ਸੀ ਉਹ ਦੀ ਨਾਮ ਜਪਕੇ ਬਿਖ ਮਾਰ ਛਡੀ ਅਤੇ ਜਨਮ ਮਰਨ ਤੋਂ ਰਹਿਤ ਹੋਏ ॥

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ
ਕੁਲ ਅਕੁਲੀਨ ਭਏ ਦੁਬਿਧਾ ਨਿਵਾਰੀ ਹੈ।

ਫਿਰ ਆਪ ਆਖਦੇ ਹਨ। ਕਿ (ਸਾਧ)ਸੰਤਾਂ ਗੁਰਮੁਖਾਂ ਦੇ ਚਰਨਾਂ ਦਾ(ਨਿਧਾਨ) ਸਮੁੰਦਰ ਰੂਪੀ ਅੰਮ੍ਰਿਤ ਜਿਨਾ ਨੇ (ਪਾਨ) ਪੀਤਾ ਹੈ ਉਹ ਕੁਲ (ਅਕੁਲੀਨ) ਕੁਲ ਦੀ ਹੰਗਤਾ ਤੋਂ ਰਹਿਤ ਹੋਏ ਭਾਵ ਉਹੀ ਕੁਲਦਾ ਅਭਿਮਾਨ ਨਾ ਕੀਤਾ (ਜਾਤ ਕਾ ਗਰਬ ਨ ਕਰੀਅਹੁ ਕੋਈ) ਅਤੇ ਦੁਬਿਧਾ ਭੀ ਦੂਰ ਕਰ ਦਿਤੀ॥

ਗੁਰਮੁਖ ਸਾਧੁ ਚਰਣਾਮ੍ਰਿਤ ਨਿਧਾਨ ਪਾਨ
ਸਹਜ ਸਮਾਧਿ ਨਿਜ ਆਸਨ ਕੀ ਤਾਰੀ ਹੈ।

ਫਿਰ ਆਪ ਆਖਦੇ ਹਨ ਕਿ ਸ੍ਰੇਸ਼ਟ ਗੁਰਮੁਖਾਂ ਦੇ ਚਰਨਾਂ ਦਾ (ਨਿਧਾਨ) ਸਮੁੰਦਰ ਰੂਪੀ ਅੰਮ੍ਰਿਤ ਜਿਨਾਂ ਨੇ ਪੀਤਾ ਹੈ ਉਨ੍ਹਾਂ ਨੂੰ ਹੀ (ਨਿਜ) ਆਪਣੇ ਆਸਨ ਦੀ ਤਾਰੀ ਕੁੰਜੀ ਮਿਲੀ ਹੈ। ਅਤੇ ਸਹਿਜ ਹੀ ਸਮਾਧ ਉਨ੍ਹਾਂ ਦੀ ਲਗੀ ਹੈ।

ਗੁਰਮੁਖ ਸਾਧੂ ਚਰਣਾਮ੍ਰਿਤ ਪਰਮਪਦ
ਗੁਰਮੁਖ ਪੰਥ* ਅਬਿਗਤਿ† ਗਤਿ ਨਿਆਰੀ ਹੈ॥੧੨੭

ਜੋ ਫਿਰ ਆਪ ਆਖਦੇ ਹਨ ਕਿ ਜੈਹੀ ਗੁਰਮੁਖਾਂ ਦੇ ਚਰਨਾਂ ਦਾ ਅੰਮ੍ਰਿਤ ਜਿਨ੍ਹਾਂ ਪੀਤਾ ਹੈ। ਉਹ ਹੀ ਪਰਮ ਪਦ ਵਾਹਿਗੁਰੂ ਨੂੰ ਪਹੁੰਚ ਗਏ ਸੋ ਐਸੇ ਗੁਰ ਮੁਖਾਂ ਦਾ (ਪੰਥ) ਰਸਤਾ ਸਾਧ ਸੰਗਤ ਰੂਪੀ (ਅਬਿਗਤਿ, ਅਗਾਧ) ਜੋ ਹੈ। ਅਤੇ ਗੁਰਮੁਖਾਂ ਦੀ ਗਤਿ) ਰੀਤਿ ਭੀ ਵਖਰੀ ਹੈ॥੧੨੭॥

ਸਹਜ ਸਮਾਧ ਸਾਧ ਸੰਗਤ ਸਖਾ ਮਿਲਾਪ
ਗਗਨ ਘਟਾ ਘਮੰਡ ਜੁਗਤਿ ਕੈ ਜਾਨੀਐ।

ਆਪ ਆਖਦੇ ਹਨ ਕਿ ਸਾਧ ਸੰਗਤ ਦਾ ਮਿਲਾਪ (ਸਖਾ) ਮਿਤ੍ਰ ਰੂਪ ਹੁੰਦਾ ਹੈ। ਹੋਰ ਦ੍ਰਿਸ਼ਟਾਂਤ—ਜੈਸੇ ਆਕਾਸ਼ ਵਿਚ ਘਟਾਂ ਦਾ ਮਿਲਾਪ ਹੁੰਦਾ ਹੈ। ਪਰ ਉਹ ਪਰ ਉਪਕਾਰ ਵਾਸਤੇ ਹੁੰਦਾ ਹੈ। ਉਸਦਾ ਭਰਾ ਸਾਧਸੰਗਤ ਨਾਲ ਨਾਲ ਬੱਦਲਾਂ ਦੇ ਮਿਲਾਪ ਦਾ ਪ੍ਰਗਟ ਹੀ ਉਪਕਾਰ ਹੈ। ਤੇ ਸਖਿਆਂ ਦਾ ਗੁਪਤ ਉਪਕਾਰ ਹੈ। ਇਨ੍ਹਾਂ ਦੁਹਾਂ ਦੀ (ਜੁਗਤ) ਮਿਲਾਇਆਂ ਸਾਧ ਸੰਗਤ ਦਾ ਮਿਲਾਪ ਹੈ। ਸੁਭਾਵਕ ਹੀ ਸਾਧ ਸੰਗਤ ਵਿਚ ਜਿਸਦੀ ਬਿਰਤੀ ਲਗੀ ਰਹਿੰਦੀ ਹੈ। ਉਹ ਇਸ ਗੁਪਤ ਪਰ ਉਪਕਾਰ ਨੂੰ ਪ੍ਰਗਟ ਕਰਦਾ ਹੈ ਜੈਸੇ ਗਗਨ ਆਕਾਸ਼ ਵਿਚ ਘਟਾਂ ਦਾ ਘਮੰਡ ਇਕੱਠ ਹੈ। ਭਾਵ ਇਹ ਕਿ ਜਿਸ ਤਰਾਂ ਬਦਲਾਂ ਦੀ ਘਟਾ ਅਨੇਕ ਮੀਂਹ ਵਸਾਉਂਦੀ ਹੈ। ਤੇ ਸਭ ਜੀਵਾਂ ਦੀ ਪਾਲਨਾ ਉਹਦੇ ਵਸਨ ਨਾਲ ਹੁੰਦੀ ਹੈ।

ਸਹਜ ਸਮਾਧਿ ਕੀਰਤਨ ਗੁਰ ਸਬਦ ਕੈ
ਅਨਹਦ ਨਾਦ ਗਰਜਤ ਉਨਮਾਨੀਐ।

(ਸਿਖ) ਆਪਨੇ ਬੱਦਲਾਂ ਦਾ ਅਲੰਕਾਰ ਬਧਾ ਹੈ ਪਰ ਬੱਦਲ ਤਾਂ ਅਕਾਸ਼ ਵਿਚ ਜਾਕੇ ਗੱਜਦੇ ਹਨ। ਇਧਰ ਗਜਨਾ ਕੇਹੜਾ ਹੈ। ਸੋ ਮੈਨੂੰ ਖੋਲ੍ਹਕੇ ਦਸੋ।

(ਭਾਈ ਜੀ) ਇਕ ਰਸ (ਨਾਦ) ਸਬਦ ਦਾ ਗਰਜਨਾ ਇਹੋ ਹੀ ਹੁੰਦਾ ਹੈ। (ਉਨਮਾਨੀਐ) ਵਿਚਾਰ ਲੋ। ਜੋ ਗੁਰਮੁਖ ਗੁਰਾਂ ਦੇ ਸਬਦ ਦਾ ਕੀਰਤਨ ਕਰਦੇ

---

* ਅਬਿਗਤਿ ਦਾ ਅਖਰੀ ਅਰਥ ਜਿਸ ਪਾਸ ਨਾ ਪਹੁੰਚਿਆ ਜਾਵੇ।

† ਅਜਕਲ ਵੇਖਿਆ ਜਾਂਦਾ ਹੈ ਕਿ ਕਈ ਸਿਖ ਭਰਾ ਬਾਹਮਣਾਂ ਦੇ ਕਹੇ ਲਗ ਕੇ ਪਿਤ੍ਰਾਂ ਵਾਲੇ ਕਰਮ ਕਰਦੇ ਹਨ। ਅਤੇ ਗੰਗਾ ਆਦਿਕ ਤੀਰਥਾਂ ਤੇ ਜਾਕੇ ਆਪਣੀ ਕੁਰਬਾਨੀ ਕਰਾਉਂਦੇ ਹਨ ਪਰ ਅਫਸੋਸ ਕਿ ਏਥੇ ਭਾਈ ਗੁਰਦਾਸ ਜੀ ਪ੍ਰਗਟ ਕਰ ਆਖਦੇ ਹਨ ਕਿ ਖਾਲਸਾ ਪੰਥ ਦੀ ਰੀਤੀ ਹੀ ਵਖਰੀ ਹੈ॥

ਹਨ। ਅਤੇ ਸਹਿਜੇ ਹੀ ਤਿਰਵੀ ਲਗਾਕੇ ਇਕ ਨਾਦ ਸ਼ਬਦ ਦੇ ਗਾਜਣ ਦੇ ਅਨੰਦ ਨੂੰ ਲੈਂਦੇ ਹਨ। ਭਾਵ ਇਹ ਕਿ ਸ਼ਬਦਾਂ ਨੂੰ ਪੜ੍ਹਕੇ ਅਨੰਦ ਲੈਂਦੇ ਹਨ ॥

ਸਹਜ ਸਮਾਧ ਸਾਧ ਸੰਗਤਿ ਜੋਤੀ ਸਰੂਪ
ਦਾਮਨੀ ਚਮਤਕਾਰ ਉਨਮਨ ਮਾਨੀਐ।

(ਸਿਖ) ਉਧਰ ਬੱਦਲਾਂ ਦੇ ਵਿਚ ਬਿਜਲੀ ਭੀ ਹੁੰਦੀ ਹੈ। ਇਧਰ ਕੇਹੜੀ ਹੈ। ਸੋ ਮੈਨੂੰ ਦਸੋ। ਅਤੇ ਬੱਦਲ ਕੇਹੜੇ ਹਨ ॥

(ਭਾਈ ਜੀ) ਬਦਲ ਗੁਰਮੁਖ ਹਨ। ਸਾਧ ਸੰਗਤ ਦੇ ਮਨ ਵਿਚ ਜੋਤੀ ਸਰੂਪ ਅਕਾਲ ਪੁਰਖ ਵਾਹਿਗੁਰੂ ਦਾ ਜੋ (ਚਮਤਕਾਰਾ) ਪ੍ਰਕਾਸ਼ ਹੈ ਸੋਈ ਹੀ ਬਿਜਲੀ (ਉਨ) ਉਨ੍ਹਾਂ ਦੇ ਮਨ ਵਿਚ ਮਨ ਲੈ। ਅਤੇ ਸਹਿਜੇ ਹੀ ਸਮਾਧੀ ਲਗੀ ਰਹਿੰਦੀ ਹੈ। ਵਾਹਿਗੁਰੂ ਦੀ ਜੋਤ ਗੁਰਮੁਖਾਂ ਦੇ ਮਨ ਵਿਚ ਇਹ ਬਿਜਲੀ ਹੈ ॥

ਸਹਜ ਸਮਾਧ ਲਿਵ ਨਿਝਰ ਅਪਾਰ ਧਾਰ
ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ॥੨੮॥

(ਸਿਖ) ਉਧਰ ਬੱਦਲ ਵਰਖਾ ਭੀ ਬੜੀ ਕਰਦਾ ਹੈ। ਇਧਰ ਵਰਖਾ ਕਹੜੀ ਹੈ ॥

(ਭਾਈ ਜੀ) ਤੂੰ ਠੀਕ ਆਖਦਾ ਹੈਂ। ਕਿ ਉਧਰ (ਨਿਝਰ) ਇਕ ਰਸ ਅਪਾਰ ਧਾਰ ਬੱਦਲ ਜਲਦੀ ਬਾਰਸ਼ ਕਰਦਾ ਹੈ। ਸੋ ਏਧਰ ਬਾਤ ਇਹ ਹੈ ਕਿ ਇਕ ਰਸ ਅਪਾਰ ਧਾਰ ਬ੍ਰਹਮਾਨੰਦ ਵਾਹਿਗੁਰੂ ਦੇ ਆਨੰਦ ਦੀ ਬਰਖਾ ਹੁੰਦੀ ਹੈ। ਏਧਰ ਸਾਧ ਸੰਗਤ ਵਿਚ ਸਹਿਜੇ ਹੀ ਸਮਾਧੀ ਕਰਕੇ (ਲਿਵ) ਬਿਰਤੀ ਲਗ ਜਾਂਦੀ ਹੈ। ਉਧਰ ਪ੍ਰਤੱਖ ਹੀ ਮੀਂਹ ਵਸਨ ਨਾਲ ਜੌਂ-ਭਿਜ ਜਾਂਦੇ ਹਨ। ਅਤੇ ਨਾਲੇ ਮੀਂਹ ਵਸਨ ਨਾਲ ਸਾਰੇ ਹੀ (ਨਿਧਾਨੀਏ) ਖਜਾਨੇ ਦਾਣਿਆਂ ਨਾਲ ਭਰ ਜਾਂਦੇ ਹਨ। ਅਤੇ ਏਧਰ ਸਾਧ ਸੰਗਤ ਵਿਚ ਨਾਮ ਜਪਨ ਨਾਲ ਸਾਰੇ ਹੀ ਖਜਾਨੇ ਮਿਲ ਜਾਂਦੇ ਹਨ ॥ ੨੮॥

ਜੈਸੇ ਤੌ ਗੋ ਬੰਸ ਤ੍ਰਿਨ ਖਾਇ ਦੂਹੇ ਗੋਰਸ ਦੈ
ਗੋਰਸ ਔਟਾਏ ਦਧਿ ਮਾਖਨ ਪ੍ਰਗਾਸ ਹੈ।

ਭਾਈ ਜੀ—ਸਾਧਸੰਗਤ ਦੀ ਸੰਗਤ ਕਰਕੇ ਮਾੜੇ ਵੀ ਚੰਗੇ ਹੋ ਜਾਂਦੇ ਹਨ।

ਸਿਖ—ਤਿਨਾਂ ਉਤੇ ਮੈਨੂੰ ਕੋਈ ਦ੍ਰਿਸ਼ਟਾਂਤ ਦੇ ਕੇ ਦਸੋ।

ਭਾਈ ਜੀ—ਜੈਸੇ (ਤ੍ਰਿਨ) ਕੱਖ ਗਊਆਂ ਦੀ ਸੰਗਤ ਕਰਕੇ ਦੁਧ ਬਣ ਜਾਂਦੇ ਹਨ।

ਸਿਖ—ਘਾਹ ਦੁਧ ਹੋ ਜਾਂਦੇ ਹਨ ਅਤੇ ਆਪ ਦੁਧ ਹੋ ਅਗਲਾ

ਕਰੀ ਜਾਂਦੇ ਹੋ ॥

ਭਾਈ ਜੀ —(ਜੈਸੇ ਤੈਸੇ) ਜਿਸਤ੍ਰਾਂ (ਗੋਰਸ) ਗਾਈਆਂ ਦਾ "ਛੀਮ" ਵਰਗ ਮਾਹਿ ਜਾਂਦਾ ਹੈ ਅਤੇ ਜਦ ਉਸ ਵਰਗ ਨੂੰ (ਦੂਹੇ) ਚੋਈਏ ਤਾਂ (ਗੋਰਸ) ਦੁਧ ਦਿੰਦਾ ਹੈ ਅਤੇ ਜਦ ਉਸ (ਗੋਰਸ) ਦੁਧ ਨੂੰ (ਔਟਾਏ) ਕਾੜ੍ਹੀਏ ਤਾਂ (ਦਧਿ) ਦਹੀ ਬਣਦਾ ਹੈ ਅਤੇ ਫਿਰ ਰਿੜਕਾਏ ਤੇ ਮੱਖਨ (ਪ੍ਰਗਾਸ) ਪ੍ਰਗਟ ਹੁੰਦਾ ਹੈ ਭਾਵ ਮੱਖਨ ਬਣਦਾ ਹੈ ਫਿਰ ਅਗੋਂ ਘਿਓ ਆਦਿਕ ॥

ਨੋਟ - ਭਾਵੇਂ ਇਹ ਅਖਰੀ ਅਰਥ ਹੈ ਪਰ ਜਿਸ ਪ੍ਰਕਰਣ ਨੂੰ ਛੁਹਿਆ ਹੈ ਅਤੇ ਜਿਸ ਪ੍ਰਕਰਣ ਦੀ ਅਗੇ ਪੰਗਤੀ ਪਈ ਹੈ ਉਸ ਨਾਲ ਇਹ ਅਰਥ ਨਹੀਂ ਨਿਭਦਾ ॥

ਊਖ ਮੈ ਪਿਯੂਖ ਤਨ ਖੰਡ ਖੰਡ ਕੈ ਪਰਾਏ

ਰਸ ਕੈ ਔਟਾਏ ਖੰਡ ਮਿਸਰੀ ਮਿਠਾਸ ਹੈ ।

(ਉਪਰੋਂ) ਜੈਸੇ ਨਾਲੀਆਂ ਟੋਭਿਆਂ ਦਾ ਜਲ ਖੇਤ ਵਿਚ ਜਾਕੇ ਗੰਨੇ ਦੀ ਸੰਗਤ ਕਰਕੇ ਅੰਮ੍ਰਿਤ ਬਣ ਜਾਂਦਾ ਹੈ ॥

ਅਖਰੀ ਅਰਥ — ਜੈਸੇ (ਊਖ) ਗੰਨੇ ਵਿਚ (ਪਯੂਖ) ਅੰਮ੍ਰਿਤ ਹੈ ਇਸੀ ਵਾਸਤੇ ਓਹ ਅਪਨੇ (ਤਨ) ਸਰੀਰ ਨੂੰ (ਖੰਡ ਖੰਡ) ਟੁਕੜੇ ਟੁਕੜੇ ਕਰਕੇ (ਪਰਾਏ) ਪੀੜਾਉਂਦਾ ਹੈ ਅਤੇ ਫਿਰ ਉਸ ਵਿਚੋਂ (ਰਸ) ਰਹੁ ਨਿਕਲਦੀ ਹੈ ਉਸ ਰਸ ਨੂੰ ਜਦ (ਔਟਾਏ) ਕਾੜ੍ਹੀਏ ਤਾਂ ਖੰਡ ਬਣਦੀ ਹੈ ਅਤੇ ਮਿਸਰੀ ਬਣਦੀ ਹੈ ਅਤੇ ਹੋਰ ਕਈ ਤਰਾਂ ਦਾ ਮਿਠਾ ਬਣਦਾ ਹੈ ॥

ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ

ਢਾਕ ਔ ਪਲਾਸ ਜੈਸੇ ਚੰਦਨ ਸੁਬਾਸ ਹੈ ।

ਜੈਸੇ ਚੰਦਨ ਬ੍ਰਿਛ ਦੀ ਸੁਗੰਧੀ ਦਾ (ਸਨਬੰਧ) ਮਿਲਾਪ ਕਰਕੇ ਸਾਰੀ (ਬਨਾਸਪਤੀ) ਜੋ ਜਗਤ ਪਰ ਸਥਿਤ ਹੈ ਤੇ (ਢਾਕ) ਢਕ ਦੇ (ਪਲਾਸ) ਛਿਛਰੇ ਦਾ ਛੋਟੇ ਵਡੇ ਬੂਟੇ ਛਿਛਰਿਆਂ ਦੇ ਸਾਰੇ ਹੀ ਚੰਦਨ ਬ੍ਰਿਛ ਦੀ (ਸੁਬਾਸ) ਸ੍ਰੇਸ਼ਟ ਬਾਸ਼ਨਾ ਵਾਲੇ ਹੋ ਜਾਂਦੇ ਹਨ ਭਾਵ ਸਾਧ ਸੰਗਤ ਦੀ ਸੰਗਤ ਕਰਕੇ ਸਾਰਾ ਸੰਸਾਰ ਸ਼ਗਤੀ ਕਰਨ ਵਾਲਾ ਹੋ *ਜਾਂਦਾ ਹੈ ॥

ਸਾਧ ਸੰਗ ਮਿਲਤ ਸੰਸਾਰੀ ਨਿਰੰਕਾਰੀ ਹੋਤ

ਗੁਰਮਤ ਪਰਉਪਕਾਰ ਕੈ ਨਿਵਾਸ ਹੈ ।।੧੨੯।।

---

*ਪਰ ਇਹ ਦ੍ਰਿਸ਼ਟਾਂਤ ਭੀ ਦਾਸ਼ਟਾਂਤ ਵਿਚ ਕੱਚਾ ਰਿਹਾ ਹੈ ਇਸ ਵਾਸਤੇ ਇਹ ਅਰਥ ਠੀਕ ਨਹੀਂ ਕਿਉਂਕਿ ਦਾਸ਼ਟਾਂਤ ਅਗੇ ਆਇਆ ਹੈ ॥

ਇਸੀ ਤਰਾਂ ਸਾਧ ਸੰਗਤ ਨੂੰ ਮਿਲਕੇ ਭਾਵ ਧਪਿਲ (ਸੰਸਾਰੀ) ਸੰਸਾਰ ਦੇ ਆਦਮੀ (ਅਪਵਿਤ੍ਰ) ਮਾੜੇ ਸਨ ਪਰ ਫਿਰ (ਨਿਰੰਕਾਰੀ) ਵਾਹਿਗੁਰੂ ਦੇ ਨਾਮ ਜਪਣ ਵਾਲੇ ਸ੍ਰੁਪ ਹੋਗਏ ਇਸੀ ਵਾਸਤੇ ਗੁਰਮਤ ਵਾਲੇ ਗੁਰ ਮੁਖਾਂ ਦਾ ਪਰਉਪਕਾਰ ਵਿਚ ਨਿਵਾਸ ਹੈ ਭਾਵ ਪਰਉਪਕਾਰ ਕਰਦੇ ਹਨ ॥

ਪਰ ਇਹ ਅਰਥ ਠੀਕ ਨਹੀਂ ਹੈ ਭਾਤੇ ਐਉਂ ਕਰਨਾ ਚਾਹੀਏ ਕਿ ਸਾਧ ਸੰਗਤ ਨਾਲ (ਸੰਸਾਰੀ) ਪਾਪੀ ਜੀਵ ਮਿਲਕੇ ਅਤੇ ਗੁਰਮਤ ਨੂੰ ਧਾਰ ਕੇ (ਨਿਰੰਕਾਰੀ) ਭਗਤ ਹੋ ਗਏ ਪਰ ਸਿਖ ਆਖਦਾ ਹੈ ਕਿ ਮੈਂ ਉਨ੍ਹਾਂ ਨੂੰ ਕੇਸੇ ਲਾਹਾ ਕਿ ਓਹ ਮਾੜਿਆਂ ਤੋਂ ਚੰਗੇ ਬਣ ਗਏ ਹਨ ਭਾਤੇ ਆਪ ਆਖਦੇ ਹਨ ਕਿ ਉਹਨਾਂ ਦਾ ਪਰ ਉਪਕਾਰ ਹੀ ਕਰਨਵਲ ਖਿਆਲ ਹੈ ॥ ੨੯੬ ॥

ਕੋਟਿਨ ਕੋਟਾਨ ਮਿਸਟਾਨ ਪਾਨ ਸੁਧਾ ਰਸ
ਪੁਜਸ ਨ ਸਾਧ ਮੁਖ ਮਧੁਰ ਬਚਨ ਕੌ ।

(ਸਿਖ) ਸਾਧਾਂ ਵਿਚ ਕਿਆ ਗੁਣ ਹੈ ਜਿਸ ਕਰਕੇ ਇਤਨਾ ਮਿਲਾਪ ਦਾ ਪਰਤਾਪ ਆਪ ਨੇ ਕਾਬਲ ਕੀਤਾ ਹੈ—

ਭਾਈ ਜੀ—" ਕੋਟਿਨ ਮਿਸਟਾਨ "

ਕਰੋੜਾਂ ਹੀ ਮਾਲੇਹੇ ਕੁ ਮਿਠੇ ਸੰਸਾਰ ਉਪਰ ਹਨ ॥

" ਕੋਟਾਨ ਸੁਧਾਰਸ " ਕਰੋੜਾਂ ਹੀ ਅੰਮ੍ਰਿਤ ਹੋਨ

(ਪਾਨ) ਪੀਨੇ ਵਾਲੇ ਪਰ (ਪੁਜਸ ਨ) ਪਹੁੰਚ ਨਹੀਂ ਸਕਦੇ (ਆਪ) ਗੁਰਮੁਖਾਂ ਦੇ ਮੁਖੋਂ ਜੋ (ਮਧੁਰ) ਮਿਠੇ ਬਚਨ ਨਿਕਲਦੇ ਹਨ ਭਾਵ ਗੁਰਮੁਖਾਂ ਦੇ ਮਿਠੇ ਬਚਨਾਂ ਨੂੰ ਇਤਯਾਦਕ ਮਿਠੇ ਨਹੀਂ ਪਹੁੰਚ ਸਕਦੇ ਜਿਸ ਨਾਲ ਜੀਵੇ ਪੀਰ ਜਹਿਲੇ ਦ ਮਿਠੇ (ਬਚਨ) ਖਿਲਾਫ ਕਰਦੇ ਹਨ ਉਸਨੂੰ ਮੋਹਤ ਕਰ ਲੈਂਦੇ ਹਨ ॥

ਸੀਤਲ ਸੁਗੰਧਿ ਚੰਦ ਚੰਦਨ ਕੋਟਾਨ ਕੋਟ
ਪੁਜੈਸ ਨ ਸਾਧ ਅਤਿ ਨਿਮ੍ਰਤਾ *ਸਚਨ ਕੌ ।

ਕਰੋੜਾਂ ਹੀ (ਚੰਦ) ਚੰਦ੍ਰਮਾਂ ਦੀਆਂ ਸੀਤਲਤਾਈਆਂ ਅਤੇ ਕਰੋੜਾਂ ਹੀ (ਚੰਦਨ) ਬ੍ਰਿਛ ਦੀਆਂ ਸੁਗੰਧੀਆਂ ਪੁਜ ਨਹੀਂ ਸਕਦੀਆਂ ਸੰਤਾਂ ਨੂੰ ਜੋ ਨਿੰਮ੍ਰਤਾ ਰੂਪੀ ਤਰਾਜੀ (ਸਚਨ) ਪ੍ਰਾਪਤ ਹੋ ਰਹੀ ਹੈ ਭਾਵ ਜੋ ਸੰਤਾਂ ਦੀ ਮਤ ਵਿਚ ਨਿੰਮ੍ਰਤਾ ਹੈ ਕਿ ਸਭ ਅਗੇ ਨਿਵ ਚਲਨਾ ਇਸਦੇ ਬਰਾਬਰ ਓਹ ਚੰਦ ਤੇ ਚੰਦਨ ਨਹੀਂ ॥

---

* ਸਚਨ ਦਾ ਅਖਰੀ ਅਰਥ ਸਦਾ ਹੈ ਜੇਸੇ ਸਦੇ ਫਿਰ ਚਾਲਦੇ ਸੋਨੇ ਆਦਕ ਦਾ ਰਹਦਾ ਬਨੇ ਲਈ ਦਾ ਹੈ ਕੇ ਨਿਮ੍ਰਤਾ ਸਤਲ ਬਦਨ ਹੈ ।

ਕੋਟਨ ਕੋਟਾਨ ਕਾਮਧੇਨ ਔ ਕਲਪਤਰ
ਪੂਜਸ ਨ ਕਿਰਤ ਕਟਾਛ ਕੇ ਰਚਨ ਕੈ।

ਕਰੋੜਾਂ ਹੀ (ਕਾਮਧੇਨ) ਸੁਰਗ ਦੀਆਂ ਗਊਆਂ ਅਤੇ ਕਰੋੜਾਂ ਹੀ (ਕਲਪ ਤਰ) ਸੁਰਗ ਦੇ ਬ੍ਰਿਛ ਪਹੁੰਚ ਨਹੀਂ ਸਕਦੇ ਗੁਰਮੁਖਾਂ ਦੀ (ਕਿਰਤ) ਥੋੜੀ ਜੇਹੀ (ਕਟਾਛ) ਕ੍ਰਿਪਾ ਦ੍ਰਿਸ਼ਟੀ ਦੇ (ਰਚਨ) ਕਰਨ ਦੇ ਅਗੇ ਭਾਵ ਜੋ ਗੁਰਮੁਖ ਇਕ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਜਗਤ ਪਰ ਕਰਦੇ ਹਨ ਤੇ ਉਨ੍ਹਾਂ ਨੂੰ ਅਨੇਕ ਫਲ ਪ੍ਰਾਪਤ ਹੋ ਜਾਂਦੇ ਹਨ ਇਸ ਵਾਸਤੇ ਕਾਮਧੇਨ ਕਲਪ ਬ੍ਰਿਛ ਨਹੀਂ ਗੁਰਮੁਖਾਂ ਨੂੰ ਪਹੁੰਚ ਸਕਦੇ ॥

ਸਰਬ ਨਿਧਾਨ ਫਲ ਸਕਲ ਕੋਟਾਨ ਕੋਟ
ਪੂਜਸ ਨ ਪਰਉਪਕਾਰ ਕੇ ਖਚਨ ਕੈ ॥ ੨੩੦ ॥

ਕਰੋੜਾਂ ਹੀ ਸਾਰੇ (ਨਿਧਾਨ) ਖਜ਼ਾਨੇ ਅਤੇ ਕਰੋੜਾਂ ਹੀ ਸਾਰੇ ਫਲ ਜੋ ਹੈ ਇਹ ਪਹੁੰਚ ਨਹੀਂ ਸਕਦੇ ਗੁਰਮੁਖਾਂ ਦੇ ਪਰਉਪਕਾਰ ਦੇ (ਖਚਨ) ਕਰਨ ਅਗੇ ਭਾਵ ਜੋ ਗੁਰਮੁਖ ਪਰਉਪਕਾਰ ਦੇ (ਵਿਚ) (ਖੱਚਨ) ਖਚਤ ਹੋਏ ਹੋਏ ਹਨ ਜਿਆ ਲਗੇ ਹੋਏ ਹਨ ਇਸ ਵਾਸਤੇ ਓਹ ਫਲ ਖਜ਼ਾਨੇ ਨਹੀਂ ਪਹੁੰਚ ਸਕਦੇ ॥

ਕੋਟਨ ਕੋਟਾਨ ਰੂਪ ਰੰਗ ਅੰਗ ਅੰਗ ਛਬਿ
ਕੋਟਨ ਕੋਟਾਨ ਸ੍ਵਾਦ ਰਸ ਬਿੰਜਨਾਦਿ ਕੈ।

ਕਰੋੜਾਂ ਹੀ ਅੰਗਾਂ ਦੇ ਜੋ ਰੂਪ ਹੈਂ ਅਤੇ ਕਰੋੜਾਂ ਹੀ ਅੰਗਾਂ ਦੇ ਰੰਗਾਂ ਦੀ ਜੋ (ਛਬਿ) ਉਪਮਾ ਹੈ ਅਤੇ ਕਰੋੜਾਂ ਹੀ ਰਸਾਂ ਦੇ ਸ੍ਵਾਦ ਅਤੇ ਕਰੋੜਾਂ ਹੀ (ਬਿੰਜਨਾਦਿ) ਭੋਜਨ ਆਦਕਾਂ ਦੇ ਸ੍ਵਾਦ ਮਿਠੇ ਸਲੂਣੇ ਆਦਕਾਂ (ਹੈ) ਦੇ॥

ਕੋਟਨ ਕੋਟਾਨ ਕੋਟਿ ਬਾਸਨਾ ਸੁਬਾਸ ਰਸ
ਕੋਟਨ ਕੋਟਾਨ ਕੋਟ ਰਾਗ ਨਾਦ ਬਾਦ ਕੈ।

੧ ਕੋਟਨਿ ਬਾਸਨਾ=ਕਰੋੜਾਂ ਹੀ ਫੁਲਾਂ ਦੀਆਂ ਵਾਸਨਾਂ
੨ ਕੋਟਾਨ ਸੁਬਾਸ=ਕਰੋੜਾਂ ਹੀ ਅਤਰ ਆਦਕ ਦੀਆਂ ਵਾਸਨਾ
੩ ਕੋਟਿ ਰਸ=ਕਰੋੜਾਂ ਹੀ ਕਾਵ੍ਯ ਦੇ ੯ ਰਸ ਵਾ ਖਾਣੇ ਦੇ ੬ ਰਸ
੪ ਕੋਟਨ ਰਾਗ=ਕਰੋੜਾਂ ਹੀ ਰਾਗ
੫ ਕੋਟਾਨ ਨਾਦ=ਕਰੋੜਾਂ ਹੀ ਅਵਾਜ਼ ਵਾਜਿਆਂ ਦੇ
੬ ਕੋਟਿ ਬਾਦ=ਕਰੋੜਾਂ ਹੀ ਵਜਾਵੇ ਜਿਸ ਤਰਾਂ ਕਿ ਢੋਲ (ਹੈ) ਇਤਿਆਦਿਕ ਆਦ ਵਾਜਾ।

ਕੋਟਿਨ ਕੋਟਾਨ ਕੋਟਿ ਰਿਧ ਸਿਧਿ ਨਿਧੇ ਸੁਧਾ
ਕੋਟਨ ਕੋਟਾਨ ਗਿਆਨ ਧਿਆਨ ਕਰਮਾਦਕੈ ।

੧ ਕੋਟਿਨ ਰਿਧ=ਕਰੋੜਾਂ ਹੀ ਰਿਧੀਆਂ
੨ ਕੋਟਾਨ ਸਿਧਿ=ਕਰੋੜਾਂ ਹੀ ਸਿਧੀਆਂ
੩ ਕੋਟਿ ਨਿਧੇ=ਕਰੋੜਾਂ ਹੀ ਨਿਧੀਆਂ

(ਸੁਧਾ) ਅੰਮ੍ਰਿਤ । ਨੋਟ—ਕਰੋੜਾਂ ਹੀ ਅੰਮ੍ਰਿਤ ਪਰ ਇਸਦਾ ਕਰੋੜ ਅਰਥ ਉਪਰੋਂ ਲਿਆਉਣਾ ਪੈਂਦਾ ਹੈ ਇਸੀ ਵਾਸਤੇ ਇਸਦਾ ਅਰਥ (ਸੁਧਾ) ਕੇਵਲ ਕਰਦੇ ਹਨ ਅਤੇ ਕਰੋੜਾਂ ਹੀ ਗਿਆਨ ਧਿਆਨ ਤੇ ਕ੍ਰੋੜਾਂ ਹੀ ਕਰਮਾਦ ਕਰਮ ਧਰਮ ਆਦੀ (ਕੈ) ਦੇ ॥

ਸਕਲ ਪਦਾਰਥ ਹੈ ਕੋਟਨ ਕੋਟਾਨ ਗੁਣ
ਪੂਜਸ ਨ ਸਾਧ ਉਪਕਾਰ ਬਿਸਮਾਦਕੈ ॥੧੨੧॥

ਸਾਰੇ ਇਹ ਜੋ ਪੀਛੇ ਪਦਾਰਥ ਗਿਣਨੇ ਕੀਤੇ ਹਨ ਭਾਵੇਂ ਇਹ ਕਿ ਕਰੋੜਾਂ ਕਰੋੜਾਂ ਹੀ (ਗੁਣ) ਗੁਣਾ ਭਾਵੇਂ ਹੋਣ ਭਾਵ ਕਿਆ ਕਿ ਭਾਵੇਂ ਬਹੁਤ ਹੋਣ ਪਰ ਪਹੁੰਚ ਨਹੀਂ ਸਕਦੇ (ਸਾਧ) ਗੁਰਮੁਖਾਂ ਦੇ (ਬਿਸਮਾਦ) ਅਸਚਰਜ ਦੇ ਪਰਉਪਕਾਰ ਕਰਨ ਦੇ ਅਗੇ ਭਾਵ ਜੋ ਗੁਰਮੁਖ ਪਰਉਪਕਾਰ ਕਰਦੇ ਹਨ ਉਸ ਦੀ ਬਰਾਬਰੀ ਇਹ ਪਦਾਰਥ ਨਹੀਂ ਕਰ ਸਕਦੇ ॥ ੧੨੧ ॥

ਅਜਯਾ ਅਧੀਨ ਤਾਤੇ ਪਰਮ ਪਵਿਤ੍ਰ ਭਈ
ਗਰਬ ਕੈ ਸਿੰਘ ਦੇਹ ਮਹਾਂ ਅਪਵਿਤ੍ਰ ਹੈ ।

ਸਿਖ ਐਸੀ ਜੋ ਆਪਨੇ ਸੇਵਕਾਂ ਦੇ ਚਰਨਾਂ ਦੀ (ਮਹਤਤਾ) ਵਡਿਆਈ ਕਥਨ ਕੀਤੀ ਹੈ ਸੋ ਕਿਸ ਕਾਰਨ ਕਰਕੇ ਹੈ ॥

ਭਾਈ ਜੀ—ਨਿਮ੍ਰਤਾ ਕਰਕੇ ਭਾਵ ਕਿ ਗੁਰਮੁਖਾਂ ਨੇ ਨਿਮ੍ਰਤਾ ਧਾਰਨ ਕੀਤੀ ਹੈ ਇਸ ਵਾਸਤੇ ਉਨ੍ਹਾਂ ਦੇ ਚਰਨਾਂ ਦੀ ਮਹਤਤਾ ਹੈ ॥

ਸਿਖ—ਉਸ ਉਪਰ ਮੈਨੂੰ ਕੋਈ ਦ੍ਰਿਸਟਾਂਤ ਦਿਓ

ਭਾਈ ਜੀ—ਦੇਖ ਜੈਸੇ (ਅਜਯਾ) ਬਕਰੀ (ਅਧੀਨ) ਨਿਮਾਣੀ ਗਰੀਬ ਹੈ ਇਸ ਵਾਸਤੇ ਓਹ ਪਰਮ ਪਵਿਤ੍ਰ ਰੂਪ ਹੋਗਈ ਹੈ ਭਾਵ ਕੀ ਕਿ ਮਾਸ ਚੰਮ ਰੂਪ ਸਭ ਵਸਤੂ ਬਕਰੀ ਦੀ ਕੰਮ ਆਉਂਦੀ ਹੈ, ਪਰ ਉਸ ਵਿਚ ਗੁਣ ਏਹੋ ਹੈ ਜਿ ਓਹ ਨਿਮ੍ਰਤਾ ਕੋ ਧਾਰਦੀ ਹੈ ਅਤੇ ਸ਼ੇਰ ਅਭਿਮਾਨ ਕਰਦਾ ਹੈ ਇਸ ਵਾਸਤੇ ਦੇਹ ਉਸਦੀ ਬਹੁਤ ਮਾੜੀ ਹੈ ਭਾਵ ਕੀ ਕਿ ਸ਼ੇਰ ਦਾ ਇਕ ਰੋਮ ਜਿਸ ਦੇ ਅੰਦਰ ਲੰਘ ਜਾਵੇ ਉਸਨੂੰ ਮਾਰ ਦੇਂਦਾ ਹੈ ॥

ਨੋਟ—ਭਾਵੇਂ ਨੋਰ ਦੀ ਪਕੜੀ ਆਪਕ ਵੀ ਰੰਮ ਆਉਂਦੀ ਹੈ ਪਰ ਇਸ ਜਗਾ ਹੰਕਾਰ ਪਣੇ ਦੇ ਪ੍ਰਸੰਗ ਅਨੁਸਾਰ ਮਕ ਢੁਕਦੀ ਉਸਕੀ ਆਪਿਤ੍ਰ ਕਹੀ ਜਾਂਦੀ ਹੈ॥

ਮੋਨ ਬ੍ਰਤ ਗਹੇ ਜੈਸੇ ਊਖ ਮੈ ਪਯੂਖ ਰਸ
ਬਾਂਸ ਬਕ* ਬਾਨੀ ਕੈ ਸੁਗੰਧਤਾ ਨ ਸਿੰਤ੍ਰ ਹੈ।

ਜੈਸੇ (ਮੋਨ ਬ੍ਰਤ) ਚੁਪ ਕਰਣ (ਗਹੇ) ਪਕੜਨੇ ਸੇ (ਊਖ) ਗੰਨੇ ਵਿਚ (ਪਿਯੂਖ ਰਸ) ਅੰਮ੍ਰਿਤ ਦਾ ਸੁਆਦ ਹੈ ਭਾਵ ਕੀ ਕਿ ਗੰਨਾਂ ਪਲੀ ਵਿਚ ਚੁਪ ਕਰ ਰਹਿੰਦਾ ਹੈ ਇਸੀ ਵਾਸਤੇ ਉਸਦੀ ਰਹੁ ਮਿਠੀ ਹੁੰਦੀ ਹੈ (ਊਖ) ਨਾਮ ਸੂਰਜ ਦੀਆਂ ਕਿਰਨਾਂ ਦਾ ਵੀ ਹੈ ਪਰ ਇਸ ਜਗਾ ਸਬੰਧ ਨਹੀਂ ਜੁੜਦਾ ਅਤੇ (ਬਾਂਸ) ਵਾਂਸ (ਬਕ) ਵਿਅਰਥ ਹੀ ਬਾਨੀ ਬੋਲਣੀ (ਕੈ) ਕਰਦਾ ਹੈ ਇਸੀ ਵਾਸਤੇ ਉਸ ਵਿਚ ਚੰਦਨ ਬ੍ਰਿਛ ਦੀ ਸੁਗੰਧਤਾ ਨਹੀਂ (ਸਿਤ੍ਰ) ਮਿਲਦੀ ਭਾਵ ਵਾਂਸ ਵਿਚ ਉਚਤਾਈ ਕਰਕੇ ਸੁਗੰਧੀ ਨਹੀਂ ਹੁੰਦੀ॥

ਮੂਲ ਹ੍ਵੈ ਮਜੀਠ ਰੰਗ ਸੰਗ ਸੱ ਸੰਗਾਤੀ ਭਏ
ਫੂਲ ਹ੍ਵੈ ਕਸੁੰਭ ਰੰਗ ਚੰਚਲ ਚਰਿੱਤ੍ਰ ਹੈ।

"ਨੀਵੀ ਦਾ ਪ੍ਰਸੰਗ"

ਮਜੀਠ (ਮੂਲ) ਮੁੱਢ ਨਾਲ ਹੁੰਦੀ ਹੈ ਸੋ ਨਿਮ੍ਰਤਾਨੂੰ ਧਾਰਕੇ (ਸੰਗਾਤੀ) ਕਪੜਿਆਂ ਨੂੰ ਰੰਗ ਕਰਕੇ ਫਿਰ ਉਨ੍ਹਾਂ ਦੇ (ਸੰਗ) ਨਾਲ ਹੀ ਰਲੀ ਰਹਿੰਦੀ ਹੈ ਭਾਵ ਜਦ ਮਜੀਠ ਨੂੰ ਕਾੜ੍ਹੀਏ ਤਾਂ ਗਾੜ੍ਹਾ ਰੰਗ ਦੇਂਦੀ ਹੈ ਤੇ ਕਪੜੇ ਮਜੀਠ ਦਾ ਮੇਲ ਕਰਕੇ ਗਾੜ੍ਹੇ ਰੰਗ ਵਾਲੇ ਹੋਜਾਂਦੇ ਹਨ॥

(ਸੰਗਾਤੀ ਸਰੀਰ ਦੇ ਨਾਲ ਰਹਿਨ ਵਾਲੇ ਸੋ ਕੌਨ ਕਪੜੇ)

ਅਤੇ ਜੋ ਕਸੁੰਭੇ ਦੇ ਫੁਲ ਦਾ ਰੰਗਹੈ ਉਸਦਾ ਰੰਗ ਥੋੜੇ ਦਿਨ ਚਾਰ ਤੇ ਚੰਚਲ (ਚਰਿਤ੍ਰ) ਤਮਾਸ਼ਾ ਉਸਦਾ ਹੁੰਦਾ ਹੈ ਭਾਵ ਐਵੇਂ ਪਾਣੀ ਦਾ ਛੁਟਕਾ ਯਾ ਧੁਪ ਲਗੀ ਤਾਂ ਤੁਰਤ ਉਡ ਜਾਂਦਾ ਹੈ ਭਾਵ ਕੀ ਕਿ ਕਸੁੰਭਾ ਉਚਾ ਹੁੰਦਾ ਹੈ ਇਸ ਵਾਸਤੇ ਹੰਕਾਰੀ ਦਾ ਰੰਗ ਠੀਕ ਨਹੀਂ ਹੈ ਐਵੇਂ ਕੌਤਕ ਦਿਖਾਵਾ ਹੀ ਹੁੰਦਾ ਹੈ॥

ਤੈਸੇ ਹੀ ਅਸਾਧ ਸਾਧ ਦਾਦਰ ਔ ਮੀਨ ਗਤਿ
ਛੁਪਤ ਪ੍ਰਗਟ ਮੋਹ ਦ੍ਰੋਹ ਕੈ ਬਚਿੱਤ੍ਰ ਹੈ ॥ ੧੩੨॥

---

*ਬਾਨੀ ਦੀ ਜਗਾ ਪਾਨੀ ਵੀ ਪਾਠ ਹੁੰਦਾ ਹੈ ਸੋ ਜਿਸ ਦਾ ਅਰਥ ਭਾਵੇਂ ਪਾਣੀ ਦੇ ਕਿਨਾਰੇ ਪਰ (ਬਕ) ਬਗਲਾ (ਬਾਸ) ਵਸਦਾ ਹੈ ਪਰ ਇਹ ਅਰਥ ਲਗ ਨਹੀਂ ਚਲ ਸਕਦਾ ਇਸ ਵਾਸਤੇ ਠੀਕ ਨਹੀਂ ਹੈ॥

ਵੈਸੇ ਹੀ ਅਮਾਪ ਤੇਵਰ ਦਾ ਪ੍ਰਗਟ ਹੋਣਾ ਹੈ ਭਾਵ ਕੀ ਜਿ ਗਾਂਡਾ ਲਾਪ ਜੀ ਤੱਕੂ ਬਾਂਗੂ ਹੈ। ਬਹੁਤ ਸ਼ੋਭਨ ਵਾਲਾ ਫਲ ਫਲ ਦੀਆਂ ਸ਼ਾਖਾਂ ਉਸਦਾ ਪ੍ਰਗਟ ਹੀ ਨਗੋਂ ਵਾਲਾ (ਬਰਿਛੂ) ਸੁੰਦਰ ਭਾਸਾ ਹੈ ਭਾਵ ਓਹ ਠਗ ਹੈ ਅਤਿ ਜੋ ਦਾਰੂ ਹੈ ਮਿਥ ਜੋ ਸਾਧ ਹੈਂ (ਮੀਨ) ਮਛੀ ਦੀ (ਗਤਿ) ਨਿਆਈਂ ਇਹਨਾਂ ਦਾ ਗੁਪਤ (ਮੋਹ) ਛਪਿਆ ਹੋਇਆ ਪ੍ਰੇਮ ਹੈ ਭਾਵ ਮਛੀ ਦੀ ਨਿਆਈਂ ਨਾਮ ਜਲ ਵਿਚ ਪ੍ਰੇਮ ਹੈ॥ ੧੬੨ ॥

ਪੂਰਨ ਬ੍ਰਹਮ ਧਯਾਨ ਪੂਰਨ ਬ੍ਰਹਮ ਗਯਾਨ
ਪੂਰਨ ਭਗਤ ਸਤਿਗੁਰ ਉਪਦੇਸ਼ ਹੈ।

ਸਿਖ–ਜਿਨਹਾਂ ਗੁਰਾਂ ਦੇ ਉਪਦੇਸ਼ ਕਰਕੇ ਐਸੀ ਗਿਆਨ ਗੁਰਮੁਖਾਂ ਨੂੰ ਪ੍ਰਾਪਤ ਹੋਈ ਹੈ ਅਤੇ ਐਸੀ ਮਹਤਤਾ ਵਡਿਆਈ ਵਾਲੇ ਹੋਏ ਹਨ ਪਰ ਓਹ ਆਪ ਗੁਰੂ ਕੈਸੇ ਹਨ।

ਭਾਈ ਜੀ–ਪੂਰਨ ਬ੍ਰਹਮ ਵਾਹਿਗੁਰੂ ਦਾ ਹੀ ਗੁਰੂ ਧਯਾਨ ਕਰਦੇ ਹਨ ਤੇ ਪੂਰਨ (ਬ੍ਰਹਮ) ਵਾਹਿਗੁਰੂ ਦਾ ਹੀ ਗਯਾਨ ਹੈ ਗੁਰਾਂ ਨੂੰ ਭਾਵ ਕਿ ਆਪ ਅਕਾਲ ਪੁਰਖ ਦਾ ਨਾਮ ਜਪਦੇ ਹਨ ਅਤੇ ਪੂਰਨ ਹੀ ਭਗਤੀ ਕਾ ਆਪਣੇ ਸਿਖਾਂ ਨੂੰ ਸਤਿਗੁਰੂ ਉਪਦੇਸ਼ ਕਰਦੇ ਹਨ ਭਾਵ ਸਿਖਾਂ ਨੂੰ ਵਾਹਿਗੁਰੂ ਦੀ ਭਗਤੀ ਕਰਨੀ ਦਸਦੇ ਹਨ॥

ਕਈ ਐਉਂ ਭੀ ਇਸ ਦਾ ਅਰਥ ਕਰਦੇ ਹਨ ਕਿ ਪੂਰਨ ਵਾਹਿਗੁਰੂ ਦਾ ਸਰੂਪ ਜੋ ਸਤਿਗੁਰੂ ਹੈ ਓਸਦਾ ਹੀ ਗੁਰਮੁਖ ਧਿਆਨ ਕਰਦੇ ਹਨ ਅਤੇ ਵਾਹਿਗੁਰੂ ਦੇ ਸਰੂਪ ਦਾ ਹੀ ਰੂਪ ਜੋ ਸਤਿਗੁਰੂ ਹੈ ਉਸਦਾ ਹੀ ਉਨਹਾਂਨੂੰ ਗਯਾਨ ਹੋਯਾ ਹੈ ਅਤੇ ਗੁਰਾਂ ਦਾ ਉਪਦੇਸ਼ ਭੀ ਓਨ੍ਹਾਂ ਨੂੰ ਮਿਲਿਆ ਹੈ ਇਸੀ ਵਾਸਤੇ ਗੁਰਮੁਖ ਭਗਤੀ ਕਰਕੇ ਪੂਰਨ ਹੋਏ ਹਨ॥

ਜੈਸੇ ਜਲ ਆਪਾ ਖੋਇ ਬਰਨ ਬਰਨ ਮਿਲੈ
ਤੈਸੇ ਹੀ ਬਿਬੇਕੀ ਪਰਮਾਤਮ ਪ੍ਰਵੇਸ ਹੈ।

ਜੈਸੇ ਪਾਣੀ (ਆਪਾ) ਹੰਕਾਰ ਨੂੰ ਦੂਰ ਕਰਕੇ (ਬਰਨ ੨) ਰੰਗਾਂ ਦੇ ਵਿਚ ਮਿਲ ਜਾਂਦਾ ਹੈ ਭਾਵ ਕੀ ਕਿ ਜੋ ਰੰਗ ਪਾਣੀ ਵਿਚ ਪਾਈਏ ਉਸ ਰੰਗ ਦੇ ਨਾਲ ਹੀ ਪਾਣੀ ਮਿਲ ਜਾਂਦਾ ਹੈ ਤੈਸੇ ਹੀ (ਬਿਬੇਕੀ) ਵਿਚਾਰਵਾਨ ਗੁਰਮੁਖ ਵਾਹਿਗੁਰੂ ਵਿਚ ਪ੍ਰਵੇਸ਼ ਕਰਦੇ ਹਨ ਭਾਵ ਕੀ ਕਿ ਵਾਹਿਗੁਰੂ ਨਾਲ ਮਿਲ ਜਾਂਦੇ ਹਨ॥ ਹਰਿ ਜਨ ਹਰ ਏਕੇ ਭਏ

ਪਿਛੇ ਦਾਸ ਨੇ ੧੪੨ ਪੰਨੇ ਤੇ ਬਹੁਤ ਦ੍ਰਿਸ਼ਟਾਂਤ ਇਸ ਪਰ ਦਸੇ ਹਨ।

ਪਾਰਸ ਪਰਸ ਜੈਸੇ ਕਨਕ ਅਨਿਕ ਧਾਤ

ਚੰਦਨ ਬਨਾਸਪਤੀ ਬਾਸਨਾ ਅਵੇਸ ਹੈ ।

ਜੈਸੇ ਪਾਰਸ ਨੂੰ (ਪਰਸ) ਛੋਹ ਕਰਕੇ ਅਨੇਕਾਂ ਹੀ ਧਾਤਾਂ (ਕਨਿਕ) ਸੋਨਾ ਹੋ ਜਾਂਦੀਆਂ ਹਨ ਅਤੇ ਜੈਸੇ ਚੰਦਨ ਬ੍ਰਿਛ ਦੀ ਜੋ ਵਾਸਨਾ ਹੈ ਸੋ ਸਾਰੀ (ਬਨਾਸਪਤੀ) ਸਭਨੀ ਵਿਚ (ਅਵੇਸ) ਇਸਥਿਤ ਕਿਆ ਮਿਲ ਜਾਂਦੀ ਹੈ ਭਾਵ ਜੈਸੇ ਗੁਰਾਂ ਨੂੰ ਮਿਲਕੇ ਬਰਨ ਆਸਰਮ ਵਾਲੇ ਨੀਚ ਆਦਮੀ ਸਭ ਉਤਮ ਹੋ ਜਾਂਦੇ ਹਨ ਅਤੇ ਚੰਦਨ ਸਾਧ ਸੰਗਤ ਸਾਰੀ ਬਨਾਸਪਤੀ ਸੰਸਾਰ ਦੇ ਭਗਤੀ ਕਰਨ ਵਾਲਾ ਕਰ ਦਿੰਦਾ ਹੈ ॥

ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ
ਭਾਵਨੀ ਭਗਤਿ ਭਾਇ ਆਦਿ ਕੌ ਅਦੇਸ ਹੈ॥੧੩੩॥

ਇਸੀ ਤਰਾਂ ਸਭ ਸਰੀਰਾਂ ਦੇ (ਘਟ ਘਟ) ਰਿਦਿਆਂ ਰਿਦਿਆਂ ਵਿਚ ਪੂਰਨ ਬ੍ਰਹਮ ਵਾਹਿਗੁਰੂ ਦੀ ਜੋਤ ਹੈ (ਓਤ ਪੋਤ) ਅੰਦਰ ਬਾਹਰ ਤਾਣੇ ਪੇਟੇ ਵਾਂਗੂ ਭਾਵ ਗੁਰਮੁਖਾਂ ਨੇ ਵਾਹਿਗੁਰੂ ਨੂੰ ਆਪਣੇ ਅੰਦਰ ਹੀ ਜਾਣਿਆ ਹੈ ਅਤੇ ਫਿਰ (ਭਾਵਨੀ) ਸਰਧਾ ਕਰਕੇ (ਭਗਤ ਭਾਇ) ਪ੍ਰੇਮਾ ਭਗਤੀ ਕਰਦੇ ਰਹਿੰਦੇ ਹਨ ਅਰ ਵਾਹਿਗੁਰੂ ਸਰੂਪ ਦੇ ਆਦਿ ਨੂੰ (ਆਦੇਸ) ਨਮਸਕਾਰਾਂ ਕਰਦੇ ਰਹਿੰਦੇ ਹਨ ॥੧੩੩॥

ਜੈਸੇ ਕਰਪੂਰ ਮੈ ਉਡਨ ਕੋ ਸੁਭਾਉ ਤਾਂਤੇ
ਔਰ ਬਾਸਨਾ ਨ ਤਾਂਕੈ ਆਗੇ ਠਹਿਰਾਵਈ ।

ਅਬ ਆਪ ਗੁਰਮੁਖਾਂ ਤੇ ਮਨਮੁਖਾਂ ਦਾ ਰਲਾ ਕੇ ਪ੍ਰਸੰਗ ਕਥਨ ਕਰਦੇ ਹਨ ਆਪ ਆਖਦੇ ਹਨ ਕਿ ਜੇਹੜੇ ਗੁਰਮੁਖ ਗੁਰੂ ਪਾਰਸ ਨਾਲ ਮਿਲੇ ਹਨ ਓਹ ਸੁਖ ਹੋ ਗਏ ਹਨ ਅਤੇ ਓਨ੍ਹਾਂ ਵਿਚ ਹੀ ਭਗਤੀ ਨੇ ਨਿਵਾਸ ਕੀਤਾ ਹੈ ਇਸੀ ਵਾਸਤੇ ਓਹਨਾਂ ਦਾ ਉਪਦੇਸ ਦਿਤਾ ਹੋਇਆ ਅਗੇ ਸੰਸਾਰੀ ਜੀਵਾਂ ਦੇ ਰਿਦਿਆਂ ਨੂੰ ਕਾਟ ਕਰਦਾ ਹੈ ਅਤੇ ਸਫਲ ਉਪਦੇਸ਼ ਹੁੰਦਾ ਹੈ ਤੇ ਜੋ ਮਨਮੁਖ ਹੈਨ ਓਨਾਂ ਦੇ ਰਿਦੇ ਵਿਚ ਆਪ ਉਪਦੇਸ ਨਹੀ ਠਹਿਰਦਾ ਤੇ ਓਹ ਅਗੇ ਕੀਕੂੰ ਕਿਸੇ ਨੂੰ ਉਪਦੇਸ਼ ਦੇਣ ਜੇਕਰ ਕੁਝ ਗਪੌੜੇ ਆਦਿਕ ਮਾਰਕੇ ਉਪਦੇਸ਼ ਕਰਨ ਭੀ ਤਾਂ ਅਗੇ ਕਿਸੇ ਨੂੰ ਲਗਦਾ ਨਹੀਂ ਅਤੇ ਨਾ ਕੁਝ ਅਸਰ ਕਰਦਾ ਹੈ ਇਸ ਪਰ ਇਹ ਕਬਿਤ ਦ੍ਰਿਸ਼ਟਾਂਤ ਦਿੰਦੇ ਹਨ ਉਥਾਨਕਾ ਇਤੀ ॥

ਜੈਸੇ (ਕਰਪੂਰ) ਕਪੂਰ ਵਿਚ ਉਡਨ ਦਾ ਸੁਭਾਉ ਹੈ ਭਾਵ ਕਪੂਰ ਡਬੀ ਆਦਿਕ ਵਿਚ ਰੱਖਿਆ ਭੀ ਉਡ ਜਾਂਦਾ ਹੈ ਤਾਂਤੇ ਇਸੀ ਵਾਸਤੇ ਅਗੇ ਹੋਰ ਕਿਸੀ ਚੀਜ਼ ਵਿਚ ਇਸ ਕਪੂਰ ਦੀ ਵਾਸਨਾ ਨਹੀ ਠਹਿਰਦੀ ਭਾਵ ਮਨਮੁਖਾਂ ਦਾ ਉਪਦੇਸ਼ ਕਿਸੀ ਵਿਚ ਨਹੀ ਠਹਿਰਦਾ ਕਿਆ ਨਹੀਂ ਲਗਦਾ ॥

ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ
ਭਾਰੀ ਤੇ ਸੁਗੰਧਤਾ ਸਕਲ ਮੈਂ ਸਮਾਵਈ ।

"ਗੁਰਮੁਖ ਵਰਨਨ"

ਚੰਦਨ ਬ੍ਰਿਛ ਦੀ (ਸੁਬਾਸ ਕੈ) ਸ੍ਰੇਸ਼ਟ ਵਾਸਨਾ ਕਰਕੇ (ਸੁਬਾਸਨਾ) ਸ੍ਰੇਸ਼ਟ ਵਾਸਨਾ ਸਾਰੀ (ਬਨਾਸਪਤੀ) ਉਭਭੁਜ ਖਾਣੀ ਸਬਜ਼ੀ ਵਿਚ ਹੋ ਜਾਂਦੀ ਹੈ ਭਾਵ ਚੰਦਨ ਦੀ ਵਾਸਨਾ ਸਾਰਿਆਂ ਬੂਟਿਆਂ ਵਿਚ ਹੋ ਜਾਂਦੀ ਹੈ ਇਸੀ ਤਰਾਂ ਅਗੇ ਜੋ ਸੰਸਾਰ ਪਰ ਬਾਗ ਬਗੀਚੇ ਹਨ ਤਿਨਾਂ ਸਾਰਿਆਂ ਵਿਚ ਉਹੋ ਹੀ ਵਾਸਨਾ (ਸਮਾਵਈ) ਸਮਾ ਜਾਂਦੀ ਹੈ, ਭਾਵ ਗੁਰਮੁਖਾਂ ਦਾ ਉਪਦੇਸ਼ ਸੁਣ ਕੇ ਸਾਰਿਆਂ ਵਿਚ ਭਗਤੀ ਵੇਲ ਜਾਂਦੀ ਹੈ ਅਤੇ ਸਾਰਾ ਸੰਸਾਰ ਭਗਤੀ ਕਰਨ ਲਗ ਜਾਂਦਾ ਹੈ ॥

ਜੈਸੇ ਜਲ ਮਿਲਤ ਸਰਬੰਗ ਸੰਗ ਰੰਗ ਰਾਖੈ,
ਅਗਨਿ ਜਰਾਇ ਸਭ ਰੰਗਨ ਮਿਟਾਵਈ ।

"ਗੁਰਮੁਖਾਂ ਮਨਮੁਖਾਂ ਦਾ ਕਠਾ ਵਰਨਨ"

"ਪਹਿਲੇ ਗੁਰਮੁਖ"

ਜੈਸੇ ਪਾਣੀ (ਸਰਬੰਗ) ਸਾਰਿਆਂ ਦੇ ਅੰਗਾਂ (ਸੰਗ) ਨਾਲ ਮਿਲ ਕੇ (ਰੰਗ) ਪ੍ਰੇਮ ਰਖਦਾ ਹੈ ਭਾਵ ਪਾਣੀ ਸਾਰਿਆਂ ਮਨੁਖਾਂ ਦੇ ਅੰਗਾਂ ਨੂੰ ਚੰਗਾ ਲਗਦਾ ਹੈ ਦੂਜਾ ਭਾਵ ਕਿ ਸਾਰਿਆਂ ਰੰਗਾਂ ਨਾਲ ਪਾਣੀ ਹੰਕਾਰ ਨੂੰ ਦੂਰ ਕਰਕੇ ਮਿਲ ਜਾਂਦਾ ਹੈ ਇਸੀ ਤਰਾਂ ਗੁਰਮੁਖ ਸਾਰਿਆਂ ਨੂੰ ਮਿਲ ਜਾਂਦੇ ਹਨ ਅਤੇ ਸਾਰਿਆਂ ਨਾਲ ਪ੍ਰੇਮ ਰਖਦੇ ਹਨ।

"ਮਨਮੁਖ ਵਰਨਨ"

(ਅਗਨੀ ਜਰਾਇ) ਸਾੜਕੇ ਸਾਰਿਆਂ ਰੰਗਾਂ ਨੂੰ (ਮਿਟਾਵਈ) ਕਿਆ ਦੂਰ ਕਰ ਦਿੰਦੀ ਹੈ ਭਾਵ ਕਿਆ ਜੋ ਕੁਛ ਅਗਨੀ ਦੇ ਅਗੇ ਆਵੇ ਉਸ ਨੂੰ ਸਾੜਕੇ ਸੁਆਹ ਕਰ ਦਿੰਦੀ ਹੈ ਇਸੀ ਤਰਾਂ ਮਨਮੁਖ ਅਗ ਵਾਂਗੂ ਮਾੜੇ ਵਰਤ ਕੇ ਸਰੀਰ ਨੂੰ ਸਾੜ ਸੁਟਦੇ ਹਨ ਅਤੇ ਸਾਰੇ (ਰੰਗਨ) ਪ੍ਰੇਮਆਦਿਕ ਗੁਣਾਂ ਨੂੰ ਮਿਟਾ ਦਿੰਦੇ ਹਨ ਭਾਵ ਕਿਸੀ ਨਾਲ ਪ੍ਰੇਮ ਨਹੀਂ ਰਹਿਣ ਦਿੰਦੇ ॥

ਐਸੇ ਰਵਿ ਸਸਿ ਸਿਵ ਸਕਤ ਸੁਭਾਵ ਗਤਿ
ਸੰਜੋਗੀ ਬਜੋਗੀ ਦ੍ਰਿਸਟਾਂਤ ਕੈ ਦਿਖਾਵਈ॥ ੧੩੪

ਅਤ ਗੁਰਮੁਖਾਂ ਮਨਮੁਖਾਂ ਪਰ ਅਕੱਠਾ ਸੰਜੋਗ ਵਿਜੋਗ ਦਾ ਦ੍ਰਿਸਟਾਂਤ ਦੇ ਕਰ, ਵਰਨਨ ਕਰਦੇ ਹਨ

ਪਹਿਲੇ ਮਨਮੁਖ

ਜੈਸੇ ਰਵਿ ਸਕਤਿ ਸੰਜੋਗੀ ਸਿਵ ਸੁਭਾਵ ਗਤਿ ਬਿਯੋਗੀ ॥

" ਸਿਧਾਂਤ "

ਜੈਸੇ (ਰਵਿ) ਸੂਰਜ ਦੇ (ਸੰਜੋਗੀ) ਪਾਸ ਰਹਿਣੇ ਕਰਕੇ (ਸਕਤ) ਚੰਦ੍ਰਮਾ ਪਨ ਤਮੋਗੁਣ (ਸੁਭਾਉ ਗਤ) ਪ੍ਰਾਪਤ ਹੋਂਦਾ ਹੈ ਅਤੇ (ਸਿਵ ਸ਼ਕਤੀ) ਸਤੋਗੁਣ ਸੁਭਾਉ ਨਾਲ ਵਿਯੋਗੀ ਹੈ ਭਾਵ ਸੂਰਜ ਪਾਸ ਜੋ ਚੀਜ਼ ਰਹੇ ਸੋ ਤਤੀ ਹੋ ਜਾਂਦੀ ਹੈ ਅਤੇ ਸੀਤਲਤਾਈ ਤੋਂ ਪਰੇ ਰਹਿੰਦੀ ਹੈ ਭਾਵ ਠੰਢੀ ਕਦਾਚਿਤ ਕਦੀ ਨਹੀਂ ਹੋਂਦੀ ਇਸੀ ਤਰਾਂ ਮਨਮੁਖਾਂ ਦਾ ਹਾਲ ਵਰਨਨ ਕਰਦੇ ਹਨ ਆਪ ਆਖਦੇ ਹਨ ਕਿ ਮਨਮੁਖ ਸੜਦੇ ਬਲਦੇ ਹੀ ਰਹਿੰਦੇ ਹਨ ਅਤੇ ਕਦੀ ਭੀ ਓਹਨਾਂ ਨੂੰ ਠੰਢੀ ਨਹੀਂ ਆਉਂਦੀ ॥

" ਗੁਰਮੁਖ "

ਜੈਸੇ (ਸਸਿ) ਚੰਦ੍ਰਮਾਂ ਦੇ ਸੰਜੋਗੀ ਜੋ ਪਾਸ ਰਹਿਣ ਵਾਲੇ ਹਨ ਓਹਨਾਂ ਨੂੰ (ਸਿਵ) ਸਾਂਤੀ ਸੁਭਾਉ ਗਤਿ) ਪ੍ਰਾਪਤ ਹੋਂਦੀ ਹੈ ਅਤੇ (ਸਕਤੀ) ਜੋ ਕਠੋਰਤਾ ਦੀ ਸੁਭਾਉ ਹੈ ਇਹ ਵਿਜੋਗਣਾਈ ਹੈ ਭਾਵ ਗੁਰਮੁਖ ਨਾਮ ਜਪਦੇ ਹਨ ਅਤੇ ਉਪਕਾਰੀ ਕਰਦੇ ਹਨ ਇਸ ਵਾਸਤੇ ਓਹਨਾਂ ਦਾ ਰਿਦਾ ਸੀਤਲ ਹੈ ਅਤੇ ਆਪ ਭੀ ਸਾਂਤੀ ਸੁਭਾਵ ਵਾਲੇ ਹਨ ਸੋ ਆਪ ਆਖਦੇ ਹਨ ਕਿ ਇਹ ਦੋਹਾਂ ਗੁਰਮੁਖਾਂ ਮਨਮੁਖਾਂ ਦਾ ਦ੍ਰਿਸ਼ਟਾਂਤ ਕਰਕੇ ਦਿਖਾਇਆ ਹੈ ॥ ੧੨੪ ॥

ਸ੍ਰੀ ਗੁਰ ਦਰਸ ਧਯਾਨ ਸ੍ਰੀ ਗੁਰ ਸਬਦ ਗਿਆਨ ਸਸਤ੍ਰ ਸਨਾਹ ਪੰਚ ਦੂਤ ਬਸ ਆਏ ਹੈਂ ।

ਸਿਖ — ਗੁਰਮੁਖਾਂ ਦਾ ਸੰਗ ਕਰਕੇ ਸਾਂਤੀ ਸੁਭਾਉ ਹੁੰਦਾ ਹੈ ਅਤੇ ਕਾਮ ਕ੍ਰੋਧ ਆਦਕ ਜਿਤੇ ਜਾਂਦੇ ਹਨ ਇਹ ਆਪ ਨੇ ਕਥਨ ਕੀਤਾ ਹੈ ਸੋ ਮੈਨੂੰ ਦਸੋ ਕਿਸ ਤਰਾਂ ਕਾਮਾਦੀ ਜਿਤੇ ਜਾਂਦੇ ਹਨ?

ਭਾਈ ਜੀ—ਗੁਰਾਂ ਪਾਸੋਂ ਸ਼ਸਤ੍ਰ ਲੈਕੇ ॥

ਸਿਖ — ਸੋ ਕਿਨਹਾਂ ਸ਼ਸਤ੍ਰਾਂ ਦਾ ਮੈਨੂੰ ਵਰਨਨ ਕਰਕੇ ਦਸੋ ॥

ਭਾਈ ਜੀ- ਸੁਭਾਇਮਾਨ ਗੁਰਾਂ ਦੇ ਦਰਸ਼ਨ ਦਾ ਗੁਰਮੁਖ ਧਿਆਨ ਕਰਦੇ ਹਨ ਇਹ ਓਹਨਾਂ ਨੂੰ (ਸਨਾਹ) ਸੰਜੋਏ ਸਰੀਰ ਪਰ ਪਹਰਨ ਨੂੰ ਮਿਲੀ ਹੋਈ ਹੈ ਵ ਲਈ ਹੋਈ ਹੈ ॥

"ਸ੍ਰੀ ਗੁਰ ਦਰਸ ਧਯਾਨ ਸਨਾਹ" ਅਤੇ

" ਸ੍ਰੀ ਗੁਰ ਸਬਦ ਗਯਾਨ ਸਸਤ੍ਰ "

ਸੁਭਾਇਮਾਨ ਗੁਰਾਂ ਦੇ (ਸਬਦ) ਉਪਦੇਸ਼ ਦਾ ਜੋ ਗਿਆਨ ਹੋਇਆ ਹੈ ਇਹ ਗੁਰਮੁਖਾਂ ਨੂੰ (ਸਸਤ੍ਰ) ਖੰਡਾ ਵਾ ਤਲਵਾਰ ਮਿਲੀ ਹੋਈ ਹੈ ਵਾ ਲਈ ਹੋਈ ਹੈ ਜਿਸ ਵਾਸਤੇ ਪੰਜ ਦੂਤ ਕਾਮ ਕ੍ਰੋਧ ਆਦਕ ਗੁਰਮੁਖਾਂ ਦੇ ਕੁਰੀਜਾਰ

ਆਏ ਹਨ ਭਾਵ ਵਸ ਹੋ ਗਏ ਹਨ ॥

ਸ੍ਰੀ ਗੁਰ ਚਰਨ ਰੇਨੁ ਸ੍ਰੀ ਗੁਰ ਸਰਨ ਧੇਨ
ਕਰਮ ਭਰਮ ਕਟ ਅਤੇ ਪਦ ਪਾਏ ਹੈਂ ।

ਸ੍ਰੀ ਗੁਰ ਚਰਨ ਰੇਨ ਕਰਮ ਭਰਮ ਕਟ

ਜਦ ਗੁਰਮੁਖਾਂ ਨੇ ਗੁਰਾਂ ਦੇ ਚਰਨ ਕਮਲਾਂ ਦੀ (ਰੇਨ) ਧੂੜੀ ਆਪਣੇ ਮਸਤਕ ਪਰ ਲਾਈ ਤਾਂ ਕਰਮਭਰਮਾਉਨ ਵਾਲੇ ਕਟੇ ਗਏ ਭਾਵ ਦੂਰ ਹੋਗਏ।

ਸ੍ਰੀ ਗੁਰ ਸਰਨ ਧੇਨ ਅਤੇ ਪਦ ਪਾਏ ਹੈ"

ਜਦ ਸ੍ਰੁਭਾਇਮਾਨ ਗੁਰਾਂ ਦੀ ਸਰਨ (ਧੇਨ) ਪਕੜੀ ਤਾਂ ਅਤੇ ਪਦ ਜਿਥੇ ਡਰ ਨਹੀ ਸੀ ਕਿਸੇ ਦਾ ਵਾ ਜਿਸ ਨੂੰ ਕਿਸੇ ਜਮ ਆਦਿਕ ਦਾ ਡਰ ਨਹੀ ਸੀ ਓਹ ਪਦਵੀ ਪਾ ਲਈ ਵ ਓਹ ਪਦ ਸ੍ਰੀ ਸਰੂਪ ਵਾਹਿਗੁਰੂ ਨੂੰ ਪਾ ਲਿਆ ॥

ਨੋਟ — (ਧੇਨ) ਕਾਮਧੇਨ ਗਊ ਨੂੰ ਵੀ ਆਖਦੇ ਹਨ ਪਰ ਇਸ ਜਗਾ ਸੰਬੰਧ ਨਹੀਂ ਖਾਂਦੀ ਅਥਵਾ ਗੁਰਾਂ ਦੀ ਸਰਨ ਕਾਮਧੇਨ ਵਾਂਗੂ ਫਲ ਪ੍ਰਦਾਤਾ ਹੈ॥ ਇਸ ਕਵਿਤ੍ਰਦੇ ਬਹੁਤ ਅਨ੍ਹੇ ਕਰਕੇ ਅਖਰ ਲਗਾਏ ਹਨ ।

ਸ੍ਰੀ ਗੁਰ ਬਚਨ ਲੇਖ ਸ੍ਰੀ ਗੁਰ ਸੇਵਕ ਭੇਖ
ਅਛਲ ਅਲੇਖ ਪ੍ਰਭੁ ਅਲਖ ਲਖਾਏ ਹੈਂ ।

"ਸ੍ਰੀ ਗੁਰ ਬਚਨ ਲੇਖ ਅਛਲ"

ਜਦ ਸ੍ਰੁਭਾਇਮਾਨ ਗੁਰਾਂ ਦੇ ਬਚਨਾਂ ਨੂੰ (ਲੇਖ) ਧਾਰਿਆ ਤਾਂ ਛਲ ਤੋਂ ਰਹਿਤ ਹੋਗਏ ਲੇਖ ਨਾਮ ਲਿਖਨ ਦਾ ਵੀ ਹੈ ਭਾਵ ਜਦ ਗੁਰਾਂ ਦੇ ਬਚਨ ਜਿਨਾਂ ਨੂੰ ਰਿਦੇ ਰੂਪ ਕਾਗਜ਼ ਪਰ ਲਿਖਿਆ ਤਾਂ ਛਲ ਛੋਡ ਦਿਤੇ ॥

"ਸ੍ਰੀ ਗੁਰੂ ਸੇਵਕ ਭੇਖ ਅਲੇਖ"

ਤੇ ਜਦ ਸ੍ਰੀ ਸ੍ਰੁਭਾਇਮਾਨ ਸਤਗੁਰਾਂ ਦੇ ਸੇਵਕ ਦਾਸਾਂ ਦੇ (ਭੇਖ) ਸਰੂਪ ਧਾਰਿਆ ਜਿਆ ਸਿਖ ਬਨੇ ਤਾਂ (ਅਲੇਖ) ਜਮਾਂ ਦੇ ਲੇਖੇ ਤੋਂ ਬਾਹਰ ਹੋਗਏ ਵਾ (ਅਲੇਖ) ਵਾਹਿਗੁਰੂ ਨੂੰ ਪਹੁੰਚ ਗਏ ਵਾ ਕੋਈ ਅੰਤ ਨਾ ਪਾ ਸਕਿਆ ਪਰ ਇਹ ਉਪਕਾਰ ਭਾਰੀ ਕਿਰਪਾ ਗੁਰਾਂ ਨੇ ਕੀਤੀ ਜਿਸ ਕਰਕੇ ਉਨ੍ਹਾਂ ਨੂੰ ਪ੍ਰਭੂ ਵਾਹਿਗੁਰੂ (ਅਲਖ) ਜੋ ਨਹੀਂ ਲਖਿਆ ਜਾਂਦਾ ਓਹ ਲਖਾਏ ਦੇਖਨ ਵਿਚ ਆਯਾ॥

ਗੁਰ ਸਿਖ ਸਾਧ ਸੰਗ ਗੋਸ਼ਟ ਪ੍ਰੇਮ ਪ੍ਰਸੰਗ
ਨਿੰਮ੍ਰਤਾ ਨਿਵਰਤਨੀ ਕੈ ਸਹਜ ਸਮਾਏ ਹੈਂ ॥ ੧੩॥

ਗੁਰੂ ਕੇ ਸਿਖਾਂ ਦੀ ਜੋ ਸਾਧ ਸੰਗਤ ਹੈ ਵਾ ਸਾਧ ਸੰਗਤਿਆਂ ਜੇਹੜੇ

ਸਾਧ ਸੰਗਤ ਜੀਓ ਅਤੇ ਹੋਰ ਕਿਸ ਕੀਤਾ ਉਸ ਸਤਸੰਗਤ ਵਿਚ ਜਾਕੇ, ਗੁਰਾਂ ਦੇ (ਪ੍ਰਸੰਗ) ਜੋ ਗੁਰਾਂ ਨੇ ਕੌਤਕ ਸੰਸਾਰ ਪਰ ਕਰੇ ਹਨ ਉਨ੍ਹਾਂ ਦੀ ਪ੍ਰੇਮ ਨਾਲ (ਸੁਣਦੇ) ਕਰਦਾ ਕਥਾ ਵਾਰਤਾ ਕਾਂਤੀ ਅਤੇ ਨਿਮ੍ਰਤਾ ਭਾਵ ਕਰਕੇ ਭਾਵ ਕੀ ਸਭ ਅਗੇ ਨਿਵ ਚਲਦੇ ਹਨ ਜੋ (ਨਿਰੰਤਰੀ) ਇਕਰਸ ਇਸ ਨਿੰਮ੍ਰਤਾ ਨੂੰ (ਲੈ) ਧਾਰਨ ਕਰਦੇ ਹਨ ਤੇ (ਸਹਜ) ਵਾਹਿਗੁਰੂ ਵਿਚ ਸਮਾ ਰਹਿੰਦੇ ਹਨ ਭਾਵ ਨਾਮ ਜਪਦੇ ਰਹਿੰਦੇ ਹਨ ॥ ੧੨੫ ॥

ਜੈਸੇ ਤੌ ਮਜੀਠ ਬਸੁਧਾ ਮੈਂ ਖੋਦ ਕਾਢੀਅਤ
ਅੰਬਰ ਸੁਰੰਗ ਭਏ ਸੰਗ ਨ ਤਜਤ ਹੈ।

"ਨਿੰਮ੍ਰਤਾ ਦਾ ਪ੍ਰਸੰਗ"

ਜਿਸ ਤਰਾਂ ਮਜੀਠ ਜੋ ਨਿੰਮ੍ਰਤਾ ਧਾਰੀ ਹੈ ਤਾਂ ਉਸਨੂੰ (ਬਸੁਧਾ) ਧਰਤੀ ਵਿਚੋਂ (ਖੋਦ) ਪੁਟਕੇ ਕਢੀ ਦਾ ਹੈ ਅਤੇ ਉਸ ਦੇ (ਸੁਰੰਗ) ਸੁੰਦਰ ਰੰਗ ਨਾਲ ਜਿਤਨੇ (ਅੰਬਰ) ਕਪੜੇ ਰੰਗੇ ਜਾਨ ਓਹ ਰੰਗ ਕਪੜਿਆਂ ਦਾ ਸੰਗ ਛਡਕੇ ਨਹੀਂ ਜਾਂਦਾ ਭਾਵ ਕੀ ਕਿ ਮਜੀਠ ਦਾ ਰੰਗ ਕਪੜਿਆਂ ਨਾਲੋਂ ਨਹੀਂ ਲਥਦਾ॥

ਜੈਸੇ ਤੌ ਕਸੁੰਭ ਤਜ ਮੂਲ ਫੂਲ ਆਨਿਯਤ
ਜਾਨਿਯਤ ਸੰਗ ਛਾੜ ਤਾਹੀ ਤੇ ਭਜਤ ਹੈ।

ਜਿਸ ਤਰਾਂ ਕਸੁੰਭੇ ਦਾ ਬੂਟਾ (ਮੂਲ) ਮੁੱਢ ਨੂੰ (ਤਜ) ਛਡਕੇ ਫੁਲ ਨੂੰ ਉਪਰ ਲਿਆਉਂਦਾ ਹੈ ਭਾਵ ਕੀ ਕਿ ਕਸੁੰਭਾ ਅਪਨੇ ਫੁਲ ਨੂੰ ਨੀਵੇਂ ਨਹੀਂ ਲਗਨ ਦੇਂਦਾ ਬਲਕਿ ਉਪਰ ਸਿਰ ਦੀ ਚੋਟੀ ਤੇ ਲਗਾਉਂਦਾ ਹੈ ਇਸੀ ਵਾਸਤੇ ਜਾਣਿਆ ਜਾਂਦਾ ਹੈ ਕਿ ਇਹ ਰੰਗ ਕਸੁੰਭੇ ਦਾ ਕਪੜੇ ਦਾ ਸੰਗ ਛਡਦੇ ਜਲਦੀ ਨਾਲ ਦੌੜ ਜਾਂਦਾ ਹੈ ਭਾਵ ਕੀ ਕਿ ਰਤਾ ਕੁ ਧੁਪ ਲਗੀ ਤਾਂ ਰੰਗ ਕਪੜੇ ਦਾ ਉਡ ਜਾਂਦਾ ਹੈ ਤੇ ਜੇਕਰ ਰਤਾ ਕੁ ਪਾਣੀ ਦੀ ਛਿਟ ਪੈ ਜਾਵੇ ਤਾਂ ਭੀ ਰੰਗ ਦੂਰ ਹੋ ਜਾਂਦਾ ਹੈ ਇਸ ਵਾਸਤੇ ਇਹ ਹੰਕਾਰਦਾ ਰੰਗ ਮਾੜਾ ਹੈ ਅਤੇ ਗਰੀਬਨੀ ਮਜੀਠ ਦਾ ਰੰਗ ਸੀ ॥

ਅਰਧ ਉਰਧ ਮੁਖ ਸਲਿਲ ਸੁਚੀ ਸੁਭਾਉ
ਭਏ ਸੀਤ ਤ੍ਰਪਤ ਮਲ ਅਮਲ ਸਜਤ ਹੈ।

ਹੋਰ ਦ੍ਰਿਸ਼ਟਾਂਤ—ਜੈਸੇ "ਨੀਵਾਂ ਆਦਮੀ"

"ਅਰਧ ਮੁਖ ਸਲਿਲ ਸੁਭਾਉ ਭਏ ਸੀਤ ਅਮਲ ਸਜਤ ਹੈ"

ਜਿਸ ਤਰਾਂ (ਸਲਿਲ) ਪਾਣੀ ਦਾ ਮੁਖ (ਅਰਧ) ਨੀਵੇਂ ਰਹਿੰਦਾ ਹੈ ਭਾਵ ਪਾਣੀ ਜਿਸ ਤਰਾਂ ਨਿਵਾਣ ਨੂੰ ਚਲਦਾ ਹੈ ਅਤੇ ਪਾਣੀ ਦਾ ਸੁਭਾਉ ਭੀ ਇਸ

ਸੁਭਾਵਕ ਸੀਤਲ ਹੈ ਅਤੇ ਚੰਦਨਾ ਵਰਗੀ ਜਿਸਨੂੰ ਪਾਇਆ ਹੈ ਉਹ ਵੀ ਠੰਢਾ ਹੋ ਜਾਂਦਾ ਹੈ ਨਾਲੇ ਪਾਣੀ ਲੋਕਾਂ ਦੇ ਕਪੜਿਆਂ ਦੀ ਮੈਲ ਲਾਹੁੰਦਾ ਹੈ ਉਹ ਫਿਰ ਵੀ ਆਪ(ਆਮਣ) ਮੈਲ ਤੋਂ ਰਹਿਤ ਸਜਿਆ ਹੋਇਆ ਹੈ ਅਤੇ ਲੋਕਾਂ ਨੂੰ ਉੱਚੇ ਤੋਂ ਪਿਆ ਕਰਦਾ ਹੈ ਵੇਖ ਇਹ ਨੀਵੇਂ ਰਹਿਣ ਦਾ ਕਿਤਨਾ ਗੁਣ ਹੈ ॥

"ਹੰਕਾਰਨ ਇਸਤ੍ਰੀ ਵ ਆਦਮੀ"

"ਉਰਧ ਮੁਖ ਸੂਚੀ ਸੁਭਾਉ ਭੋਤ ਤਪਤ ਮਲੁ ਸਜਾ ਹੈ"

ਤੇ (ਉਰਧ) ਉਚਾ ਮੂੰਹ (ਸੂਚੀ) ਅਗਨੀ ਦਾ ਹੈ ਇਸੀ ਵਾਸਤੇ ਤਪਤ ਸੁਭਾਉ ਹੈ ਸਭ ਕਿਸੇ ਨੂੰ ਤਪਾ ਦੇਂਦੀ ਹੈ ਮੈਲ ਤਾਂ ਮੈਲ ਸਜਾ ਦੇ ਦੀ ਹੈ ਭਾਵ ਜਿਥੇ ਲਗ ਜਾਵੇ ਉਥੇ ਸਭ ਭਸਮ ਕਰ ਦੇਂਦੀ ਹੈ ਅਤੇ ਸੂਕੇ ਦੀਆਂ ਕੋਲੀਆਂ ਲਗ ਜਾਂਦੀਆਂ ਹਨ ॥

ਨੋਟ—ਇਹ ਪੰਗਤੀ ਬਹੁਤ ਅਣੂੰ ਕਰੀ ਗਈ ਹੈ ॥

ਗੁਰਮਤਿ ਦੁਰਮਤਿ ਊਚ ਨੀਚ ਨੀਚ ਊਚ
ਜੀਤ ਹਾਰ ਹਾਰ ਜੀਤ ਲੱਜਾ ਨ ਲਜਤ ਹੈ॥੨੨੪॥

ਹੋਰ ਦ੍ਰਿਸ਼ਟਾਂਤ ਗੁਰਮੁਖਾਂ ਮਨਮੁਖਾਂ ਪਰ—ਪਹਿਲੇ ਗੁਰਮਤ ਦੇ ਧਾਰਨ ਵਾਲਿਆਂ ਦਾ ਕਿਹਾ ਜਾਂਦਾ ਹੈ ॥

"ਜੈਸੇ"

"ਗੁਰਮਤਿ ਨੀਚ ਊਚ ਹਾਰ ਜੀਤ"

ਜਿਸ ਤਰਾਂ ਗੁਰਮਤੀਏ ਗੁਰਾਂ ਦੀ ਸਿਖਿਆ ਨੂੰ ਧਾਰਨ ਵਾਲੇ ਸੰਸਾਰ ਤੋਂ ਨੀਵੇਂ ਬਣੇ ਹਨ ਤਾਂਤੇ ਇਸੇ ਵਾਸਤੇ ਸੰਸਾਰ ਨਾਲੋਂ ਉਚੇ ਬਣ ਗਏ ਅਤੇ ਜਿਨ ਸੰਸਾਰ ਵਿਚ ਉਨ੍ਹਾਂ ਨੇ ਆਪਣੀ ਹਾਰ ਮੰਨੀ ਹੈ ਇਸੀ ਵਾਸਤੇ ਓਹ ਸੰਸਾਰ ਨੂੰ ਜਿੱਤ ਗਏ ॥ ਭਾਵ ਥਾਂ ਕਿ ਹਾਰ ਚਲੇ ਗੁਰਮੁਖ ਜਗ ਜੀਤਾ ।

"ਦੂਜਾ ਦ੍ਰਿਸ਼ਟਾਂਤ"

"ਜਗ ਤੇ ਜੋ ਨਿਵ ਚਲੇ ਸਭ ਤੇ ਊਚੇ ਹੋਏ"

"ਮਨਮੁਖ"

"ਦੁਰਮਤਿ ਊਚ ਨੀਚ ਜੀਤ ਹਾਰ"

ਖੋਟੀ ਅਕਲ ਵਾਲੇ ਮਨਮੁਖ ਆਪਣੇ ਆਪਨੂੰ ਉਚਾ ਕਹਾਉਂਦੇ ਹਨ ਇਸੀ ਵਾਸਤੇ ਨੀਚ ਕਹਾਉਂਦੇ ਹਨ ਅਤੇ ਫਿਰ ਆਪਣੇ ਆਪਨੂੰ ਜਗ ਤੋਂ (ਜੀਤ) ਸੂਰਮੇ ਕਹਾਉਂਦੇ ਹਨ ਕਿ ਅਸੀਂ ਜਗਤ ਨੂੰ ਜਿੱਤ ਲਵਾਂਗੇ [illegible] ਹਨ ਇਸੀ ਵਾਸਤੇ ਹਾਰ ਜਾਂਦੇ ਹਨ ਅਤੇ ਜਮ ਦੀਆਂ ਚੋਟਾਂ ਖਾਂਦੇ ਹਨ [illegible] ਜਿਸਨੂੰ ਦਾ ਬੁਰਾ ਹਾਲ [illegible]

ਵਿਚ ਐਸਾ ਦਰਜਾ (ਲਸਣ) ਨਹੀਂ ਹੁੰਦੇ ਭਾਵ ਤੋਂਪਣੀ ਵਿਚ ਪਾਣੀ ਪਾਣੋਂ ਡੁੱਬ ਨਹੀਂ ਸਕਦੇ ਅਤੇ ਗੁਰਮੁਖ ਲਜ ਕਰਕੇ ਲਜਾਤ ਹਨ ਭਾਵ ਐਦਾਂ ਕਦੀ ਕੰਮ ਵਿਗਾੜਦਾ ਵੀ ਨਹੀਂ ਤੇ ਫਿਰ ਵੀ ਨਿਮ੍ਰਤਾ ਕਰਦੇ ਹਨ ॥ ੧੨੬ ॥

ਗੁਰਮੁਖ ਸਾਧ ਸੰਗ ਸਬਦ ਸੁਰਤਿ ਲਿਵ

ਪੂਰਨ ਬ੍ਰਹਮ ਸਰਬਾਤਮਾ ਕੈ ਜਾਨੀਐ।

ਗੁਰਮੁਖ ਸਾਧ ਸੰਗਤ ਵਿਚ ਜਾਕੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕਰ ਲੈਂਦੇ ਹਨ ਅਤੇ ਸਾਰਿਆਂ ਜੀਵਾਂ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹਨ ॥

ਸਹਜ ਸੁਭਾਇ ਰਿਦੈ ਭਾਵਨੀ ਭਗਤਿ ਭਾਇ

ਬਿਰਖ ਮਿਲਨ ਸਮ ਦਰਸ ਧਿਆਨੀਐ।

ਹਿਰਦੇ ਕਰਕੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚ ਚੰਗੀ ਪ੍ਰੀਤੀ ਹੈ ਅਤੇ ਸਾਰਿਆਂ ਨਾਲ ਹਸਕੇ ਮਿਲਣਾ ਕਰਦੇ ਹਨ ਅਰ ਨਿਕਿਆਂ ਵਡਿਆਂ ਸਾਰਿਆਂ ਜੀਵਾਂ ਵਿਚ ਇਕ ਧਿਆਨ ਹੈ ਜਿਸ ਨੂੰ ਮਾਤ੍ਰਾ ਨਹੀਂ ਜਾਣਦੇ ਐਸੇ ਜਮਦਰਗੀ ਅਨਈਆਂ ਸਿਖ ਸੂਕਲਗੀਧਰ ਜੀਦੇ ਵੇਲੇ ਹੋਇਆ ਹੈ ॥

ਨਿੰਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ

ਮਧੁਰ ਬਚਨ ਮੁਖ ਬੇਨਤੀ ਬਖਾਨੀਐ।

ਜਿਨਾਂ ਗੁਰਮੁਖਾਂ ਵਿਚ ਨਿਮ੍ਰਤਾ ਬਹੁਤ ਹੈ ਅਤੇ ਦਾਸਾਂ ਦੇ ਦਾਸ ਹੋਣ ਦੀ ਅਕਲ ਪ੍ਰਗਟੀ ਹੋਈ ਹੈ ਕਿਉਂ ਕਿ ਸਾਰਿਆਂ ਨੂੰ ਬੇਨਤੀ ਨਾਲ ਮਿਠਾ ਜੀ ਬੋਲਣਾ ਸਿਖਦੇ ਹਨ ॥

ਪੂਜਾ ਪ੍ਰਾਨ ਗਿਜਾਨ ਗੁਰ ਆਗਜਾਕਾਰੀ ਅਚਾਰ

ਆਤਮ ਅਵੇਸ ਪਰਮਾਤਮ ਨਿਧਾਨੀਐ ॥ ੧੨੭॥

ਜੇੜ੍ਹੇ ਗੁਰਮੁਖ ਪਿਛੇ ਕਹੇ ਹਨ, ਉਨ੍ਹਾਂ ਨਾਲ ਜੋ ਮਿਲਕਰ ਗੁਰਾਂ ਅਗੇ ਤਨ ਮਨ ਧਨ ਦੇ ਦੇਂਦਾ ਹੈ ਉਸ ਦਾ ਮਨ ਟਿਕ ਜਾਂਦਾ ਹੈ ਅਤੇ ਵਾਹਿਗੁਰੂ ਉਸ ਨੂੰ ਮਿਲ ਜਾਂਦਾ ਹੈ ॥

ਸਤਿ ਰੂਪ, ਸਤਿਨਾਮੁ, ਸਤਿਗੁਰ, ਗਿਆਨ, ਧਿਆਨ

ਸਤਿਗੁਰ ਮਤਿ ਸੁਨ ਸਤਿਕਰ ਮਾਨੀ ਹੈ।

ਪੂਰਨ ਗੁਰਾਂ ਦੇ ਅਤੇ ਨਾਮ ਦੀ ਸਿਖਿਆ ਦਾ ਧਿਆਨ ਕੀਤਾ ਅਤੇ ਜੋ ਕਹਿਆ ਉਹ ਵਾਹਿਗੁਰੂ ਦਾ ਸਰੂਪ ਸੀ ਉਹ ਉਨ੍ਹਾਂ ਨੂੰ ਪ੍ਰਗਟ ਹੋਯਾ ॥

ਦਰਸ ਧਿਆਨ ਸਮਦਰਸੀ ਬ੍ਰਹਮ ਧਿਆਨੀ
ਸਬਦ ਗਿਆਨ ਗੁਰੁ ਬ੍ਰਹਮ ਗਿਆਨੀ ਹੈ।

ਗੁਰਾਂ ਦਾ ਦਰਸ਼ਨ ਕਰਨ ਨਾਲ ਇਕੋ ਜਿਹੀ ਦ੍ਰਿਸ਼ਟੀ ਹੋਈ ਅਤੇ ਵਾਹਿਗੁਰੂ ਦਾ ਗਿਆਨ ਹੋਯਾ॥

ਗੁਰਮਤਿ ਨਿਹਚਲ ਪੂਰਨ ਪ੍ਰਗਾਸ ਰਿਦੈ
ਮਾਨੈ ਮਨਮਾਨੈ ਉਨਮਨ ਉਨਮਾਨੀ ਹੈ।

ਜਿਸਨੇ ਗੁਰਾਂ ਦੀ ਸਿਖਿਆ ਨਿਸ਼ਚੇ ਕੀਤੀ ਹੈ ਉਸ ਨੂੰ ਵਾਹਿਗੁਰੂ ਦਾ ਪੂਰਾ ਪ੍ਰਕਾਸ਼ ਹਿਰਦੇ ਵਿਚ ਹੋਯਾ ਹੈ ਅਤੇ ਜੇਹੜਾ ਮਨ ਉਸਦਾ ਨਾਮ ਜਪਣ ਨੂੰ ਨਹੀਂ ਸੀ ਮੰਨਦਾ ਉਹ ਮੰਨਣ ਲਗ ਪਿਆ ਤੇ ਪੂਰਾ ਵਿਚਾਰ ਵਾਲਾ ਹੋਯਾ॥

ਬਿਸਮੈ ਬਿਸਮ ਅਸਚਰਜੈ ਅਸਚਰਜ ਮੈ
ਅਦਭੁਤ ਪਰਮਦ ਭੁਤ ਗਤਿ ਨਾਨੀ ਹੈ॥੧੬॥

ਅਸਚਰਜ ਗੁਰਾਂ ਦੀ ਸਿਖਯਾ ਭੀ ਅਸਚਰਜ ਹੈ ਅਤੇ ਅਸਚਰਜ ਗੁਰੂ ਦਾ ਗਿਆਨ ਭੀ ਅਸਚਰਜ ਹੈ ਅਤੇ ਅਗੋਂ ਗੁਰਮੁਖਾਂ ਦੀ ਭੀ ਅਸਚਰਜਗੀ ਹੋਈ॥

ਪੂਰਨ ਪਰਮ ਜੋਤਿ ਸਤਿਗੁਰ ਸਤਿਰੂਪ,
ਪੂਰਨ ਗਿਆਨ ਸਤਿਗੁਰੂ ਸਤਿਨਾਮ ਹੈ।

ਅਕਾਲ ਪੁਰਖ ਦਾ ਸਰੂਪ ਜੋ ਸਤਗੁਰੂ ਜੀ ਹੋਨ ਉਨ੍ਹਾਂ ਨੂੰ ਨਾਮ ਜਪਣ ਕਰਕੇ ਪੂਰਨ ਗਿਆਨ ਹੋਯਾ ਹੈ ਅਤੇ ਇਸ ਵਾਸਤੇ ਗੁਰਾਂ ਦੇ ਸਤਿਨਾਮ ਮੰਤ੍ਰ ਵਿਚ ਸਰ ਰੂਪ ਵਾਹਿਗੁਰੂ ਦਾ ਗਿਆਨ ਭਰਪੂਰ ਹੈ ਵਾ ਪੂਰਾ ਗਯਾਨ ਗੁਰਾਂ ਦਾ ਸਚਾ ਨਾਮ ਸਤਨਾਮ ਮੰਤ੍ਰ ਹੈ॥

ਪੂਰਨ ਜੁਗਤਿ ਸਤਿ ਸਤਿਗੁਰ ਸਤਿ ਰਿਦੈ
ਪੂਰਨ ਸੁ ਸੇਵ ਸਾਧ ਸੰਗਤ ਬਿਸ੍ਰਾਮ ਹੈ।

ਪੂਰੀ ਜੁਗਤੀ ਨਾਲ ਗੁਰਾਂ ਦੇ ਸਚੇ ਨਾਮ ਨੂੰ ਹਿਰਦੇ ਵਿਚ ਵਸਾਇਆ ਅਤੇ ਸਾਧ ਸੰਗਤ ਵਿਚ ਜਾਕੇ ਪੂਰਨ ਗੁਰਾਂ ਦੀ ਟਹਲ ਕੀਤੀ॥

ਪੂਰਨ ਪੂਜਾ ਪਦਾਰਬਿੰਦ ਮਧਕਰ ਮਨ
ਪ੍ਰੇਮ ਰਸ ਪੂਰਨ ਹ੍ਵੈ ਕਾਮ ਨਿਹਕਾਮ ਹੈ।

ਸੂਹੀ (ਪੂਜਾ) ਛੋਟਾ ਝਰੀ ਕੀ ਜਿ (ਪਦਾਰਥ ਬਿੰਦ) ਚਰਨ ਕੀ ਲਾ (ਧੈਰ ਕੰਮ) ਜੋ ਗੁਰਾਂ ਦੇ ਹਨ ਉਨ੍ਹਾਂ ਉਪਰ ਸਿਖਾਂ ਨੇ ਆਪਣਾ ਮਨ (ਮਧੁਕਰ) ਭੌਰਾ ਬਣਾਇਆ ਸੋ ਜੀਕਰ ਭੌਰਾ ਫੁਲਾਂ ਦੇ ਅਨੰਦ ਨੂੰ ਲੈਂਦਾ ਹੈ ਇਕਰ ਹੀ ਗੁਰਾਂ ਦੇ ਚਰਨਾ ਕਮਲਾਂ ਦਾ ਜੋ ਪ੍ਰੇਮ (ਰਸ) ਅਨੰਦ ਪੂਰ ਭਰਿਆ ਹੋਯਾ ਜਿਨੈ ਨਾਲ ਹੀ ਉਸਨੂੰ (ਕਾਮ) ਕਾਮਨਾਂ ਇਛਾ ਤੋਂ ਨਿਹਕਾਮ ਰਹਿਤ ਹੋਏ ਗਿਆ ॥

ਭਾਵ ਸੰਸਾਰ ਦੇ ਪਦਾਰਥਾਂ ਦੀਆਂ ਇਛਾ ਛਡਕੇ ਗੁਰਾਂ ਦੇ ਚਰਨਾਂ ਪਾਸ ਹੀ ਜੋੜੇ ਰਹਿੰਦੇ ਹਨ ॥

ਪੂਰਨ ਬ੍ਰਹਮ ਗੁਰ ਪੂਰਨ ਪਰਮਨਿਧਿ
ਪੂਰਨ ਪ੍ਰਗਾਸ ਬਿਸਮਸਥਲ ਧਾਮ ਹੈ ॥੧੩੯॥

ਪੂਰੇ ਵਾਹਿਗੁਰੂ ਦਾ ਰੂਪ ਗੁਰੂ ਪੂਰੀ (ਪਰਮ) ਵਡੀ (ਨਿਧਿ) ਗੁਣਾਂ ਦੀ ਖਾਣ ਹਨ ਅਤੇ ਪੂਰਾ ਹੀ ਜਿਨ੍ਹਾਂ ਦਾ ਪ੍ਰਕਾਸ਼ ਹੈ ਅਤੇ (ਬਿਸਮ) ਅਸਚਰਜ ਜੈਸੇ ਕੋ ਜਿਥੇ ਨਾ ਪਹੁੰਚਿਆ ਜਾਵੇ ਉਸ ਸਥਲ ਅਸਥਾਨ (ਥਾਂ) ਵਿਚ ਗੁਰਾਂ ਦਾ (ਧਾਮ) ਘਰ ਹੈ ਅਥਵਾ ਵਾਹਿਗੁਰੂ ਦਾ ਰੂਪ ਜੋ ਗੁਰੂ ਹਨ ਉਨ੍ਹਾਂ ਦੇ ਪੂਰਨ ਪ੍ਰਕਾਸ ਵਾਲੇ ਥਾਂ ਵਿਚ ਸਿਖਾਂ ਨੇ ਘਰ ਕਿਆ ਨਿਵਾਸ ਕੀਤਾ ਭਾਵ ਸਿਖ ਗੁਰਾਂ ਵਰਗੇ ਹੋਗਏ ॥

ਸ਼ੰਕਾ—ਜਿਸ ਜਗਾ ਗੁਰੂ ਕੇ ਸਿਖਾਂ ਨੇ ਨਿਵਾਸ ਕੀਤਾ ਹੈ ਓਹ ਕੈਸੀ ਜਗਾਹ ਹੈ ॥ ਉਤਰ - ਕੁਝ ਦਸਿਆ ਨਹੀਂ ਜਾਂਦਾ ਹੈ ।

ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈਂ
ਤਾਮੈ ਤਿਲ ਛਬਿ ਪਰਮਦ ਭੂਤ ਭਇ ਹੈ।

ਜਿਸ ਜਗਾ ਗੁਰਮੁਖਾਂ ਨੇ ਨਿਵਾਸ ਕੀਤਾ ਹੈ ਅਤੇ ਜੋ ਉਸ ਥਾਂ ਤੋਂ ਦਰ ਸ਼ਨ ਪਾਇਆ ਹੈ ਗੁਰਾਂ ਦੇ ਦਰਸ਼ਨ ਦੀ (ਜੋਤਿ) ਸੋਭਾ ਚਮਕ ਦਮਕ ਕਾ ਉਦੋਤ ਪ੍ਰਗਟ ਹੋਈ ਹੈ ਓਹ ਬਹੁਤ ਅਸਚਰਜ ਮੈਂ ਰੂਪ ਹੈ ਜੋ ਗੁਰੂ ਕੇ ਸਿਖਾਂ ਨੂੰ ਦਰਸ਼ਨ ਦੀ ਚਮਕ ਪਈ ਹੈ ਉਸ ਵਿਚੋਂ ਜੋ ਛਬਿ ਆਪਣੇ ਆਪਨੂੰ ਮਹਾਨ ਸਮਝਾਉਂਦੀ ਹੈ ਗ੍ਰਾਂਡੀ, ਉਪਮਾ, ਛਬਿ, ਉਸਦੀ ਵੀ (ਤਿਲ) ਜੇਹੀ ਜੇਹੀ ਸੋਭਾ ਹੈ ਭਾਵ ਓਹ ਵੀ ਅਸਚਰਜ ਹੋਕੇ (ਭਇ) ਪ੍ਰਸੰਨਤਾ ਆਪਣੇ ਆਪਨੂੰ ਵਡਾ ਜਾਣ ਕੇ (ਅਦੀ ਹੋਣਾ) ਕਰਕੇ ਚੁਪ ਕਰ ਗਈ ਹੈ ॥

ਭਾਵ ਗੁਰਾਂ ਦੇ ਦਰਸ਼ਨ ਦੀ ਜੋਤਿ ਅਗੇ (ਸੋਭਾ ਉਪਮਾ) ਜਿਨਦਾ ਸਭ ਹੈ ਓਹ ਵੀ ਹੈਰਾਨ ਹੋਕੇ ਚੁਪ ਕਰ ਰਹਿਣੀ ਹੈ ਕਿ ਮੈਂ ਕੀ ਚੀਜ਼ ਹਾਂ

ਸ਼ੰਕਾ—ਸਿਖ ਨੇ ਕਿਹਾ ਕਿ ਤੁਸਾਂ ਜੇਹੜੀ ਵਡੀ ਉਸਤਤ ਕੀਤੀ ਹੈ ਸੋ ਸਾ ਮੈਨੂੰ ਦਿਖ ਦੇ ਯਾ ਸੁਣਾਉ ਸਭਾ । ਤਾਂ (ਉਤਰ)

ਦੇਖਬੇ ਕੌ ਦ੍ਰਿਸ਼ਟਿ ਨ ਸੁਨਬੇ ਕੌ ਸੁਰਤਿ ਹੈ
ਕਹਿਬੇ ਕੌ ਜਿਹਵਾ ਨ ਗਯਾਨ ਮੈਂ ਉਕਤਿ ਹੈ ।

ਦ੍ਰਿਸ਼ਟੀ ਕਰਕੇ ਨੇਤ੍ਰ ਦੇਖ ਨਹੀਂ ਸਕਦੇ, ਕੰਨ ਸੁਣ ਨਹੀਂ ਸਕਦੇ ਅਤੇ ਜੀਭ ਕਹਿ ਨਹੀਂ ਸਕਦੀ ਅਤੇ ਗਯਾਨਵਾਨ ਗਯਾਨੀ (ਉਕਤਿ) ਬੋਲ ਨਹੀਂ ਸਕਦਾ ਗੂੰਗੇ ਗੁੜ ਖਾਇਆ ਪਰ ਸ੍ਵਾਦ ਨਾ ਦਸਿਆ ਗਿਆ ॥

ਸੋਭਾ ਕੋਟਿ ਸੋਭ ਲੋਭ ਲੁਭਿਤ ਹ੍ਵੈ ਲੋਟ ਪੋਟ
ਜਗਮਗ ਜੋਤਿ ਕੋਟਿ ਓਟ ਲੈ ਛਿਪਤ ਹੈ ।

(ਕੋਟਿ) ਕਰੋੜਾਂ ਹੀ ਸੋਭਾ ਗੁਰਾਂ ਦੀ ਸੋਭਾ ਅਗੇ ਲੋਭ ਲਾਲਚ ਵਾਲੀਆਂ ਹੋਕੇ ਬਾ ਲੋਭ ਵਿਚ ਲੁਭਾਇਮਾਨ ਹੋਕੇ ਤੇ (ਲੋਟਪੋਟ) ਬਿਸਮਤ ਹੋਕੇ ਬਾਰ ਬਾਰ ਆਕੇ ਧੂੜੀਆਂ ਹੋਕੇ ਫਿਰ ਪੈਂਦੀਆਂ ਹਨ ਅਤੇ ਜੋ ਜਗ ਮਗ ਪ੍ਰਕਾਸ਼ ਸੂਰਜ ਚੰਦ੍ਰਮਾਂ ਦੀ ਜੋਤ ਦਾ ਕੋਟ ਬਹੁਤ ਹੀ ਹੈ ਓਹ ਗੁਰਾਂ ਦੇ ਦਰਸ਼ਨ ਦੀ ਜੋਤ ਦਾ ਓਟ ਆਸਰਾ ਲੈਕੇ (ਛਿਪਤ) ਛਪਨ ਹੋ ਜਾਂਦਾ ਹੈ ॥

ਭਾਵ—ਸੋਭਾ ਬਿਸਮਤ ਹੋਕੇ ਫਿਰ ਪੈਂਦੀ ਹੈ ਅਤੇ ਸੂਰਜ ਚੰਦ੍ਰਮਾਂ ਆਦ ਭੀ ਓਹਲੇ ਪਾਸੇ ਵਲ ਹੋਕੇ ਲੁਕ ਜਾਂਦੇ ਹਨ ॥

ਅੰਗ ਅੰਗ ਪੇਖ ਮਨ ਮਨਸਾ ਥਕਤ ਭਈ
ਨੇਤਿ ਨੇਤਿ ਨਮੋ ਨਮੋ ਅਤਿ ਹੂੰ ਤੇ ਅਤਿ ਹੈ ॥ ੧੪੦॥

ਗੁਰਾਂ ਦੇ ਅੰਗਾਂ ਅੰਗਾਂ ਦੀ ਸੋਭਾ ਦਾ ਅੰਗ ਅੰਗ ਕਰਦਿਆਂ ਜੋ ਮਨ ਦੇ ਮਨਸਾ ਰੂਪੀ ਆਦਕ ਬਿਰਤੀਆਂ ਹਨ ਓਹ ਵੀ (ਪੇਖ) ਵੇਖਕੇ ਥਕ ਗਈਆਂ ਕਿ ਸਾਡੇ ਪਾਸੋਂ ਅੰਤ ਨਹੀਂ ਲਿਆ ਜਾਂਦਾ ਮਨ ਅਤੇ ਅਤੇ ਕਰਕੇ ਕਿਆ ਧਿਆ ਆਕੇ ਬਹੁਤ ਵਾਰੀ ਨਮਸਕਾਰ ਕਰਦਾ ਹੈ ਕਿ ਮੈਂ ਆਪ ਦਾ ਕਰਗਾ ਨੇਤਿ ਨਹੀਂ ਹਾਂ ਅਤੇ ਬੁਧੀ ਵੀ ਅਤਯੰਤ ਕਰਕੇ ਧਿਆਇਆ ਕੇ ਨਮਸਕਾਰ ਕਰਦੀ ਹੈ ਅਤੇ ਆਖਦੀ ਹੈ ਕਿ ਮੈਂ ਆਪ ਦਾ ਕਰਗੀ (ਨੇਤਿ) ਨਹੀਂ ਹਾਂ ਨੇਤਿ ਦਾ ਅਰਥ ਸਦਾ ਸਦਾ ਹੁੰਦਾ ਹੈ ਪਰ ਗਯਾਨੀ ਨਹੀਂ ਨਹੀਂ ਕਰਦੇ ਹਨ ॥ ੧੪੦॥

ਛਬਿ ਕੈ ਅਨੇਕ ਛਬਿ ਸੋਭਾ ਕੈ ਅਨੇਕ ਸੋਭਾ
ਜੋਤਿ ਕੈ ਅਨੇਕ ਜੋਤਿ ਨਮੋ ਨਮੋ ਨਮ ਹੈ ।

ਐਸੀ ਜੇਹੀ ਦਰਸਨ ਦੀ (ਛਬਿ) ਉਪਮਾ ਅਗੇ ਅਨੇਕਾਂ ਦੀ (ਛਬਿ) ਛਬੀਆਂ ਉਪਮਾ (ਨਮੋ) ਨਮਸਕਾਰ ਕਰਦੀਆਂ ਹਨ ਅਥਵਾ ਗੁਰਾਂ ਦੇ ਦਰਸ਼ਨ ਦਾ ਛਬਿ ਅਗੇ ਅਨੇਕਾਂ ਦੀ (ਛਬਿ) ਛਬੀਆਂ (ਉਪਮਾਂ ਦੇਣੀਆਂ) ਉਪਮ

ਮਾ ਕਰਕੇ ਨਮਸਕਾਰ ਕਰਦੀਆਂ ਹੁੰਦੀਆਂ ਅਤੇ ਗੁਰਾਂ ਦੇ ਦਰਸ਼ਨ ਦੀ (ਕ੍ਰਾਂਤੀ) ਸੋਭਾ ਅਗੇ ਅਨੇਕਾਂ ਦਾ ਛਤਾ (ਨਮ) ਨਮਸਕਾਰ (ਕੈ) ਕਰਦੀਆਂ ਝੁਕਦੀਆਂ ਹਨ ਅਤੇ ਗੁਰਾਂ ਦੇ ਦਰਸ਼ਨ ਦੀ ਪ੍ਰਕਾਸ਼ਤਾਈ ਅਗੇ ਅਨੇਕਾਂ ਹੀ ਜੋਤੀਆਂ ਸੂਰਜ ਆਦਿਕਾਂ ਦੀਆਂ (ਨਮ) ਨਮਸਕਾਰ ਕਰਕੇ ਨਿਵਦੀਆਂ ਹਨ ।

ਮੂਲ ਪਾਠ ਨੂੰ ਅਜੇਹੇ ਢੰਗ ਨਾਲ ਅਨ੍ਵੈ ਕਰ ਲੈਣਾ ॥

"ਛਬਿ ਕੈ ਅਨੇਕ ਛਬਿ ਨਮੋ"
"ਸੋਭਾ ਕੈ ਅਨੇਕ ਸੋਭਾ ਨਮੋ"
"ਜੋਤਿ ਕੈ ਅਨੇਕ ਜੋਤਿ ਨਮ ਹੈ"

ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ
ਏਕ ਤਿਲ ਕਥਾ ਅਤਿ ਅਗਮ ਅਗਮ ਹੈ ।

(ਸ੍ਤਤਿ) ਉਸਤਤੀ ਕਰਨੀ ਅਤੇ ਉਪਮਾ ਕਰਨੀ (ਮਹਾਤਮ) ਫਲ ਤੇ ਅਨੇਕਾਂ ਹੀ ਮਹਿਮਾਂ ਕੀਰਤੀਆਂ ਗੁਰਾਂ ਦੇ ਦਰਸ਼ਨ ਦੀ (ਕ੍ਰਾਂਤੀ) ਸੋਭਾ ਆਦਿ ਤਿਨ੍ਹਾਂ ਦੀ ਕਥਾ ਕਰਨੀ ਇਕ ਤਿਲ ਜੇਡਾ ਜਿਹਾ ਇਹ ਅਗਾਧ (ਅਗੰਮ) ਮਨ ਬਾਣੀ ਦਾ ਪਤਾ ਜਿਸ ਜਗਾ ਪਹੁੰਚਿਆ ਨਾ ਜਾਵੇ ਅਥਵਾ ਗੁਰਾਂ ਦੇ ਦਰਸ਼ਨ ਦੀ ਕ੍ਰਾਂਤੀ ਦੀ ਥੋੜ੍ਹੀ ਜੇਹੀ ਕਥਾ ਅਨੇਕਾਂ ਲੋਕਾਂ ਦੀਆਂ ਵਡਿਆਈਆਂ ਤੋਂ (ਅਗਮ) ਪਰੇ ਹੈ ਅਤੇ ਗ੍ਰੰਥਕਾਰਾਂ ਦੀਆਂ ਉਪਮਾਂ ਤੋਂ ਭੀ (ਅਗਮ) ਪਰੇ ਹੈ ਅਤੇ ਤੀਰਥ ਆਦਿਕਾਂ ਦੇ (ਮਹਾਤਮ) ਫਲਾਂ ਤੋਂ ਭੀ ਬਹੁਤ ਦੂਰ ਹੈ ਅਤੇ ਵੇਦਾਂ ਪੁਰਾਣਾਂ ਕਰ ਕੇ ਦੀਆਂ ਮਹਿਮਾਂ ਤੋਂ ਭੀ ਪਰੇ ਹੈ ਭਾਵ ਗੁਰਾਂ ਦੇ ਜਸ ਦੀ ਕਥਾ ਕਰਨੀ ਥੋੜਾ ਜਿਹਾ ਹਿਤ, ਜਿਸਦੀ ਮਹਿਮਾਂ ਸਭਨਾਂ ਨਾਲੋਂ ਬਹੁਤ ਹੈ ।

ਬੁਧਿ ਬਲ ਬਚਨ ਬਿਬੇਕ ਜੌ ਅਨੇਕ ਮਿਲੇ
ਏਕ ਤਿਲ ਆਦਿ ਬਿਸਮਾਦਿ ਕੈ ਬਿਸਮ ਹੈ ।

ਬੁਧੀਆਂ ਦਾ ਬਲ ਅਤੇ ਬਚਨਾਂ ਦਾ (ਬਿਬੇਕ) ਵਿਚਾਰ ਜੇਹੇ ਜੇਹੀਆਂ ਜੇ ਅਨੇਕਾਂ ਭੀ ਇਕਠੀਆਂ ਹੋਣ ਤਾਂ ਥੋੜਾ ਜਿਹਾ ਇਹ ਗੁਰਾਂ ਦੇ ਦਰਸ਼ਨ ਦੀ ਸੋਭਾ ਅਗੇ (ਬਿਸਮਾਦਿ ਕੈ) ਹੈਰਾਨ ਹੋਕੇ (ਆਦਿ) ਪਹਿਲੋਂ ਹੀ (ਬਿਸਮ) ਭੁਲ ਮਾਨੂ ਆਪਣੇ ਆਪ ਨੂੰ ਸਮਝਕੇ ਮੰਦ ਪੈ ਜਾਂਦੀਆਂ ਹਨ । ਭਾਵ ਅਕਲ ਦੇ ਜੋਰ ਨਾਲ ਬਹੁਤੀਆਂ ਜੋ ਗਲਾਂ ਕਰਨੀਆਂ ਹਨ ਇਹੋ ਜੇਹੀਆਂ ਅਨੇਕਾਂ ਹੀ ਸੋਚਾਂ ਵਿਚਾਰਾਂ ਅਜੇਹੀਆਂ ਹੋਣ ਤਾਂ (ਆਦਿ) ਪਹਿਲੋਂ ਹੀ ਗੁਰਾਂ ਦੇ ਦਰਸ਼ਨ ਦੀ ਸੋਭਾ ਅਗੇ ਅਸਚਰਜ ਹੋਕੇ ਸ਼ਰਮਿੰਦੀਆਂ ਹੋ ਜਾਂਦੀਆਂ ਹਨ ॥

ਏਕ ਤਿਲ ਕੈ ਅਨੇਕ ਭੇਦਿ ਨਿਹਭ੍ਰਾਂਤਿ ਭਈ

ਅਬਿਗਤਿ ਗਤਿ ਗੁਰੁ ਪੂਰਨ ਬ੍ਰਹਮ ਜੈਸੇ ॥ ੨੪੧॥

ਅਸਚਰਜ ਗਤੀ ਵਾਲੇ ਵਾਹਿਗੁਰੂ ਦਾ ਰੂਪ ਜੋ ਗੁਰੂ ਹਨ ਉਨਹਾਂ ਦੇ ਦਰਸਨ ਦੀ ਕ੍ਰਾਂਤੀ ਅਤੇ ਅਨੇਕਾਂ ਹੀ ਕ੍ਰਾਂਤੀਆਂ ਸੋਭਾ ਥੋੜੇ ਜੇਹੇ ਚਿਰ ਵਿਚ (ਨਿਹਚਾਇ) ਸੋਭਾ ਤੋਂ ਬਿਨਾਂ ਹੋਕੇ ਸ਼ਰਮਿੰਦੀਆਂ ਹੋ ਗਈਆਂ ॥

ਜਲੀ ਪੂਤਰੀ ਲੌਨ ਕੀ ਥਾਹ ਸਿੰਧ ਕੋ ਲੈਨ ।
ਅਨਾਥ ਆਪ ਆਪਹ ਭਈ ਅਨਤ ਕਹੈ ਕੋ ਬੈਨ ।
(ਵਿਚਾਰ ਮਾਲਾ)

ਵਾ ਵਾਹਿਗੁਰੂ ਦੇ ਰੂਪ ਗੁਰਾਂ ਦੀ ਅਨੇਕ ਤਰਾਂ ਕਰਕੇ ਸੋਭਾ ਹੋਰਹੀਹੈ ॥ ੨੪੧ ॥

ਦਰਸਨ ਜੋਤਿ ਕੋ ਉਦੋਤ ਅਸਚਰਜ ਮੈਂ
ਕਿੰਚਤ ਕਟਾਛਜ ਕੈ ਬਿਸਮ ਕੋਟਿ ਧਯਾਨ ਹੈ।

ਜਿਨਾਂ ਨੂੰ ਸਤਿਗੁਰਾਂ ਦੇ ਦਰਸਨ ਦੀ (ਜੋਤਿ) ਸੋਭਾ (ਉਦੋਤ) ਪ੍ਰਕਾਸ਼ ਵਾਲੀ ਅਸਚਰਜ ਸੇ ਰੂਪ ਪ੍ਰਗਟ ਹੋਈ ਹੈ ਭਾਵ ਗੁਰਾਂ ਦੇ ਦਰਸਨ ਦੀ ਜੋਤਿ ਅਸਚਰਜ ਰੂਪ ਪ੍ਰਗਟ ਹੈ ਤਿਨਾਂ ਦੀ (ਕਿੰਚਤ) ਥੋੜੀ ਜੇਹੀ (ਕਟਾਛ) ਕਿਰਪਾ ਦ੍ਰਿਸ਼ਟੀ ਦੇ ਅਗੇ (ਕੋਟ) ਕਰੋੜਾਂ ਹੀ ਧਿਆਨ (ਬਿਸਮ) ਅਸਚਰਜ ਹੋ ਜਾਂਦੇ ਹਨ ਅਰਥਾਤ ਜਿਨਹਾਂ ਉਪਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ ਉਹਨਾਂ ਨੂੰ ਹੋਰ ਦੇਵੀ ਦੇਵਤਿਆਂ ਦੇ ਧਯਾਨ ਧਾਰਨੇ ਹੈਰਾਨ ਹੋ ਗਏ ਹਨ ਭਾਵ ਓਹ ਧਯਾਨ ਭੁਲਕੇ ਹੈਰਾਨ ਹੋ ਗਏ ਹਨ ਐਸਾ ਗੁਰਾਂ ਦੇ ਦਰਸਨ ਦੀ ਜੋਤਿ ਦਾ ਪ੍ਰਕਾਸ਼ ਐਸਾ ਅਸਚਰਜ ਰੂਪ ਹੈ ॥

ਮੰਦ ਮੁਸਕਾਨ ਬਾਨ ਪਰਮਦ ਭੁਤ ਗਤਿ
ਮਧੁਰ ਬਚਨ ਕੈ ਥਕਤ ਕੋਟਿ ਗਯਾਨ ਹੈ ।

(ਮੰਦ) ਹੌਲੀ ੨ (ਮੁਸਕਾਨ) ਹਸਣ ਦੀ (ਬਾਨ) ਵਾ ਸੁਭਾਉ ਆਦਤ ਸੁਭਾਉ ਦੀ ਜੋ ਹੈ ਸੋ ਇਸਦੀ (ਗਤਿ) ਰੀਤੀ (ਪਰਮਦਭੁਤ) ਵਡੀ ਅਸਚਰਜ ਹੈ ਤੇ (ਮਧੁਰ) ਮਿਠੇ ਬਚਨਾਂ ਅਗੇ (ਕੋਟ) ਕ੍ਰੋੜਾਂ ਹੀ ਗਿਆਨ ਥਕ ਜਾਂਦੇ ਹਨ ਅਰਥਾਤ ਜੋ ਗੁਰੂ ਹੌਲਾ ਹੌਲੀ ਖੁਸ਼ੀ ਹੋਕੇ ਹਸਦੇ ਹਨ ਸੋ ਇਸ ਹਾਸੇ ਅਸਚਰਜ ਰੂਪ ਰੀਤੀ ਵਾਲੇ ਅਗੇ ਭਾਵ (ਬਾਨ) ਤੀਰਾਂ ਵਰਗੇ ਮਿਠੇ ਤੇ ਤਿਖੇ ਬਚਨਾਂ ਅਗੇ ਕ੍ਰੋੜਾਂ ਹੀ ਵੇਦਾਂ ਪੁਰਾਣਾਂ ਦੇ ਗਿਆਨ ਥਕ ਜਾਂਦੇ ਹਨ । ਪਰ ਇਸ [illegible] ਵਿਚ ਭਾਵੇਂ ਭੂਸ਼ਨ ਭੀ ਹੈ ਪਰ ਨਾਲ ਹੀ ਦੂਸ਼ਨ ਪੈ ਗਿਆ ਹੈ ਜੋ ਬਚਨਾਂ ਨੂੰ ਬਾਣਾਂ ਦੇ ਨਾਲ ਤੁਲਨਤਾ ਦੇਣੀ ਭਾਂਵੇਂ ਸਿਖਾਂ ਦੇ ਹਿਰਦੇ ਭੀ ਪ੍ਰੇਮ ਨਾਲ ਵਿੰਨ੍ਹੇ ਹਨ ਅਤੇ ਦੋਖ [illegible] ਦੇ ਗਿਆਨ ਨੂੰ ਖੰਡਨ ਕਰਦੇ ਹਨ [illegible] [illegible]

ਸੁਭਾਉ ਵਾਲਾ ਠੀਕ ਹੈ ਅਖਵਾ ਉਸਦਾ ਅਰਥ ਭੀ ਠੀਕ ਹੈ ਸ੍ਰੀ ਵਾ ਗੁਰਦੁਆਰ ਮਹਿਰਾਜ ਸ੍ਰੀ ਸਾਹਿਆ ਬਾਨ ਨੂੰ ਉਕ ।

ਏਕ ਉਪਕਾਰ ਕੇ ਬਿਥਾਰ ਕੋ ਨ ਪਾਰਾਵਾਰ
ਕੋਟਿ ਉਪਕਾਰ ਸਿਮਰਨ ਉਨਮਾਨ ਹੈ।

ਗੁਰਾਂ ਦੇ ਇਕ ਉਪਕਾਰ ਦੇ (ਬਿਥਾਰ) ਵਿਸਥਾਰ (ਫੈਲਾਉ) ਪ੍ਰਤਾਪ ਦਾ (ਪਾਰਾ ਵਾਰ) ਅੰਤ ਨਹੀਂ ਪਾਇਆ ਜਾਂਦਾ ਅਤੇ ਕ੍ਰੋੜਾਂ ਹੀ ਜੋ ਉਪਕਾਰ ਹਨ ਉਹਨਾਂ ਦਾ (ਸਿਮਰਨ) ਯਾਦ ਰਖਣਾ ਅਤੇ (ਉਨਮਾਨ) ਵਿਚਾਰਨਾ ਬਹੁਤ ਹੀ ਅਸੰਭਵ ਹੈ ਭਾਵ ਗੁਰਾਂ ਦੇ ਇਕ ਉਪਕਾਰ ਦਾ ਕੋਈ ਅੰਤ ਨਹੀਂ ਆਉਂਦਾ ਤੇ ਜੋ ਕਿਨੇ ਹੀ ਉਪਕਾਰ ਗੁਰਾਂ ਨੇ ਕੀਤੇ ਹਨ ਉਹਨਾਂ ਨੂੰ (ਉਨਮਾਨ) ਵਿਚਾਰ ਕੇ [illegible] (ਸਿਮਰਨ) ਯਾਦ ਰਖੇ ਭਾਵ ਹੋਰਨਾਂ ਮਜ਼ਬਾਂ ਵਾਲਿਆਂ ਨੇ ਜੋ ਉਪਕਾਰ ਦੁਨੀਆਂ ਉਪਰ ਕੀਤੇ ਹਨ ਉਹਨਾਂ ਅਨੇਕਾਂ ਨੂੰ ਜੇਕਰ ਯਾਦ ਕਰੀਏ ਕਿ ਜਿਹਾ ਕੁ ਰਾਮਚੰਦ੍ਰ ਜੀ ਨੇ ਰਾਵਣ ਨਾਲ ਜੰਗ ਕੀਤਾ ਸੀ ਉਹ ਇਕ ਉਪਕਾਰ ਉਪਰ ਸੀ ਇਤਿਆਦਿਕ ਤੇ ਸੋ ਇਹ ਉਪਕਾਰ ਸਾਰਿਆਂ [illegible] [illegible] ਦੇ ਗੁਰਾਂ ਦੇ ਇਕ ਉਪਕਾਰ ਨਾਲ ਭੀ ਨਹੀਂ ਰਲ ਸਕਦੇ ਅਤੇ ਨਾਂ ਹੀ ਕੋਈ ਇਨਹਾਂ ਦਾ ਅੰਤ ਪਾ ਸਕਦਾ ਹੈ ॥

ਜੋ ਇਸ ਲਈ ਭਾਈ ਜੀ ਆਖਦੇ ਹਨ:-

ਦਯਾ ਨਿਧਿ, ਕ੍ਰਿਪਾ ਨਿਧਿ, ਸੁਖ ਨਿਧਿ, ਸੋਭਾ ਨਿਧਿ
ਮਹਿਮਾ ਨਿਧਾਨ ਗੰਮਤਾ ਨ ਕਾਹੂ ਆਨ ਹੈ॥੧੪[illegible]॥

(ਦਯਾ) ਕਿਰਪਾ ਦੀ (ਨਿਧਿ) ਖਾਨ ਤੇ ਫਿਰ ਕਿਰਪਾ ਦੀ (ਨਿਧਿ) ਸਮੁੰਦਰ ਤੇ ਸੁਖਾਂ ਦੀ ਨਿਧੀ ਸਿਧੀ ਰਿਧੀ ਅਤੇ ਸੋਭਾ ਦੀ (ਨਿਧਿ) ਘਰ ਅਤੇ ਮਹਿਮਾ ਦਾ ਪ੍ਰਤਾਪ ਵਡਿਆਈ ਦਾ (ਨਿਧਾਨ) ਖਜ਼ਾਨਾ ਗੁਰੂ ਹਨ ਸੋ ਇਸ ਲਈ ਗੁਰਾਂ ਦੇ ਨਾਲ ਪਹੁੰਚਣ ਬਰਾਬਰ ਹੋਣ ਦੀ ਹਿੰਮਤਾ ਸਕਤੀ ਕਿਸੇ ਪਾਸ ਨਹੀਂ ਹੈ ਇਕ ਗੁਰਾਂ ਤੋਂ ਬਿਨਾਂ ਭਾਵ ਏਹ ਜੋ ਸਭ ਕਰਾਮਾਤਾਂ ਤੇ ਵਡਿਆਈਆਂ ਵਾਲੇ ਗੁਰੂ ਹੀ ਹੈਨ ਤੇ ਹੋਰ ਕਿਸੇ ਵਿਚ ਅਜੇਹੀ ਸਕਤੀ ਦੀ ਪਹੁੰਚ ਨਹੀਂ ਹੈ ॥ ੧੪[illegible]॥

ਕੋਟਨਿ ਕੋਟਾਨਿ ਆਦਿ ਬਾਦਿ ਪਰਮਾਦਿ ਬਿਖੈ
ਕੋਟਨਿ ਕੋਟਾਨਿ ਅੰਤ ਬਿਸਮ ਅਨੰਤ ਹੈ।

ਜਦ ਪੂਰੇ ਗਿਆਨ ਦਾ ਸਮਾ ਆਉਂਦਾ ਹੈ ਤਾਂ ਸੰਸਾਰ ਸਾਰਾ ਵਿਚ [illegible] [illegible] ਹੈ ਅਤੇ ਫਿਰ ਕੋਈ [illegible] ਜਿਨਾਂ ਦਾ ਅੰਤ ਨਹੀਂ ਆਉਂਦਾ ਉਹ (ਬਿਸਮ)

ਅਖ਼ੀਰ ਵਾਹਿਗੁਰੂ ਵਿਚ ਮਿਲ ਜਾਂਦੇ ਹਨ ॥

ਕੋਟਿ ਪਾਰਾਵਾਰ ਪਾਰਾਵਾਰ ਨ ਅਪਾਰ ਪਾਵੈ
ਥਾਹ ਕੋਟਿ ਥਕਤ ਅਥਾਹ ਪਰਜੰਤ ਹੈ ।

ਕਰੋੜਾਂ ਹੀ ਪਾਰਾਵਾਰ ਸਮੁੰਦ੍ਰ ਵਰਗੇ ਜਿਨ੍ਹਾਂ ਦਾ ਪਾਰਾਵਾਰ ਅੰਤ ਨਹੀਂ ਆਉਂਦਾ ਉਹ ਵਾਹਿਗੁਰੂ ਪ੍ਰਮਾਤਮਾ ਅਪਾਰ ਦਾ ਅੰਤ ਨਹੀਂ ਪਾ ਸਕਦੇ ਥਾਹ ਸਮੁੰਦ੍ਰ ਵਰਗੇ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਦੇ ਅਤੇ (ਪਰਜੰਤ) ਹੋਰ ਜੀਵ ਸੰਸਾਰ ਦੇ ਕ੍ਰੋੜਾਂ ਹੀ ਥਾਹ ਜਿਨ੍ਹਾਂ ਦੀ ਹਾਥ ਦਾ ਪਤਾ ਲਗ ਜਾਵੇ ਭਾਵ ਅੰਤ ਪਾਇਆ ਜਾਵੇ ਓਹ ਅਥਾਹ ਵਾਹਿਗੁਰੂ ਡੂੰਘੇ ਵਿਚ ਪਹੁੰਚ ਨਹੀਂ ਸਕਦੇ ਸਗੋਂ ਥਕਤ ਹੋਕੇ ਰਹਿ ਜਾਂਦੇ ਹਨ ॥

ਅਬਿਗਤਿ ਗਤਿ ਅਤਿ ਅਗਮ ਅਗਾਧ ਬੋਧ
ਗੰਮਿਤਾ ਨ ਗਿਆਨ ਧਿਆਨ ਸਿਮਰਨ ਮੰਤ ਹੈ ।

(ਅਬਿਗਤਿ) ਪ੍ਰਾਪਤ ਜਿਸ ਪਾਸ ਪਹੁੰਚਿਆ ਨਾ ਜਾਵੇ ਸੋ ਵਾਹਿਗੁਰੂ ਦੀ (ਗਤਿ) ਰੀਤੀ ਨੂੰ (ਅਤਿ) ਅਤਯੰਤ ਕਰਕੇ ਬੋਧ ਜਾਨਣਾ (ਅਗਾਧ) ਮੁਸ਼ਕਲ ਹੈ ਅਤੇ (ਅਗਮ) ਪਹੁੰਚਿਆ ਵੇਦ ਸ਼ਾਸਤ੍ਰਾਂ ਪਾਸੋਂ ਵੀ ਨਹੀਂ ਜਾਂਦਾ ਸੋ ਉਸ ਵਾਹਿਗੁਰੂ ਪਾਸ ਪਹੁੰਚਣ ਦੀ (ਗੰਮਿਤਾ) ਸ਼ਕਤੀ ਗਿਆਨ ਧਿਆਨ ਮੰਤ੍ਰਾਂ ਦੇ ਸਿਮਰਨ ਯਾਦ ਕਰਨ ਵਿਚ ਵੀ ਨਹੀਂ ਹੈ ।

ਭਾਵ—ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾਂਦਾ ਅਤੇ ਹੋਰ ਮੰਤ੍ਰ ਜੰਤ੍ਰ ਤੰਤ੍ਰਾਂ ਦੇ ਜੋਰ ਨਾਲ ਵੀ ਵਾਹਿਗੁਰੂ ਪਾਸ ਨਹੀਂ ਪਹੁੰਚਿਆ ਜਾਂਦਾ ॥

ਅਲਖ ਅਭੇਵ ਅਪਰੰਪਰ ਦੇਵਾਧਿ ਦੇਵ
ਐਸੇ ਗੁਰਦੇਵ ਸੇਵ ਗੁਰੂ ਸਿਖ ਸੰਤ ਹੈ ॥ ੧੪੩ ॥

(ਅਲਖ) ਜੋ ਵੇਖਿਆ ਨਾ ਜਾਵੇ ਤੇ ਜੋ ਅਭੇਵ ਭਾਵ ਭੇਦ ਨਾ ਪਾਇਆ ਜਾਵੇ ਤੇ (ਅਪਰੰਪਰ) ਸੰਸਾਰ ਤੋਂ ਪਰੇ ਹੋਵੇ ਭਾਵ ਸੰਸਾਰੀ ਜੀਵ ਨ ਪਹੁੰਚ ਸਕਨ ਜਿਸਨੂੰ ਅਤੇ ਜੋ (ਦੇਵਾਧਿ ਦੇਵ) ਦੇਵਤਿਆਂ ਦਾ ਅਧਪਤੀ ਰਾਜਾ ਹੈ ਅਜਿਹੇ ਜੋ ਹੋਰ ਦੇਵ ਪ੍ਰਕਾਸ਼ ਵਾਲਾ ਅਜੇਹਾ ਲਛਣਾਂ ਵਾਲਾ ਜੋ ਵਾਹਿਗੁਰੂ ਹੈ ਉਸ ਦਾ ਰੂਪ ਹੀ ਗੁਰੂ ਦੇਵ ਗੁਰੂ ਪ੍ਰਕਾਸ਼ ਵਾਲੇ ਹਨ ਅਜੇਹਾਂ ਗੁਰਾਂ ਦੀ ਸੇਵਾ ਹੇ ਸਿਖੋ ਤੇ ਸੰਤ ਸਾਧ ਸੰਗਤ ਵਿਚ ਜਾ ਕੇ ਕਰੋ ॥

ਭਾਵ—ਅਕਾਲ ਪੁਰਖ ਦਾ ਸਰੂਪ ਜੋ ਗੁਰੂ ਹਨ ਉਨ੍ਹਾਂ ਨੂੰ ਸਾਧ ਸੰਗਤ ਵਿਚ ਜਾਕੇ ਜਾਣ ਲਵੋ ॥ ੧੪੩ ॥

*ਝੂਲਨਾ ਛੰਦ ॥

ਆਦਿ ਧਰਮਾਦਿ ਬਿਸਮਾਦਿ ਗੁਰਏ ਨਮਹ
ਪ੍ਰਗਟ ਪੂਰਨ ਬ੍ਰਹਮ ਜੋਤਿ ਰਾਖੀ ।

(ਧਰਮਾਦਿ) ਧਰਮ ਤੋਂ ਆਦਿ ਲੈਕੇ ਸਾਰੇ ਪਦਾਰਥ ਗੁਣਾਂ ਵਾਲੇ ਜੋ ਗੁਰੂ (ਬਿਸਮਾਦ) ਅਸਚਰਜ ਨੇ ਜੋ ਏਹਨਾਂ ਨੂੰ ਮੇਰੀ ਨਮਸਕਾਰ ਹੋਵੇ ਪ੍ਰਤਖ ਹੀ ਪੂਰਨ ਬ੍ਰਹਮ ਵਾਹਿਗੁਰੂ ਦੀ ਜੋਤ ਨਾਲ ਮੇਲਕੇ ਜੋਤ ਗੁਰੂ ਅੰਗਦ ਜੀ ਵੀ ਗੁਰੂ ਨਾਨਕ ਜੀ ਨੇ ਰਖੀ ਇਹੋ ਜੇਹੀ ਰੀਤੀ ਅਗੇ ਜਾਨਣੀ ॥

ਭਾਵ–ਧਰਮ ਕਰਨ ਵਾਲੇ ਜੋ ਧਰਮੀ ਗੁਰੂ ਹਨ ਓਨ੍ਹਾਂ ਨੂੰ ਮੈਂ ਬੰਦਨਾ ਕਰਦਾ ਹਾਂ ਕਿਉਂ ਕਿ ਵਾਹਿਗੁਰੂ ਨੇ ਅਪਣੀ ਜੋਤਿ ਹੀ ਗੁਰਾਂ ਵਿਚ ਰਖੀ ਹੈ। ਕੋਈ ਦੂਜਾ ਭੇਤ ਨਹੀਂ ਹੈ ॥ ਆਸਾ ਛੰਤ ਮਹਲਾ ੪

ਗੁਰੂ ਗੋਵਿੰਦ ਗੋਵਿੰਦ ਗੁਰੂ ਹੈ ਨਾਨਕ ਭੇਦ ਨ ਭਾਈ ॥

ਮਿਲ ਚਤੁਰ ਬਰਨ ਇਕ ਬਰਨ ਹ੍ਵੈ ਸਾਧਸੰਗ
ਸਹਜ ਧੁਨਿ ਕੀਰਤਨ ਸ਼ਬਦ ਸਾਖੀ ।

ਓਹੋ ਹੀ ਅਕਾਲ ਪੁਰਖ ਦੀ ਜੋਤ ਗੁਰਾਂ ਨੇ ਸਾਧ ਸੰਗਤ ਦੇ ਵਿਚ ਰਖੀ ਹੈ ਜੇਹੜਾ ਆਦਮੀ (ਚਤਰ) ਚਵਾਂ ਵਰਨਾਂ ਵਿਚੋਂ ਚਵਾਂ ਵਰਨਾਂ ਦਾ ਹੰਕਾਰ ਛਡਕੇ ਮਿਲਿਆ ਹੈ ਓਹ ਇਕ (ਵਰਨ) ਰੰਗ ਹੋਗਿਆ ਹੈ ਭਾਵ ਓਹ ਗੁਰੂ ਅਤੇ ਆਤਮਾ ਦਾ ਰੂਪ ਹੀ ਹੋ ਗਿਆ ਹੈ ॥

ਗਉੜੀ ਕਬੀਰ ਜੀ ॥

ਕਹੁ ਕਬੀਰ ਇਹੁ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥

ਪ੍ਰਭਾਤੀ ਮਹਲਾ ੫

ਸਾਧ ਸੰਗਤਿ ਮਹਿ ਬਸੈ ਗੁਪਾਲੁ ॥

ਹੁਣ ਸੰਗਤ ਦੇ ਲੱਛਣ ਦਸਦੇ ਹਨ ਕਿ ਜਿਸ ਜਗਾਹ (ਸਹਿਜ) ਵਾਹਿਗੁਰੂ ਦਾ ਹੀ (ਧੁਨਿ) ਉਚਾਰ ਹੁੰਦਾ ਹੋਵੇ ਅਤੇ ਵਾਹਿਗੁਰੂ ਦਾ ਰੂਪ ਜੋ ਗੁਰੂ ਹਨ ਓਨਾ ਦੇ (ਸਬਦ) ਸ਼ਬਦਾਂ ਦਾ ਕੀਰਤਨ ਰਾਗ ਹੁੰਦਾ ਹੋਵੇ ਅਤੇ (ਸਾਖੀ ਉਦਾਹ

ਲੱਛਣ ਛੰਦ ਰਤਨਾਵਲੀ ਵਿਚੋਂ

ਦੋਹਰ ॥ ਦਸ ਦਸ ਅਛਰ ਚਰਨ ਪਰ ਹੋਤ ਸਦਾਂ ਬਿਸ੍ਰਾਮ ।
ਸਭ ਕਲ ਪਦ ਸੈਂਤੀਸ ਲਖ ਤਾਹਿ ਝੂਲਨਾ ਨਾਮ ।

ਅਰਥ, ਜਨਮ ਅਤੇ ਮਰਨ ਦੇ ਬੰਧ ਨਾਸ਼ ਕਰੇ
ਦਾਸਨਾ ਸ਼ੀਨ ਕਰਿਆ ਅਮੂਲੇ ॥
ਅਲਿਫੀਆਂ ਮੀਗਤੀਆਂ ਚਾਰ ਹੋਈਆਂ ਪੂਰ ॥

ਦਾ ਪ੍ਰਕਾਸ਼ ਹੀ ਸਾਖੀਆਂ ਗੁਰਾਂ ਦੇ ਆਖਦੀਆਂ ਹੁੰਦੀਆਂ ਹਨ ॥

ਭਾਵ- ਜਿਸ ਸਾਧ ਸੰਗਤ ਵਿਚ ਸ਼ਬਦ ਦਾ ਕੀਰਤਨ ਤੇ ਸਾਖੀਆਂ ਦਾ ਉਚਾਰਨ ਹੋਂਦਾ ਹੈ ਉਸ ਵਿਚ ਭਾਵੇਂ ਹੋਈ ਚਹੁੰ ਵਰਨਾਂ ਵਿਚੋਂ ਆ ਮਿਲੇ ਉਹ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ। ਜੈਸੇ ਗੁਰੂ ਦਸਮ ਪਾਤਸ਼ਾਹ ਜੀ ਦੀ ਕਥਾ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਸਾਹਿਬ ਜੀ ਦਾ ਬਨਾਇਆ ਹੋਇਆ ਹੈ ਉਸ ਦੇ ਪਹਿਲਾਂ ਐਨ ਤੇ ਅਠਾਰਵੇਂ ਅਧਿਆਇ ਵਿਚ ਇਹ ਲਿਖਿਆ ਹੈ-

ਦੋਹਰਾ

ਰਹਿਮੀ ਹੁੱਤੇ ਫਕੀਰ ਤਹਿ ਮੁਸਲਮਾਨ ਕੋ ਥਾਨ।
ਰੋਹ ਬਨਾਈ ਦੀਰਘੀ ਸਿਦਣ ਨੌ ਹਾਥ ਪ੍ਰਮਾਣ॥

ਚੌਪਈ

ਪ੍ਰਥਮ ਸੀਵਤੇ ਸੋ ਬਨਵਾਈ। ਲਾਇ ਰੇਖਤਾ ਦ੍ਰਿੜ੍ਹ ਕਰਵਾਈ।
ਸੋਹੀ ਅਲਪ ਰਖੀ ਤਿਸ ਮਾਹੀ। ਮਰਨ ਲਗੇ ਪ੍ਰਵਿਸਨ ਬਿਚਰਾਈ।
ਸੋ ਸਤਿਗੁਰ ਕੇ ਢਿਗ ਚਲ ਆਯੋ। ਪਦ ਪੰਕਜ ਪਰ ਸੀਸ ਨਿਵਾਯੋ।
ਮਣ ਇਕ ਮ੍ਰਿਭ ਸੁ ਮਣ ਮਿਸਟਾਨ। ਮਣ ਮੈਦਾ ਦੀਨੋ ਤਿਹ ਆਨ।
ਅਪਰ ਚੂਨ ਚਾਵਰ ਅਰ ਦਾਨਾ। ਦਿਯੋ ਤਿਨੈ ਯੁਤ ਆਨਦੁ ਪਾਨਾ।
ਹਾਥ ਜੋਰ ਕਰ ਅਰਜ ਗੁਜਾਰੀ। ਪਰਯੋ ਆਨ ਮੈ ਸਰਣ ਤੁਮਾਰੀ।
ਦਾਸ ਆਪਨੋ ਮੋਹਿ ਬਨਾਵਹੁ। ਕਰੋ ਸਿੰਘ ਪਾਹੁਲ ਛਕਵਾਵਹੁ।
ਜਗਤ ਵਿਖੈ ਹੈਂ ਪੰਥ ਘਨੇਰੇ। ਭਲੀ ਪ੍ਰਕਾਰ ਸਰਬ ਮੈਂ ਹੇਰੇ।
ਪ੍ਰਥਮ ਮੂੰਡ ਸਿਰ ਭੀਖ ਮੰਗਾਵੇਂ। ਭਲੋ ਭੇਸ ਤੇ ਬੁਰੋ ਬਨਾਵੈਂ।
ਰਾਵਰ ਪੰਥ ਸਮਾਨ ਨ ਆਨ। ਮੈ ਪਰਖੀ ਸਭ ਰੀਤ ਪਛਾਨ।
ਉਜਲ ਭੇਖ ਸੁ ਉਜਲ ਮਤਾ। ਸਿਮਰਨ ਸਤਿ ਨਾਮ ਚਿਤ ਰਤਾ।
ਯਾਤੇ ਹੈ ਮੇਰੀ ਅਭਿਲਾਖਾ। ਬਨੋਂ ਸਿੰਘ ਮੈਂ ਯਾਤੇ ਭਾਖਾ।
ਸੁਨ ਸ੍ਰੀ ਪ੍ਰਭ ਪ੍ਰਸੰਨਤਾ ਧਾਰੀ। ਪੂਰਬ ਭਲੀ ਰੀਤ ਤੈਂ ਧਾਰੀ।
ਮੁਸਲਮਾਨ ਹ੍ਵੈ ਭਾਵਨ ਧਰੈ। ਮਿਲਨ ਪੰਥ ਮੈਂ ਜੋ ਹਿਤ ਕਰੈ।
ਤੈਂ ਏ ਉਚਿਤ ਖਾਲਸੇ ਬੀਚ। ਪਾਹੁਲ ਲੈ ਹੂਏ ਹੈ ਨੀਰ।
ਆਨ ਸਿੰਘ ਕੋ ਹੁਕਮ ਬਖਾਨਾ। ਖਰੇ ਹੋਹੁ ਕਰ ਸਿਖ ਸੁਜਾਨਾ।
ਲੈ ਆਗਯਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ।
ਸ੍ਰੀ ਮੁਖ ਤੇ ਤਬ ਨਾਮ ਉਚਰਿਓ। ਸੁਭ ਅਜਮੇਰ ਸਿੰਘ ਤਹ ਕਰਿਓ।
ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕਲਜਾਨ ਉਚਿਤ ਮੁਦ ਚਿਤੇ।
ਸਿਮਰਨ ਕਰਨ ਲਗਯੋ ਗੁਰ ਕੇਰਾ। ਗੁਰ ਬਾਨੀ ਪਠ ਸਾਂਝ ਸਵੇਰਾ।

ਪੁਨਿ, ਗੁਰ ਸਿਖ ਸੁਮਤਿ ਅਲਖ ਲਾਖੀ।

ਗੁਰੂ ਕੇ ਸਿਖਾਂ ਨੇ ਵਾਹਿਗੁਰੂ ਦੇ ਨਾਮ ਨੂੰ (ਸ੍ਰਵਨ) ਸੁਣਿਆਂ ਫਿਰ ਮੁੜ (ਪੁਨਿ) ਉਚਾਰਨ ਕੀਤਾ ਕਿਆ ਹੋਰਨਾਂ ਨੂੰ ਸੁਣਾਇਆ ਤੇ ਇਸੇ ਲਈ (ਨਿਹਕਾਮ) ਜਗਤ ਦੇ ਪਦਾਰਥਾਂ ਦੀਆਂ ਇਛਾ ਤੋਂ ਰਹਿਤ ਹੋਏ ਅਤੇ (ਨਿਜ ਧਾਮ) ਆਪਣਾ ਘਰ (ਸ੍ਰੀ ਸਰੂਪ) ਵਾ ਪ੍ਰਤਖ ਗ੍ਰਿਹਸਤ ਆਸ਼੍ਰਮ ਵਿਚ ਐਸੇ ਗੁਣਾਂ ਵਾਲੇ ਹੋਕੇ ਗੁਰੂ ਕੇ ਸਿਖ (ਸੁਮਤਿ) ਚੰਗੀ ਅਕਲ (ਅਲਖ) ਵਾਹਿਗੁਰੂ ਦੀ ਹੀ (ਲਾਖੀ) ਵੇਖਣ ਵਾਲੇ ਹੋਏ।

ਭਾਵ—ਗੁਰਾਂ ਦੇ ਸਿਖਾਂ ਨੇ ਗੁਰਾਂ ਦੀ ਸਿਖਿਆ ਕਰਕੇ ਨਾਮ ਨੂੰ ਕਾਮਨਾ ਤੋਂ ਬਿਨਾ ਹੋਕੇ ਜਪਿਆ ਅਤੇ ਘਰ ਵਿਚ ਹੀ ਵਾਹਿਗੁਰੂ ਨੂੰ ਪਾ ਲਿਆ॥

ਕਿੰਚਤ ਕਟਾਛਸ ਕਰ ਕ੍ਰਿਪਾ ਦੈ ਜਾਂਹਿ ਲੈ

ਤਾਂਹਿ ਅਵਗਾਹਿ ਪ੍ਰਿਯ ਪ੍ਰੀਤਿ ਚਾਖੀ॥ ੧੪੯॥

ਹੁਣ ਗੁਰਾਂ ਦੇ ਸਿਖਾਂ ਦਾ ਅਗੇ ਸੰਗਤ ਨੂੰ ਨਿਹਾਲ ਕਰਨਾ ਦਸਦੇ ਹਨ। (ਕਿੰਚਤ) ਥੋੜੀ ਜੇਹੀ (ਕਟਾਛਸ) ਨੇਤ੍ਰਾਂ ਦੀ ਨਿਗਾ ਕ੍ਰਿਪਾ ਦ੍ਰਿਸ਼ਟੀ ਕੀਤੀ ਜਿਨ੍ਹਾਂ ਨੂੰ ਆਪਣੇ ਪਾਸ ਬੁਲਾਇਆ ਨੇ(ਅਤੇ) (ਤਾਹਿ) ਤਿਨਾਂ ਨੇ ਹੀ(ਅਵਗਾਹਿ) ਵਿਚਾਰ ਕੇ ਪ੍ਰਿਯ ਵਾਹਿਗੁਰੂ ਪਿਆਰੇ ਦੀ ਪ੍ਰੀਤ (ਚਾਖੀ) ਚਖੀ ਹੈ॥

ਭਾਵ—ਜਿਨਾਂ ਉਤੇ ਗੁਰਮੁਖਾਂ ਨੇ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕੀਤੀ ਹੈ ਉਨ੍ਹਾਂ ਨੂੰ ਵਾਹਿਗੁਰੂ ਦੀ ਪ੍ਰੀਤੀ ਦੀ ਵਿਚਾਰ ਦਾ ਪਿਆਰਾ ਸੁਆਦ ਆਇਆ ਹੈ ਤਾਂ ਫੇਰ ਨਾਮ ਨੂੰ ਛਡਦੇ ਨਹੀਂ ਹਨ॥ ੧੪੯॥

ਸਬਦ ਕੀ *ਸੁਰਤਿ ਅਸਵਰਤਿ ਹ੍ਵੈ ਤੁਰਤ ਹੀ

ਤੁਰਤ ਹੈ ਸਾਧ ਸੰਗ ਮੁਰਤ ਨਾਹੀ।

ਗੁਰਾਂ ਦੇ ਸਿਖ ਗੁਰਾਂ ਦੇ ਸਬਦ ਉਪਦੇਸ਼ ਦੀ (ਸੁਰਤਿ) ਚੰਗੀ ਪ੍ਰੀਤੀ ਨੂੰ ਅਸਵਰਤ ਜਾਣ ਹੋਕੇ ਕਰ ਲੈਂਦੇ ਨੇ ਤੁਰਤ ਜਲਦੀ ਨਾਲ ਅਤੇ ਨਾਮ ਸਪਰਸ਼ ਵਾਸਤੇ ਸਾਧਸੰਗਤ ਵਿਚ ਤੁਰਤਿ ਤੁਰ ਲਗੇ ਰਹਿੰਦੇ ਹਨ ਅਤੇ ਮੁਰਤਿ ਮੁੜਦੇ ਹੁੰਦੇ ਨਹੀਂ ਹਨ। ਭਾਵ ਗੁਰਾਂ ਦੇ ਸਬਦ ਨੂੰ ਜਲਦੀ ਨਾਲ ਹੋਰੇ ਕਰ ਲੈਂਦੇ ਹਨ ਅਤੇ ਸਾਧ ਸੰਗਤ ਵਿਚੋਂ ਆਂਦੇ ਨਹੀਂ॥

ਪ੍ਰੇਮ ਪਰਤੀਤ ਕੀ ਰੀਤਿ ਹਿਤ ਚੀਤ ਕਰ

---

*ਇਸਨੂੰ ਅਸੀਂ ਲੋਗ ਅਨੁਪ੍ਰਾਸ ਆਖਦੇ ਹਾਂ ਕਾਵਯ ਦੇ ਪ੍ਰਸਿਧ ਗ੍ਰੰਥਨ ਸਾਹਿਤ ਸਿੰਧੁ ਲਛਮੀਕਨ [illegible] ਵਿਚ ਲਾਟਾਨੁਪ੍ਰਾਸ ਛੇਕਾਨੁਪ੍ਰਾਸ ਹੁੰਦੇ ਹਨ॥

ਪ੍ਰੀਤ ਮਨ ਜਗਤ ਮਨ ਦੂਰਤ ਨਾਹੀ ।

ਵਾਹਿਗੁਰੂ ਦੇ ਪ੍ਰੇਮ ਵਿਚ ਪਰਤੀਤ ਕੀਤੀ ਭਾਵ ਨਾਮ ਨੂੰ ਮੰਨਿਆ ਇਸ ਤਰਾਂ ਤੇ ਚਿਤ ਦੇ ਚਿਤ ਕਰਕੇ ਅਖੰਡ ਪ੍ਰੇਮ ਦੇ ਨਿਸ਼ਚੇ ਦੀ ਵਿਧੀ ਵਿਚ ਚਿਤ ਦਾ ਪਸਾਰ ਕੀਤਾ ਅਤੇ ਜਗਤ ਨੂੰ ਤੇ ਮਨ ਨੂੰ (ਵਾ ਜਗਤ ਉਪਰੋਂ ਮਨ ਨੂੰ) ਜਿਤਿਆ ਅਤੇ ਇਸ ਕੰਮ ਵਲੋਂ ਮਨ ਦੂਰਤ ਛਪਦਾ ਨਹੀਂ ਹੈ ਭਾਵ ਨਾਮ ਜਪਦਾ ਹੈ (ਮਨ ਵਿਚ ਦੂਰਤ) ਪ੍ਰਾਪਤ ਨਹੀਂ ਐਉਂ ਭੀ ਕਰਦੇ ਹਨ ॥

ਕਾਮ ਨਿਹਕਾਮ ਨਿਹਕਰਮ ਹ੍ਵੈ ਕਰਮ ਕਰ
ਆਸ ਨਿਰਾਸ ਹ੍ਵੈ ਫੁਰਤ ਨਾਹੀ ।

ਜਗਤ ਦੇ ਪਦਾਰਥਾਂ ਦੀਆਂ ਕਾਮ ਕਾਮਨਾਂ ਇਛਾ ਤੋਂ ਨਿਹਕਾਮ (ਨਿਸ਼ ਕਾਮ) ਰਹਿਤ ਹੋਏ ਅਤੇ ਕਰਮ ਕਰਨ ਤੋਂ ਨਿਹਕਰਮ (ਨਿਸ਼ ਕਰਮ) ਬਿਨਾ ਕਰਮਾਂ ਤੋਂ ਹੋਏ ਭਾਵ ਜਗਤ ਦੇ ਕਰਮ ਵੀ ਛਡ ਦਿਤੇ ਅਤੇ ਪਦਾਰਥਾਂ ਦੀਆਂ ਇਛਾ ਵੀ ਛਡ ਦਿਤੀਆਂ ਆਸ਼ਾ ਰੂਪ ਜੋ ਸੰਸਾਰ ਹੈ ਜਿਸ ਵਿਚ ਜੀਉਂਦੇ ਜੀਵ ਜਗ ਕਾਸੇ ਦੀ ਆਸਾ ਲਾਗੀ ਰਹਿੰਦੀ ਹੈ ਅਜੇਹੇ ਸੰਸਾਰ ਤੋਂ ਨਿਰਾਸ਼ ਵੈਰਾਗਵਾਨ ਹੋਏ ਅਤੇ ਫਿਰ ਇਹ ਐਸੇ ਸੁਖ ਛਡਕੇ ਫੁਰਤ ਫੁਰਦੇ ਨਹੀਂ ਹਨ ਸਰਗਮ ਸੁਖੀ ਰਹਿੰਦੇ ਹਨ ॥

ਗਿਆਨ ਗੁਰ ਧਿਆਨ ਉਰ ਮਾਨ ਪੂਰਨ ਬ੍ਰਹਮ
ਜਗਤ ਮਹ ਜਗਤ ਮਤਿ *ਛਰਤ ਨਾਹੀ ।੨੪੫॥

ਸਤਿਗੁਰਾਂ ਦੇ ਗਿਆਨ ਕਰਕੇ ਪੂਰਨ ਬ੍ਰਹਮ ਵਾਹਿਗੁਰੂ ਦਾ ਧਿਆਨ ਉਰ ਹਿਰਦੇ ਵਿਚ ਮਾਨ ਮੰਨਦੇ ਹਨ ਭਾਵ ਕਰਦੇ ਹਨ ਜਗਤ ਵਿਚ ਜਗਤ ਗੁਰ ਸਿਖਾਂ ਦਾ (ਮਤਿ) ਜੋ ਗੁਰਮਤ ਹੈ ਇਹ ਕਿਸੇ ਅਨਮਤੀ ਵਾਲੇ ਪਾਸੋਂ ਛਲਤ ਛਲਿਆ ਠਗਿਆ ਨਹੀਂ ਜਾਂਦਾ ਭਾਵ ਜਿਦਾ ਕੁ ਹੋਰਨਾਂ ਅਵਤਾਰਾਂ ਦੇ ਮਤਾਂ ਵਿਚ ਦੂਸ਼ਨ ਹੈਨ ਤੇ ਇਸੇ ਲਈ ਉਨ੍ਹਾਂ ਮਤਾਂ ਵਾਲੇ ਹਾਰ ਜਾਂਦੇ ਹੈ ਗੁਰ ਸਿਖਾਂ ਅਤੇ ਸਤੇ ਗੁਰਾਂ ਦੇ ਇਤਿਹਾਸਾਂ ਵਿਚ ਕੋਈ ਦੂਸ਼ਣ ਨਹੀਂ ਹੈ ਸੋ ਇਸ ਕਰਕੇ ਗੁਰ ਸਿਖਾਂ ਦਾ ਗੁਰਮਤ ਹਾਰਨ ਵਾਲਾ ਨਹੀਂ ਹੈ ॥

ਕਬਿਤ-ਕੋਟਿਨ ਕੋਟਾਨ ਗਿਆਨ ਗਿਆਨ ਅਵਗਾਹਿਨ ਕੈ

---

*ਛਰਤ ਪਦ ਨੂੰ ਪਿਛਲੇ ਤਿੰਨਾਂ ਪਦਾਂ ਦੇ ਅਨੁਸਾਰ ਜੇਹਾਕੇ ਫੁਰਤ ਹੈ ਐਉਂਕੜ ਨਹੀਂ ਹੈ ਪਰ ਪਾਠ ਵਿਚ ਪੜ੍ਹ ਲੈਂਦਾ ਹੈ ਅਤੇ ਅਰਥ ਵਿਚ ਨਹੀਂ ਕਰਨਾ ਜੇਹਾ ਕੁ ਪਿੰਗਲ ਆਖਦਾ ਹੈ (ਲਘੁਗੁਰ ਗੁਰਲਘੁ ਹੋਤ) ਨਾਲੇ [illegible] ॥

ਕੋਟਨਿ ਕੋਟਾਨ ਧਿਆਨ ਧਿਆਨ ਉਰਧਾਰ ਹੀ ।

ਗੁਰ ਸ਼ਬਦ ਦਾ ਵਰਨਨ

ਕ੍ਰੋੜਾਂ ਨ ਕ੍ਰੋੜਾਂ ਹੀ ਗਿਆਨ ਗਿਆਨੀ ਗ੍ਰੰਥਾਂ ਦੇ ਪੜ੍ਹਨ ਵਾਲੇ ਗਿਆਨ ਦਾ ਅਵਗਾਹਿਨ ਵਿਚਾਰਨਾਂ ਕਰਦੇ ਹਨ ਅਤੇ ਕ੍ਰੋੜਾਂ ਹੀ ਕ੍ਰੋੜਾਂ ਧਿਆਨ ਲਾਉਣ ਵਾਲੇ ਧਿਆਨੀ ਧਿਆਨ ਉਰ ਹਿਰਦੇ ਵਿਚ ਧਾਰ ਹੀ ਕਰਦੇ ਹਨ ॥

ਕੋਟਨਿ ਕੋਟਾਨ ਸਿਮਰਨ ਸਿਮਰਨ ਕਰ
ਕੋਟਨਿ ਕੋਟਾਨ ਉਨਮਾਨ ਵਾਰੰਵਾਰ ਹੀ ।

ਕ੍ਰੋੜਾਂ ਹੀ ਸਿਮਰਨਾਂ ਨੂੰ ਕ੍ਰੋੜਾਂ ਹੀ ਸਿਮਰਨ ਵਾਲੇ ਯਾਦ ਕਰਦੇ ਹਨ ਅਤੇ ਕ੍ਰੋੜਾਂ ਹੀ ਕ੍ਰੋੜਾਂ ਉਨਮਾਨ ਵਿਚਾਰ ਵਾਰੰ ਵਾਰ ਕਰਦੇ ਹਨ ॥

ਕੋਟਨਿ ਕੋਟਾਨਿ ਸ੍ਰੁਤਿ ਸ਼ਬਦ ਔ ਦ੍ਰਿਸ਼ਟਿ ਕੈ
ਕੋਟਨਿ ਕੋਟਾਨ ਰਾਗ ਨਾਦ ਝੁਨਕਾਰ ਹੀ ।

ਕ੍ਰੋੜਾਂ ਹੀ ਸੁਰਤਿ ਕੰਨ ਤੇ ਕ੍ਰੋੜਾਂ ਹੀ ਸ਼ਬਦ ਅਵਾਜ਼ ਬਾਣੀ ਅਤੇ ਕ੍ਰੋੜਾਂ ਹੀ ਦ੍ਰਿਸ਼ਟੀਆਂ ਨੇਤ੍ਰਾਂ ਦੀਆਂ ਅਤੇ ਕ੍ਰੋੜਾਂ ਹੀ ਰਾਗਾਂ ਦੇ ਨਾਦ ਅਵਾਜ਼ ਕਿਆ ਸ਼ਬਦ ਝੁਨਕਾਰ ਛਣ ਛਣ ਕਰਦੇ ਨੇ ॥

ਕੋਟਨਿ ਕੋਟਾਨ ਪ੍ਰੇਮ ਨੇਮ ਗੁਰ ਸ਼ਬਦ ਕੈ
ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੀ॥੧੪੯॥

ਕ੍ਰੋੜਾਂ ਹੀ ਪ੍ਰੇਮ ਦੇ ਕਰਨ ਵਾਲੇ ਅਤੇ ਕ੍ਰੋੜਾਂ ਹੀ ਨੇਮ ਨਿਯਮ ਦੇ ਧਾਰਨੇ ਵਾਲੇ ਗੁਰੂ ਕੇ ਸ਼ਬਦ ਪ੍ਰਤੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਨੂੰ ਵਾ ਉਪਦੇਸ਼ ਨੂੰ ਨੇਤਿ ਨੇਤਿ ਬਿਅੰਤ ੨ ਸਦਾ ਸਦਾ ਭਾਵ ਨਹੀਂ ਅੰਤ ੨ ਐਸੇ ਕਹਿਕੇ ਭੂਤ ਭਵਿੱਖਤ ਵਰਤਮਾਨ ਵਿਚ ਨਿਮਸਕਾਰ ਕਰਦੇ ਹਨ ॥

ਭਾਵ-ਗੁਰੂ ਕੇ ਸ਼ਬਦ ਦਾ ਕੋਈ ਅੰਤ ਨਹੀਂ ਪਾ ਸਕਦਾ॥ ੧੪੯ ॥

ਗੁਰਮੁਖਾਂ ਗੁਰ ਸ਼ਬਦ ਦੇ ਕਮਾਉਣ ਵਾਲਿਆਂ ਦਾ ਹਾਲ

ਸ਼ਬਦ ਸੁਰਤਿ ਲਿਵ ਲੀਨ ਅਕੁਲੀਨ ਭਏ
ਚਤੁਰ ਬਰਨ ਮਿਲ ਸਾਧਸੰਗ ਜਾਨੀਐ ।

ਗੁਰੂ ਕੇ ਸ਼ਬਦ ਉਪਦੇਸ਼ ਦਾ ਪ੍ਰਤੱਖ ਸ਼ਬਦ ਦਰਸ਼ਨ ਸੋ ਕੇ ਵਿਚ ਸੁਰਤਿ ਜੋੜੀ ਪੂਰੀ ਲਿਵ ਪ੍ਰੀਤ ਲਗਾਕੇ ਕੀਤੀ ਅਤੇ ਲੀਨ ਦਿਲ ਲਾਏ ਹੀ ਰਹਿੰਦੇ ਹਨ ਵਾ ਨਿਰਵਾਰ ਮਨ ਦੇ ਲਾਉਣ ਵਾਲੇ ਹਨ ਅਤੇ ਵਿਚ ਆਪੂ ਲੀਨ

ਅਜਿਹੀਆਂ ਉਚੀਆਂ ਸ਼ਾਨਾਂ ਦੇ ਹੰਕਾਰ ਨੂੰ ਤਿਆਗਿਆ ਇਹੀ ਤਾਂ ਹਿਰਦਿਆਂ ਦੇ ਅੰਦਰ ਰਚ ਕੇ ਗੁਰੂ ਖਾਲਸੇ (ਸਾਧ ਸੰਗਤ) ਵਿਚ ਮਿਲਦਾ ਹੋਵੇਗਾ ॥

ਗੁਰੂ ਤਾਰੇ ਸ਼ਰਨ ਦੀ ਸਾਧ ਸੰਗਤ ਵਿਚ ਮਿਲੇ ਅਤੇ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰੀ ॥

ਸਬਦ ਸੁਰਤਿ ਲਿਵਲੀਨ ਜਲਮੀਨ ਗਤਿ
ਗੁਹਜ ਗਵਨ ਜਲ ਪਾਨ ਉਨਮਾਨੀਐ ।

ਗੁਰਾਂ ਦੇ ਸ਼ਬਦ ਵਿਚ ਸੁਰਤਿ ਦੀ ਪ੍ਰੀਤੀ ਲਿਵਲੀਨ ਬ੍ਰਿਤੀ ਲਾਈ ਰੱਖੀ ਜਿਉਂ ਜਲ ਪਾਣੀ ਨਾਲ ਮੀਨ ਮੱਛ ਪ੍ਰੀਤ ਕਰਦਾ ਹੈ ਭਾਵ ਮੱਛੀ ਦੀ ਗਤਿ ਅਨਾਈਂ ਸਿਖ ਗੁਰ ਸ਼ਬਦ ਨਾਲ ਪ੍ਰੀਤ ਕਰਦੇ ਰਹਨ ਅਤੇ ਜੇਹਾ ਕੁ ਪਾਣੀ ਦੇ ਅੰਦਰ ਕੇਵਲ ਨੂੰ ਮੱਛੀ ਪਾਣੀ ਵਿਚ ਗੁਹਜ ਗੁਝਾ (ਛਪਿਆ ਹੋਯਾ ਸਾਰਦੇਰ) ਗਵਨ ਤਲਣਾ ਕਰਦੀ ਹੈ ਅਤੇ ਜਲ ਪਾਣੀ ਨੂੰ ਪਾਨ ਪੀ ਕੇ ਅਨੰਦ ਲੈਂਦੀ ਹੈ ਉਨਮਾਨੀਐ ਇਸ ਗਲ ਨੂੰ ਵਿਚਾਰਿਆ ਹੈ ਤੇਹਾ ਹੀ ਸਿਖ ਗੁਰੂ ਸ਼ਬਦ ਦਾ ਗੁਹਜ ਭੇਦ ਭਾਵਾਰਥ ਸਮਝ ਕੇ ਅਨੰਦ ਲੈਂਦੇ ਹਨ (ਅਰ ਕਲ ਆਪ ਤੇ ਮਖਾਲੀਆਂ ਵਾਕਰ ਨਹੀਂ ਕਰਦੇ) ਐਸਾ ਪਿਛਲੇ ਗੁਰਮੁਖਾਂ ਦਾ ਗੁਰਸ਼ਬਦ ਨਾਲ ਪਿਆਰ (ਵਰਤਣ) ਸੀ ॥

ਸਬਦ ਸੁਰਤਿ ਲਿਵਲੀਨ ਪਰਬੀਨ ਭਏ
ਪੂਰਨ ਬ੍ਰਹਮ ਏਕੈ ਏਕ ਪਹਿਚਾਨੀਐ ।

ਸ਼ਬਦ ਵਿਚ ਪ੍ਰੀਤੀ ਕਰਕੇ ਗੁਰਮੁਖ ਸਿਆਣੇ ਹੋਏ ਤੇ ਵਾਹਿਗੁਰੂ ਦਾ ਰੂਪ ਸਾਰਿਆਂ ਨੂੰ ਜਾਣਿਆ ॥

ਸਬਦ ਸੁਰਤਿ ਲਿਵਲੀਨ ਪਗ ਰੀਨ ਭਏ
ਗੁਰਮੁਖ ਸਬਦ ਸੁਰਤਿ ਉਰ ਆਨੀਐ ॥ ੧੪੭॥

ਗੁਰਾਂ ਦੇ ਸ਼ਬਦ ਵਿਚ ਲਿਵਲੀਨ ਮਸਤ ਹੋਕੇ ਬ੍ਰਿਤੀ ਲਾਈ ਅਤੇ ਸੁਰਤਿ ਦੀ ਪ੍ਰੀਤੀ ਕਰੀ ਅਤੇ ਸਾਰਿਆਂ ਦੇ ਪਗ ਚਰਨਾਂ ਦੀ ਰੀਨ ਖਾਕ ਹੋਏ ਅਤੇ ਗੁਰਮੁਖ ਸ਼ਬਦ ਦੀ ਪ੍ਰੀਤੀ (ਉਰ) ਹਿਰਦੇ ਵਿਚ (ਆਨੀਐ) ਲਿਆਉਂਦੇ ਹਨ ॥

ਭਾਵ-ਅਥਵਾ ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਸ਼ਬਦ ਵਾਹਿਗੁਰੂ ਦੀ ਸੰਗੀ ਸੁਰਤ ਸਜਾਤ ਦਾ ਪ੍ਰੀਤੀ ਹਿਰਦੇ ਵਿਚ ਆਂਦੀ ਹੈ ਉਨ੍ਹਾਂ ਦੇ ਚਰਨਾਂ ਦੀ ਖਾਕ ਹੋਏ ॥

ਮੈਂ ਤੁ ਜਨਾ ਦੀ ਰੇਣਕਾ ਲੈ ਮਾਥੈ ਲਾਂਦਉ ॥ ੧੪੮।

ਜੇਹੜੇ ਗੁਰਮੁਖ ਵਾਹਿਗੁਰੂ ਦਾ ਗੁਰਸ਼ਬਦ ਨਾਲ ਪ੍ਰੇਮ ਕਰਨ ਵਾਲੇ ਨੇ ਉਨ੍ਹਾਂ ਨੂੰ ਸੰਸਾਰ ਦੇ ਪਦਾਰਥਾਂ ਦੀ ਇਛਾ ਨਹੀਂ ਹੈ ਇਸ ਪਰ ਆਪ ਲਿਖ

ਲਾਲਚ ਨੂੰ ਖਤਮ ਕਰਦਾ ਹੈ

ਗੁਰਮੁਖਿ ਧਿਆਨ ਕੈ ਪ੍ਰਤਿਸਟਾ ਸੁਖੰਬਰ ਹੈ

ਅਨਿਕ ਪਟੰਬਰ ਕੀ ਸੋਭਾ ਨ ਸੁਹਾਵਈ ।

ਗੁਰਮੁਖ ਜੋ ਵਾਹਿਗੁਰੂ ਦੇ ਧਿਆਨ ਵਿਚ ਲਗੇ ਹੋਏ ਹਨ ਭਾਵ ਕਿਆ ਗੁਰਮੁਖ ਵਾਹਿਗੁਰੂ ਦਾ ਧਿਆਨ (ਕੈ) ਕਰਕੇ ਪ੍ਰਤਿਸਟਾ ਪ੍ਰਸੰਨ ਵ ਪੂਜਨੀਕ (ਸੁਖੰਬਰ) ਸੁਖ ਰੂਪ ਅੰਬਰ ਕਪੜਾ ਲੈਕੇ ਭਾਵ ਵਾਹਿਗੁਰੂ ਦੇ ਭਜਨ ਦਾ ਹੀ ਕਪੜਾ ਲਿਆ ਹੋਇਆ ਹੈ ਅਤੇ ਜੋ ਅਨੇਕਾਂ ਪਟੰਬਰ ਰੇਸ਼ਮ ਦੇ ਅੰਬਰ ਕਪੜੇ ਹਨ ਓਨ੍ਹਾਂ ਦੀ ਗੁਰਮੁਖਾਂ ਨੂੰ ਸੋਭਾ ਨਹੀਂ ਸੁਹਾਉਂਦੀ ਭਾਵ ਰੇਸ਼ਮ ਦੇ ਕਪੜੇ ਨਹੀਂ ਚੰਗੇ ਲਗਦੇ ॥

ਗੁਰਮੁਖ ਸੁਖ ਫਲ ਗਿਆਨ ਮਿਸਟਾਨ ਪਾਨ

ਨਾਨਾ ਬਿੰਜਨਾਦਿ ਸ੍ਵਾਦ ਲਾਲਸਾ ਮਿਟਾਵਈ ।

ਗੁਰਮੁਖਾਂ ਨੇ ਜੋ ਸੁਖ ਦੇਣ ਵਾਲਾ ਫਲ ਗਿਆਨਰੂਪ ਉਸ ਦੇ (ਮਿਸਟਾਨ) ਮਿਠੇ (ਅਨੰਦ) ਨੂੰ (ਪਾਨ) ਪੀਤਾ ਹੈ ਤੇ ਨਾਨਾ ਬਹੁਤ ਤਰਾਂ ਦੇ ਬਿੰਜਨਾਦ ਭੋਜਨ ਆਦਕਾਂ ਦੇ ਸ੍ਵਾਦ ਦੀ ਲਾਲਸਾ ਇਛਾ ਮਿਟਾ ਦੂਰ ਕਰ ਦਿਤੀ ਹੈ ਭਾਵ ਵਾਹਿਗੁਰੂ ਦੇ ਗਿਆਨ ਵਿਚ ਲਗੇ ਰਹਿੰਦੇ ਹਨ ਅਤੇ ਹੋਰ ਪਦਾਰਥਾਂ ਦੀ ਇਛਾ ਛਡ ਦਿਤੀ ਹੈ।

ਪਰਮ ਨਿਧਾਨ ਪ੍ਰਿਅ ਪ੍ਰੇਮ ਪਰਮਾਰਥ ਕੈ

ਸਰਬ ਨਿਧਾਨ ਕੀ ਇਛਾ ਨ ਉਪਜਾਵਈ ।

(ਪਰਮ) ਚੰਗਾ (ਨਿਧਾਨ) ਖਜਾਨਾ (ਪ੍ਰਿਅ) ਪਿਆਰੇ ਵਾਹਿਗੁਰੂ ਦੇ ਪ੍ਰੇਮ ਦਾ ਪਰਮਾਰਥ (ਕੈ) ਅਤੇ ਅਰਥ ਪਰਯੋਜਨ ਵਾਲਾ ਜੋ ਹੈ ਉਸ ਨੂੰ ਲੈਕਰ ਜਗਤ ਦੇ ਸਾਰਿਆਂ ਪਦਾਰਥਾਂ ਰੂਪ (ਨਿਧਾਨ) ਖਜਾਨਿਆਂ ਦੀ ਇੱਛਾ ਨਹੀਂ ਪ੍ਰਗਟ ਕਰਦੇ ॥ ਭਾਵ—ਵਾਹਿਗੁਰੂ ਦੇ ਪ੍ਰੇਮ ਦਾ ਅਨੰਦ ਲੈ ਕੇ ਪਦਾਰਥਾਂ ਦੀ ਇਛਾ ਨਹੀਂ ਰਖਦੇ ॥

ਪੂਰਨ ਬ੍ਰਹਮ ਗੁਰ ਕਿੰਚਤ ਕ੍ਰਿਪਾ ਕਟਾਛਹਿ

ਮਨ ਮਨਸਾ ਥਕਤ ਅਨਤ ਨ ਧਾਵਈ ॥ ੧੪੯ ॥

(ਪੂਰਨ ਬ੍ਰਹਮ) ਵਾਹਿਗੁਰੂ ਦੀ ਤੇ ਗੁਰੂ ਦੀ ਜਦ (ਕਿੰਚਤ) ਥੋੜੀ ਜਿਹੀ ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਮਨ ਤੇ ਮਨਸਾ ਰੂਪੀ ਪਦਾਰਥਾਂ ਦੇ ਸੁਆਦ ਲਟਾਵਣੇ ਥਕ ਗਈ ਅਤੇ (ਅਨਤ) ਹੋਰ ਥਾਂਵੇ ਦੌੜ ਨਾ (ਧਾਵਈ) ਦੌੜਦੀ ਹੋਈ ॥

ਭਾਵਅਰਥ: ਵਾਹਿਗੁਰੂ ਦਾ ਥੋੜੀ ਜੇਹੀ ਕਿਰਪਾ ਕਰਨ ਤਾਂ ਪਦਾਰਥਾਂ ਵਲੋਂ

ਗੁਰੂ ਹਟ ਗਈ ਅਤੇ ਗੁਰਾਂ ਨੇ ਜਿਨਾਂ ਤੇ ਕ੍ਰਿਪਾ ਦ੍ਰਿਸ਼ਟੀ ਕਰੀ ਓਹ ਹੋਰ ਦੇਵੀ ਦੇਵਤਿਆਂ ਦੇ ਦੁਆਰੇ ਜਾਣੋਂ ਰਹੇ ॥ ੧੬੮॥

ਧੰਨਜ ਧੰਨਜ ਗੁਰ ਸਿਖਜ ਸੁਨ ਗੁਰ ਸਿਖਜ ਭਏ
ਗੁਰ ਸਿਖਜ ਮਨ ਗੁਰ ਸਿਖਜ ਮਨਮਾਨੇ ਹੈ।

ਐਸੇ ਗੁਰਮੁਖਾਂ ਦਾ ਧੰਨਵਾਦ ਕਰਦੇ ਹਨ ਕਿ ਅਜੇਹੇ ਗੁਰਮੁਖ ਧੰਨਯਧੰਨ ਹਨ ਜੋ ਗੁਰਾਂ ਦੀ ਸਿਖਿਆ ਨੂੰ ਸੁਣਕੇ ਗੁਰਾਂ ਦੇ ਸਿਖ ਹੋ ਗਏ ਹਨ ਅਤੇ ਮੰਨਣ ਵਾਲੀ ਗੁਰ ਸਿਖਿਆ ਗੁਰੂ ਕੇ ਸਿਖ ਮਨ ਵਿਚ ਮੰਨਦੇ ਹਨ ਭਾਵ ਗੁਰੂ ਕੇ ਸਿਖ ਬਣਕੇ ਗੁਰੂ ਦੀ ਸਿਖਿਆ ਨੂੰ ਧਾਰਦੇ ਹਨ ॥

ਗੁਰ ਸਿਖ ਭਾਇ ਗੁਰ ਸਿਖ ਭਾਉ ਚਾਉ ਰਿਦੈ
ਗੁਰੂ ਸਿਖ ਜਾਨ ਗੁਰੂ ਸਿਖ ਜਗ ਜਾਨੇ ਹੈ।

ਗੁਰੂ ਕੇ ਸਿਖ (ਭਾਇ) ਸਭ ਕਿਸੇ ਨੂੰ ਚੰਗੀ ਲਗਣ ਵਾਲੀ ਗੁਰੂ ਦੀ ਸਿਖਿਆ ਨੂੰ (ਪ੍ਰੇਮ ਨਾਲ ਚਾਉ) ਸ਼ੌਕ (ਰਿਦੈ) ਹਿਰਦੇ ਵਿਚ ਕਰਦੇ ਹਨ ਅਥਵਾ ਗੁਰੂ ਕੇ ਸਿਖ ਗੁਰੂ ਕੇ ਸਿਖਾਂ ਦੀ (ਭਾਇ) ਭਾਵਨਾ ਪ੍ਰੇਮ ਤੇ (ਚਾਉ) ਅਨੰਦ ਕਰਦੇ ਕਿਆ ਲੈਂਦੇ ਹਨ ਅਥਵਾ ਗੁਰੂ ਕੇ ਸਿਖ ਗੁਰੂ ਕੀ ਸਿਖਿਆ ਨੂੰ (ਭਾਇ) ਪ੍ਰੇਮ ਤੇ ਚਾਉ ਸ਼ੌਕ ਨਾਲ ਹਿਰਦੇ ਵਿਚ (ਭਾਉ) ਜਮਾਉਂਦੇ ਹਨ ਅਜੇਹੀ ਗੁਰੂ ਕੀ ਸਿਖਿਆ ਧਾਰਨ ਵਾਲਿਆਂ ਨੂੰ ਸੰਸਾਰ ਵਿਚ ਗੁਰੂ ਕੇ ਸਿਖ ਜਾਣੀਦਾ ਹੈ ਭਾਵ ਜੋ ਗੁਰੂ ਕੀ ਸਿਖਿਆ ਨੂੰ ਸਿਖ ਧਾਰਨ ਕਰਦੇ ਹਨ ਉਨਾਂ ਨੂੰ ਗੁਰੂ ਕੇ ਸਿਖ ਜਾਣੀਦਾ ਹੈ ॥

ਗੁਰ ਸਿਖ ਸੰਧਿ ਮਿਲੈ ਗੁਰ ਸਿਖਜ ਪੂਰਨ ਹ੍ਵੈ
ਗੁਰ ਸਿਖ ਪੂਰਨ ਬ੍ਰਹਮ ਪਹਿਚਾਨੇ ਹੈਂ ॥

ਅਗੋ ਓਹਨਾਂ ਅਜੇਹਿਆਂ ਗੁਰਮੁਖਾਂ ਦੀ ਸੰਧਿ(ਮਿਲੌਨੀ) ਵਿਚ ਜੋ ਮਿਲਿਆ ਹੈ ਉਹ ਭੀ ਗੁਰੂ ਕਾ ਸਿਖ ਪੂਰਨ ਸਭ ਕਾਜ ਵਿਚ ਹੁੰਦਾ ਹੈ ਇਸ ਤਰਾਂ ਗੁਰੂ ਕੇ ਸਿਖ (ਪੂਰਨ ਬ੍ਰਹਮ) ਵਾਹਿਗੁਰੂ ਦਾ (ਰੂਪ) ਪਹਿਚਾਨੇ ਜਾਣੇ ਜਾਂਦੇ ਹਨ। ਭਾਵ ਗੁਰਮੁਖਾਂ ਨਾਲ ਜਗਤ ਦੇ ਆਦਮੀ ਮਿਲਕੇ ਵਿਦਿਆ ਆਦਿਕ ਗੁਣਾਂ ਵਿਚ ਭਰੇ ਗਏ ਅਤੇ ਸਾਰਿਆਂ ਵਿਚ ਵਾਹਿਗੁਰੂ ਨੂੰ ਫੈਲਿਆ ਹੋਇਆ ਜਾਣਿਆ ॥

ਗੁਰ ਸਿਖ ਪ੍ਰੇਮ ਨੇਮ ਗੁਰ ਸਿਖ ਸਿਖ ਗੁਰੂ
ਜੈਸੇ ਕੈਸੀ ਕੀਟ ਭ੍ਰਿੰਗ ਹੁਇ ਫੁਰ ਉਰ ਆਨੇ ਹੈ॥੧੬੯॥

ਗੁਰਸਿਖਾਂ ਨੇ ਪ੍ਰੇਮ ਦਾ ਨਿਯਮ ਕੀਤਾ ਹੈ ਇਸ ਕਰਕੇ ਗੁਰੂ ਸਿਖ ਤੇ ਸਿਖ ਗੁਰੂ ਇਕ ਰੂਪ ਜਾਣੀਦੇ ਹਨ (ਸੋਈ) ਮੈਂ ਤੂੰ ਤੂੰ ਮੈਂ ਭਾਵ ਇਕ ਰੂਪ ਐਸੀ ਰੀਤ ਜੋ ਇਕ ਪਤੀ ਪ੍ਰਮਾਤਮਾ ਵਾਹਿਗੁਰੂ ਹੈ ਓਹੋ ਹੀ (ਚੀਤ) ਸਿਮਰਣ ਕਰਕੇ ਜਾਣਦੇ ਹਨ ॥

ਭਾਵ–ਭਾਵੇਂ ਗੁਰੂ ਕੇ ਸਿਖ ਗੁਰੂ ਰੂਪ ਬਣ ਜਾਏ ਅਤੇ ਫਿਰ ਭੀ ਵਾਹਿਗੁਰੂ ਨੂੰ (ਉਰ) ਹਿਰਦੇ ਵਿਚੋਂ ਨਹੀਂ ਭੁਲਾਉਂਦੇ ਹਨ ਸਗਮਾ ਰਾਤ ਦਿਨ ਮਨ ਵਿਚ (ਆਨੇ) ਲਿਆਉਂਦੇ ਕਿਆ ਯਾਦ ਰਖਦੇ ਹਨ ॥੧੪੮॥

ਹੁਣ ਇਸ ਅਗਲੇ ਕਬਿਤ ਵਿਚ ਪੂਰੇ ਗੁਰਾਂ ਦੇ ਲਛਣ (ਚਿਹਨ ਨਿਸ਼ਾਨ) ਦਸਦੇ ਹਨ ਕਿ ਜਿਨ੍ਹਾਂ ਦੀ ਕਿਰਪਾ ਨਾਲ ਅਜਿਹੀ ਪਦਵੀ ਮਿਲੀ ਹੈ

ਸਤਿਗੁਰੁ ਸਤਿ ਸਤਿ ਗੁਰਮਤਿ ਸਤਿ ਰਿਦੈ
ਭ੍ਰਿਦੈ ਨ ਦੁਤੀਆ ਭਾਉ ਤ੍ਰਿਗੁਨ ਅਤੀਤ ਹੈ ।

ਸਤਿਗੁਰੂ ਜੀ ਆਪ ਸਤਿ ਹੈ ਸਤਿ ਵਾਹਿਗੁਰੂ ਦਾ ਸਰੂਪ ਹੈ ਅਤੇ ਸਤਿਗੁਰਾਂ ਦੀ (ਮਤਿ) ਸਿਖਿਆ ਭੀ (ਸਤਿ) ਸਚੀ ਹੈ ਭਾਵ ਗੁਰੂ ਜੀ ਵਾਹਿਗੁਰੂ ਦਾ ਸਰੂਪ ਸਤਿ ਹਨ ਅਤੇ ਸਿਖਿਆ ਗੁਰਾਂ ਦੀ ਵਾਹਿਗੁਰੂ ਨੂੰ ਮਿਲਾਉਣ ਵਾਲੀ ਹੈ ਅਤੇ ਗੁਰਾਂ ਦੇ (ਰਿਦੈ) ਹਿਰਦੇ ਵਿਚ ਦ੍ਵੈਤ ਭਾਵ (ਕਿਸੇ ਨੂੰ ਵਧ ਘਟ ਜਾਨਣਾ) ਨਹੀਂ (ਭ੍ਰਿਦੈ) ਮਿਲਦਾ ਅਤੇ ਤਿੰਨ ਗੁਣ ਰੂਪ ਜੋ ਸੰਸਾਰ ਹੈ ਇਸ ਦੇ ਦੁਖ ਜੋ ਜਨਮ ਮਰਨ ਹੈਂ ਇਹਨਾਂ ਤੋਂ (ਅਤੀਤ) ਰਹਿਤ ਹਨ ਭਾਵ ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ । ਅਥਵਾ ਰਜੋ ਤਮੋ ਨਿਕਟ ਨਹੀਂ ਆਉਂਦੇ ਅਤੇ ਸਭੇ ਨੂੰ ਵਰਤਦੇ ਹਨ ਭਾਵ ਸਭ ਨਾਲ ਮਿਠਾ ਬੋਲਦੇ ਹਨ ॥

ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ
ਏਕ ਹੀ ਅਨੇਕ ਮੇਕ ਸਕਲ ਕੇ ਮੀਤ ਹੈ ।

(ਪੂਰਨ ਬ੍ਰਹਮ) ਜੋ ਵਾਹਿਗੁਰੂ ਹੈ ਸਾਰਿਆਂ ਵਿਚ ਭਰਿਆ ਅਤੇ (ਮਈ) ਮਿਲਿਆ ਹੋਇਆ ਸੋਈਓ ਹੀ ਗੁਰੂ ਇਕ ਅਨੇਕਾਂ ਵਿਚ (ਮੇਕ) ਮਿਲੇ ਹੋਏ ਹਨ ਅਤੇ ਸਾਰਿਆਂ ਜੀਵਾਂ ਦੇ (ਮੀਤ) ਪਿਆਰੇ ਹਨ ॥

ਭਾਵ ਵਾਹਿਗੁਰੂ ਦਾ ਰੂਪ ਗੁਰੂ ਸਾਰਿਆਂ ਦੇ ਪਿਆਰੇ ਹਨ ॥

(ਨੋਟ) ਮਈ ਤੇ ਮੇਕ ਦਾ ਇਕੋ ਹੀ ਅਰਥ ਹੈ ॥

ਨਿਰਲੇਪ ਨਿਰਵੈਰ ਨਿਰਾਧਾਰ ਨਿਰਲੰਭ

ਨਿਰੰਕਾਰ ਨਿਰਵਿਕਾਰ ਨਿਹਚਲ ਚੀਤ ਹੈ ।

ਵੈਰ ਤੋਂ ਬਿਨਾਂ (ਨਿਰਲੇਪ) ਮਾਇਆ ਦੇ ਲੇਪ ਦਬਾ ਤੋਂ ਬਿਨਾਂ ਵਾ ਸਾਰਿਆਂ ਵਿਚ ਫੈਲੇ ਹੋਏ ਹਨ ਅਤੇ (ਨਿਰਾਧਾਰ)ਭੋਜਨ ਆਦਿਕਦੇ ਅਧਾਰ ਤੋਂ ਬਿਨਾਂ (ਭਾਵ ਗੁਰੂ ਨਾਨਕ ਜੀ ਕਈ ਦਿਨ ਭੋਜਨ ਦੀ ਇਛਾ ਨਹੀਰਖਦੇ ਸੀ) ਅਤੇ (ਨਿਰਾਲੰਬ) ਹੋਰਨਾਂ ਪੀਰਾਂ ਫਕੀਰਾਂ ਅਵਤਾਰਾਂ ਦੇ ਆਸਰੇ ਓਟ ਤੋਂ ਬਿਨਾ ਅਥਵਾ ਨਿਆਸਰਿਆਂ ਦਾ ਆਸਰਾ ਹਨ ਅਤੇ (ਨਿਰੰਕਾਰ)ਵਾਹਿਗੁਰੂ ਦਾ ਰੂਪ ਅਕਾਰ ਤੋਂ ਰਹਿਤ ਹਨ ਵਿਕਾਰਾਂ ਤੋਂ ਬਿਨਾਂ ਹਨ ਅਤੇ ਅਡੋਲ ਜਿਨ੍ਹਾਂ ਦਾ ਚਿਤ ਹੈ(ਅਜੇਹੇ ਗੁਰੂ ਹੈਨ)

ਨਿਰਮਲ ਨਿਰਮੋਲੁ ਨਿਰੰਜਨ ਨਿਰਾਹਾਰ
ਨਿਰਮੋਹ ਨਿਰਭੇਦ ਅਛਲ ਅਜੀਤ ਹੈ ॥ ੧੫੦॥

ਉਜਲ ਮੁਲ ਤੋਂ ਬਿਨਾਂ (ਨਿਰੰਜਨ) ਮਾਇਆ ਦੀ ਇਛਾ ਤੋਂ ਰਹਿਤ (ਨਿਰਾਹਾਰ) ਸੰਤੋਖੀ (ਅਹਾਰ) ਅੰਨ ਆਦਿਕ ਤੋਂ ਸੰਤੋਖ ਰਖਣਵਾਲੇ ਜਗਤ ਗੁਹਸਤ ਦੇ ਮੋਹ ਤੋਂ ਬਿਨਾਂ ਤੇ (ਨਿਰਭੇਦ)ਕਟਣ ਮਾਰਨ ਤੋਂ ਬਿਨਾਂ ਤੇ ਛਲਨ ਤੋਂ ਬਿਨਾ ਤੇ ਜਿਤੇ ਨਹੀਂ ਜਾਂਦੇ (ਅਜੇਹੇ ਗੁਰੂ ਹਨ)॥੧੫੦ ॥

ਸਤਿਗੁਰ ਸਤਿ ਸਤਿਗੁਰ ਕੇ ਸਬਦ ਸਤਿ
ਸਤਿ ਸਾਧਸੰਗਤਿ ਹੈ ਗੁਰਮੁਖਿ ਜਾਨੀਐ ।

ਸਚੇ ਗੁਰੂ ਆਪ ਭੀ ਸਚੇ ਹਨ ਅਤੇ ਗੁਰਾਂ ਦਾ (ਸਬਦ) ਉਪਦੇਸ਼ ਭੀ ਸਚਾ ਹੈ ਤੇ ਜਿਨਾਂ ਦੇ ਗੁਰਮੁਖਾਂ ਦੀ ਸਾਧ ਸੰਗਤ ਵੀ ਸਚੀ (ਜਾਣ ਲਓ) ਹੈ ।

ਦਰਸਨ ਧਯਾਨ ਸਤਿ, ਸਬਦ ਸੁਰਤਿ ਸਤਿ
ਗੁਰਸਿਖ ਸੰਗ ਸਤਿ, ਸਤਿ ਕਰ ਮਾਨੀਐ ।

ਗੁਰਾਂ ਦੇ ਦਰਸਨ ਦਾ ਧਯਾਨ ਭੀ ਸਚਾ ਹੈ ਅਤੇ ਗੁਰਾਂ ਦੇ (ਸਬਦ) ਉਪਦੇਸ਼ ਦੀ (ਸੁਰਤਿ) ਗਜਾਤ ਵੀ ਪ੍ਰੀਤੀ ਵ ਸਚੀ ਹੈ ਅਤੇ ਗੁਰੂ ਕੇ ਸਿਖਾਂ ਦਾ ਸਾਥ ਭੀ ਸਦਾ ਹੈ ਇਹ ਤਿੰਨੇ ਹੀ ਸਚੇ ਕਰਕੇ ਮੰਨੋ ॥

ਦਰਸ ਬ੍ਰਹਮ ਧਯਾਨ, ਸਬਦ ਬ੍ਰਹਮ ਗਯਾਨ
ਸੰਗਤ ਬ੍ਰਹਮ ਥਾਨ, ਪ੍ਰੇਮ ਪਹਿਚਾਨੀਐ ।

ਗੁਰਾਂ ਦਾ ਦਰਸਨ ਕਰਨ ਨਾਲ ਵਾਹਿਗੁਰੂ ਦੇ ਧਿਆਨ ਲਾਉਣ ਦੀ ਜੁਗਤੀ ਮਿਲਦੀ ਹੈ ਅਤੇ ਗੁਰਾਂ ਦਾ ਉਪਦੇਸ਼ ਸੁਣਨ ਨਾਲ ਵਾਹਿਗੁਰੂ ਦਾ ਗਯਾਨ

ਹੋਂਦਾ ਹੈ ਅਤੇ ਗੁਰਾਂ ਦੀ ਆਪ ਸੰਗਤ ਵਾਹਿਗੁਰੂ ਦੇ ਦਰਸ਼ਨ ਦੀ ਸੋਭਾ ਪੈ ਪਰ ਪ੍ਰੇਮੀ ਜਾਣਦੇ ਹਨ ਵਾ ਪ੍ਰੇਮੀ ਵਾਹਿਗੁਰੂ ਦਾ ਰੂਪ ਸੰਤਾਂ ਦੇ ਸੰਗ ਨੂੰ ਜਾਣਦੇ ਹਨ ॥

ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ
ਕਾਮ ਨਿਹਕਾਮ ਉਨਮਨ ਉਨਮਾਨੀਐ ॥ ੧੫੧॥

ਗੁਰਾਂ ਦੇ (ਸਤਿਨਾਮ) ਮੰਤ੍ਰ ਦਾ ਧਿਆਨ ਕੀਤਾ ਫਿਰ ਸਤ ਰੂਪ ਵਾਹਿਗੁਰੂ ਦਾ ਗਿਆਨ ਹੋਇਆ ਤੇ (ਕਾਮ) ਜਗਤ ਦੇ ਪਦਾਰਥਾਂ ਦੀਆਂ ਇਛਾਂ ਤੋਂ (ਨਿਹਕਾਮ) ਰਹਿਤ ਹੋਏ ਤੇ (ਉਨਮਨ) ਤੁਰੀਆ ਪਦ ਦਸਵੇਂ ਦੁਆਰ ਦੇ (ਉਨਮਾਨੀਐ) ਵਿਚਾਰਨਵਾਲੇ ਹੋਏ ਭਾਵ ਜਦ ਪਦਾਰਥਾਂ ਦੀਆਂ ਇਛਾਂ ਛਡੀਆਂ ਤੇ ਮਨ ਇਕਾਗਰ ਹੋਯਾ ਤਾਂ ਸਤਿਨਾਮ ਨੂੰ ਸਿਮਰਕੇ ਵਾਹਿਗੁਰੂ ਨੂੰ ਮਿਲ ਗਏ ॥ ੧੫੧॥

ਸਮਾਨ ਦ੍ਰਿਸ਼ਟੀ ਦਸਦੇ ਹਨ

ਗੁਰਮੁਖਿ ਪੂਰਨ ਬ੍ਰਹਮ ਦੇਖੇ ਦ੍ਰਿਸ਼ਟਿ ਕੈ
ਗੁਰਮੁਖਿ ਸਬਦ ਕੈ ਪੂਰਨ ਬ੍ਰਹਮ ਹੈ ।

ਗੁਰਮੁਖ ਵਾਹਿਗੁਰੂ ਨੂੰ ਹੀ ਨੇਤਰਾਂ ਦੀ (ਨਿਗਾ) ਨਾਲ ਵੇਖਦੇ ਹਨ ਅਤੇ ਸਬਦ ਗੁਰਾਂ ਦੇ ਸ਼ਬਦ ਬਾਣੀ ਨਾਲ ਪੂਰਨ (ਬ੍ਰਹਮ) ਵਾਹਿਗੁਰੂ ਨੂੰ ਉਚਾਰਨ ਕਰਦੇ ਹਨ ॥

ਗੁਰਮੁਖਿ ਪੂਰਨ ਬ੍ਰਹਮ ਸ੍ਰੁਤਿ ਸ੍ਰਵਨ ਕੈ
ਮਧੁਰ ਬਚਨ ਕਹਿ ਬੇਨਤੀ ਬਿਸਮ ਹੈ ।

ਗੁਰਮੁਖ (ਪੂਰਨ ਬ੍ਰਹਮ) ਵਾਹਿਗੁਰੂ ਦੇ ਨਾਮ ਨੂੰ ਹੀ (ਸ੍ਰੁਤਿ) ਕੰਨਾਂ ਨਾਲ (ਸ੍ਰਵਣ ਕੈ) ਸੁਣਨਾ ਕਰਦੇ ਹਨ ਤੇ (ਮਧੁਰ) ਮਿਠੇ ਬੋਲਾਂ ਨੂੰ ਬੋਲਕੇ (ਬਿਸਮ) ਅਸਚਰਜ ਬੇਨਤੀ ਕਰਦੇ ਹਨ ਭਾਵ ਅਜਿਹਾ ਬੋਲਣਾ ਬੋਲਦੇ ਹੈ ਕਿ ਸਭ ਦਾ ਮਨ ਮੋਹਤ ਕਰ ਲੈਂਦੇ ਹਨ ॥

ਗੁਰਮੁਖਿ ਪੂਰਨ ਬ੍ਰਹਮ ਰਸ ਗੰਧ ਸੰਧ
ਪ੍ਰੇਮ ਰਸ ਚੰਦਨ ਸੁਗੰਧ ਗਮਾਗਮ ਹੈ ।

ਗੁਰਮੁਖ (ਪੂਰਨ ਬ੍ਰਹਮ) ਵਾਹਿਗੁਰੂ ਦੀ (ਰਸ ਗੰਧ) (ਸੁਗੰਧੀ ਵਾਲੀ) ਪ੍ਰੇਮਾ ਭਗਤੀ ਵਿਚ (ਸੰਧ) ਮਿਲੇ ਹਨ ਜੋ ਓਹ ਪ੍ਰੇਮ ਰਸ ਅਨੰਦ ਸਰੂਪ ਦਾ ਚੰਦਨ ਆਦਿਕ ਬਿਛਾਂ ਦੀ ਸੁਗੰਧੀ ਤੋਂ ਗਮਾਗਮ ਪਰੇ ਤੇ ਅਗੋਚਰ

ਭਾਵ—ਵਾਹਿਗੁਰੂ ਦੇ ਅਭੇਦ ਨਾਲ ਉਹਨਾਂ ਦੀ ਬ੍ਰਿਤੀ ਹੀ ਗੁਰਮੁਖੀ ਨਹੀਂ ਪਹੁੰਚ ਸਕਦੀ॥

ਗੁਰਮੁਖਿ ਪੂਰਨ ਬ੍ਰਹਮ ਗੁਰ ਸਰਬ ਮੈ
ਗੁਰਮੁਖਿ ਪੂਰਨ ਬ੍ਰਹਮ ਨਮੋ ਨਮ ਹੈ॥ ੧੫੨ ॥

ਗੁਰਮੁਖ ਪੂਰਨ ਬ੍ਰਹਮ ਵਾਹਿਗੁਰੂ ਨੂੰ ਗੁਰੂ ਰੂਪ ਹੋਕੇ ਸੰਪੂਰਨ ਸਾਰਿਆਂ ਦਾ (ਮੈਂ) ਰੂਪ ਜਾਣਦੇ ਨੇ ਸੋ ਅਜੇਹੇ ਗੁਰਮੁਖ ਜੋ ਵਾਹਿਗੁਰੂ ਦਾ ਰੂਪ ਹੈਂ ਤਿਨਾਂ ਨੂੰ ਵਾਰ ਵਾਰ ਨਮੋ ਨਮ ਬੰਦਨਾ ਹੋਵੇ ਵੀ ਗੁਰਮੁਖਾਂ ਨੂੰ ਗੁਰਮੁਖ ਵਾਹਿਗੁਰੂ ਦਾ ਰੂਪ ਜਾਣਕੇ ਨਮਸਕਾਰ ਕਰਦੇ ਨੇ॥ ੧੫੨॥

ਅਗੇ ਗੁਰਮੁਖਾਂ ਦੇ ਕੰਮਾਂ ਦੀ ਸਾਖ ਚਲਾਉਂਦੇ ਹਨ ਕਿ
ਜੇਹੜੇ ੨ ਮਿਲੇ ਹਨ ਓਹ ਵੀ ਸਫਲ ਹੋਗਏ ਹਨ

ਦਰਸ ਅਦਰਸ ਦਰਸ ਅਸਚਰਜ ਮੈ
ਹੇਰਤ ਹਿਰਾਨੇ ਦ੍ਰਿਗ ਦ੍ਰਿਸ਼ਟਿ ਅਗਮ ਹੈ।

ਗੁਰਮੁਖਾਂ ਦਾ ਦਰਸ਼ਨ ਕਰਨਾ ਕ੍ਰਿਆਂ ਦਰਸ਼ਨਾਂ (ਜੋਗੀ ਸੰਨਿਆਸ ਆਦਿਕ ਭੇਖਾਂ) ਆਦਕ ਦੇ ਵੇਖਣ ਤੋਂ ਅਦਰਸ ਅਦੇਖ ਕਰ ਦੇਂਦਾ ਹੈ ਭਾਵ ਗੁਰਮੁਖਾਂ ਦੇ ਭੇਸ ਨੂੰ ਵੇਖਕੇ ਹੋਰ ਕਿਸੇ ਦੇ ਭੇਖ ਨੂੰ ਵੇਖਣ ਦੀ ਲੋੜ ਨਹੀਂ ਰਹਿੰਦੀ ਸੋ ਇਸ ਲਈ ਆਖਦੇ ਨੇ ਕਿ ਗੁਰਮੁਖਾਂ ਦਾ ਦਰਸ਼ਨ ਕਰਨਾ ਅਸਚਰਜ ਵਾਹਿਗੁਰੂ ਦਾ ਸੋ ਸਰੂਪ ਹੀ ਹੈ (ਹੇਰਤ ਹਿਰਾਨੇ) ਆਪ ਵੇਖਕੇ ਵਾਹਿਗੁਰੂ ਨੂੰ ਹੈਰਾਨ ਹੋਗਏ ਨੇ ਤੇ ਹੋਰ ਨਾਂ ਨੂੰ ਦਿਖਾਉਂਦੇ ਹਨ ਅਤੇ ਦ੍ਰਿਗ ਨੇਤ੍ਰਾਂ ਦੀ ਨਿਗ੍ਹਾ ਅਗਮ (ਜਿਵੇਂ ਗੁਰਮੁਖੀ ਕੋਈ ਨਾ ਵੇਖ ਸਕੇ) ਹੋਗਈ ਹੈ॥

ਸਬਦ ਅਗੋਚਰ ਸਬਦ ਪਰਮਦ ਭੁਤ
ਅਕਥ ਕਥਾ ਕੈ ਸ੍ਰੁਤਿ ਸ੍ਰਵਨ ਬਿਸਮ ਹੈ।

ਜੋ ਸਬਦ ਗੁਰਾਂ ਦਾ ਉਪਦੇਸ਼ ਅਗੋਚਰ ਨੇਤ੍ਰਾਂ ਦੀ ਨਿਗ੍ਹਾ ਤੋਂ ਪਰੇ ਸੀ ਸੋ ਸ਼ਬਦ ਬ੍ਰਹਮ ਵਾਹਿਗੁਰੂ ਪਰਮਦ ਭੁਤ ਅਸਚਰਜ ਪ੍ਰਗਟ ਹੋ ਆਇਆ ਭਾਵ ਗੁਰਾਂ ਦੇ ਕਹੇ ਹੋਏ ਗੁਝ ਉਪਦੇਸ਼ ਨੂੰ ਗੁਰਮੁਖਾਂ ਨੇ ਅਗੇ ਹੋਰਨਾਂ ਨੂੰ ਸੁਣਾਕੇ ਆਪਣਾ ਉਪਦੇਸ਼ ਸਫਲ ਕੀਤਾ ਅਤੇ ਜੋ ਨ ਕਥੀ ਜਾਵੇ ਕਥਾ ਉਸਨੂੰ ਸ੍ਰਵਨ ਸੁਣਕੇ ਸ੍ਰੁਤਿ ਕੰਨ (ਬਿਸਮ) ਅਸਚਰਜ ਸਫਲ ਕਰ ਲਏ॥

ਸ੍ਵਾਦ ਰਸ ਰਹਿਤ ਅਪਿਆ ਪੀਆ ਪ੍ਰੇਮ ਰਸ
ਰਸਨਾ ਥਕਤ ਨੇਤਿ ਨੇਤਿ ਨਮੋ ਨਮ ਹੈ।

ਗੁਰਮੁਖਾਂ ਨੇ (ਅਧਿਕਾਰੀ) ਨੇ ਮਿਲ ਆਦਕ ਰਸਾਂ ਦੇ ਸੁਆਦ ਤੋਂ ਜਿਨਾ ਚੰਗੇ ਪ੍ਰੇਮ ਰਸ ਵਾਹਿਗੁਰੂ ਦੇ ਪ੍ਰੇਮ ਦਾ ਜੋ ਅਨੰਦ ਹੈ ਉਸਨੂੰ ਜੀਭ ਨਾਲ ਮਾਣਿਆ ਜਿਸ ਅਨੰਦ ਲਿਆ ਸੋ ਅਜੇਹੇ ਅਨੰਦ ਨੂੰ ਮਾਣ ਕੇ ਰਸਨਾ ਥਕ ਗਈ ਭਾਵ ਹੋਰਨਾਂ ਰਸਾਂ ਤੋਂ ਹਟ ਗਈ ਅਤੇ ਵਾਹਿਗੁਰੂ ਨੂੰ ਨੇਤਿ ਨੇਤਿ ਬਿਅੰਤ ਏ ਸਦਾ ਏ ਨਮਸ ਕਾਰਾਂ ਤੇ ਨਮਸਕਾਰਾਂ ਕਰਦੀ ਰਹਿੰਦੀ ਹੈ ॥

ਨ੍ਰਿਗੁਨ ਸ੍ਰਗੁਨ ਅਬਿਗਤਿ ਨ ਗਹਨ ਗਤਿ
ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ ॥ ੧੫੩ ॥

ਪੂਰਨ ਬ੍ਰਹਮ ਵਾਹਿਗੁਰੂ ਨ੍ਰਿਗੁਨ (ਜਿਸਦਾ ਕੋਈ ਅਕਾਰ ਨਾ ਹੋਵੇ ਤੇ ਜਨਮ ਮਰਨ ਵਿਚ ਨਾ ਆਵੇ) ਸੂਖਮਤਾ ਦੇ ਮੂਲ ਮੁਢ ਦੀ ਗਤਿ ਰੀਤੀ (ਅਬਿ ਗਤਿ ਜਿਸ ਜਗਾ ਨਾ ਪਹੁੰਚਿਆ ਜਾਵੇ) ਹੈ ਅਤੇ ਸਰਗੁਨ (ਜੋ ਅਵਤਾਰ ਧਾਰ ਕੇ ਜਿਸਨੂੰ ਜਗਤ ਪਰ ਆਉਂਦਾ ਹੈ) ਸਥੂਲਤਾਂ ਦੇ ਮੁੱਢ ਦੀ ਗਹਿਨ ਗਤਿ (ਜੋ ਪਕੜੀ ਨਾ ਜਾਵੇ) ਚਾਲ ਵਾ ਰੀਤੀ ਹੈ ॥ ਭਾਵ —ਸਰਗੁਨ ਨਿਰਗੁਨ ਜੋ ਕਿਆ ਵਡਾ ਹੁੰਦਾ ਹੈ ਹਰੀ ਏਹਨਾਂ ਸਾਰਿਆਂ ਦਾ ਮੂਲ ਮੁਢ ਵਾਹਿਗੁਰੂ (ਪੂਰਨ ਬ੍ਰਹਮ) ਹੈ ਇਸ ਲਈ ਗੁਰਾਂ ਦੀ ਅਬਿਗਤ ਗਤੀ ਹੈ ਭਾਵ ਗੁਰੂ ਵਡੇ ਹਨ ॥

ਨੋਟ —ਅਵਿਗਤਿ ਦਾ ਅਰਥ ਕਈ ਗਿਆਨੀ ਅਸਚਰਜ ਕਰਦੇ ਹਨ ਪਰ ਸ਼ਬਦਾਰਥ ਭਾਨੁ ਕੋਸ਼ ਦੇ ੩੨ ਪੰਨੇ ਪਰ ਅਵਗਤ ਜਾਨਾ ਹੂਆ, ਪ੍ਰਾਪਤ ਕੀਆ ਹੂਆ ਹੈ ॥ ੧੫੩ ॥

ਅਜੇਹੇ ਗੁਰਮੁਖਾਂ ਦੀ ਜੋ ਸੰਗਤ ਕਰਦਾ ਹੈ ਉਸਨੂੰ ਮੋਖ ਮੁਕਤੀ ਲੈਣ ਦੀ ਲੋੜ ਨਹੀਂ ਰਹਿੰਦੀ ਇਸ ਪਰ ਕਵਿ ਆਖਦੇ ਹੈਨ

ਮੁਕਤਿ ਕਪੂਰੀ ਭੀ ਗਿਆਨੀ ਤਿਆਗੇ ।
ਅੰਨਤ-ਗਿਆਨੀ ਮੁਕਤਿ ਕੋ ਬੰਛਨ ਕਹੈ ।

ਖੁਲੇ ਸੇ ਬੰਧਨ ਬਿਖੈ ਭੂਲੇ ਹੈ ਸੀਚਾਨੋ ਜਾਤਿ
ਜੀਵ ਘਾਤ ਕਰੈ ਨ ਬਿਕਾਰ ਹੋਇ ਆਵਈ ।

ਸੀਚਾਨੇ ਬਾਜ ਨੂੰ ਖੁਲਿਆਂ ਛਡਣ ਨਾਲੋਂ ਬੰਧਨ ਵਿਚ ਪਾ ਰਖਣਾ ਵਾ ਪੈਰਾਂ ਵਿਚ ਡੋਰੀਆਂ ਪਾ ਕੇ ਬੰਨਣਾ ਤੇ ਪਿੰਜਰੇ ਵਿਚ ਪਾ ਛਡਣਾ ਹੀ ਚੰਗਾ ਹੈ ਕਿਉਂਕਿ (ਜਾਤੇ) ਇਸ ਲਈ ਓਹ ਜੀਵਾਂ ਨੂੰ ਘਾਤ ਨਾ ਕਰੇ ਵਾ ਨਾ ਮਾਰੇ ਅਤੇ ਜੇਕਰ ਖੁਲਾ ਰਿਹਾ ਤਾਂ ਤੇ ਜ਼ਰੂਰ ਮਾਰੇਗਾ ਤੇ ਵਿਕਾਰ ਹੋ ਜਾਵੇਗਾ । ਭਾਵ ਬਹੁਤ ਜੀਵ ਮਰਨ ਤੋਂ ਜਾਂਦੇ ਬਾਜ ਨੂੰ ਬੰਨ੍ਹਕੇ ਵਾ ਕੜਕੇ ਰਖਣਾ ਚੰਗਾ ਹੈ।

ਖੁਲੇ ਸੇ ਬੰਧਨ ਬਿਖੈ ਕਦਲੀ ਫਲੈ ਹੈ ਜਾਤਿ

ਕ੍ਰਮ ਰੇਖ ਮੇਟਿ ਨਿਸ ਪ੍ਰਿਅ ਸੰਗ ਪਾਵਈ ॥

ਕਲਿਆਂ ਰਹਣ ਨਾਲੋਂ (ਬੰਧਨ) ਵਿੱਚ ਹੋਣ (ਪੜੀ) ਰਹਣੇ ਦੀ ਆਗਯਾ ਵਿਚ ਕਹਿਣੀ (*ਚਕਵੀ) ਚਕਵੀ ਚੰਗੀ ਹੈ ਜਿਸ ਕਰਕੇ ਰਮਚੰਦ੍ਰ ਦਾ ਜੋ ਸਰਾਪ ਹੋਯਾ ਹੈ ਇਸਦੀ (ਰੇਖ) ਹੱਦ ਨੂੰ ਮੇਟ ਦੂਰ ਕਰਕੇ॥ ਭਾਵ—ਨਿਸ ਰਾਤ ਨੂੰ ਗੁਜ਼ਾਰਕੇ ਸਵੇਰੇ (ਪ੍ਰਿਅ) ਪਤੀ ਦਾ ਸਾਥ ਪਾ ਲੈਂਦੀ ਹੈ ਭਾਵ ਚਕਵੇ ਨੂੰ ਮਿਲ ਪੈਂਦੀ ਹੈ ॥

ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ

ਸੁਨ ਉਪਦੇਸ਼ ਰਾਮ ਨਾਮ ਲਿਵ ਲਾਵਈ ।

ਖੁਲੇ ਉਡਦੇ ਫਿਰਨੇ ਨਾਲੋਂ ਬੰਧਨ ਵਿਚ ਹੋਕੇ ਪਿੰਜਰੇ ਵਿਚ ਪ੍ਰਸਿਧ ਪ੍ਰਗਟ ਹੀ ਪਾਉਣਾ ਦਾ ਬੰਨ੍ਹ ਪਾਉਣਾ (ਸੂਆ) ਤੋਤੇ ਨੂੰ ਚੰਗਾ ਹੈ ਭਾਵ (ਸੂਆ) ਤੋਤਾ ਪਿੰਜਰੇ ਵਿਚ ਪਿਆ ਹੀ ਚੰਗਾ ਹੈ ਮਾਲਕ ਕੋਲੋਂ ਉਪਦੇਸ਼ (ਰਾਮ) ਰਮ ਰਹੇ ਵਾਹਗੁਰੂ ਦਾ ਸੁਣਕੇ ਨਾਮ ਵਿਚ ਲਿਵ ਵਾ ਖ੍ਰਿਤੀ ਤਾਰ ਮਨਦੀ ਲਾਉਂਦਾ ਹੈ।

ਭਾਵ—ਜੰਗਲ ਦੇ ਤੋਤਿਆਂ ਨਾਲੋਂ ਪਿੰਜਰੇ ਵਿਚ ਪਿਆ ਹੋਯਾ ਤੋਤਾ ਚੰਗਾ ਲਗਦਾ ਹੈ ਕਿਉਂਕਿ ਓਹ ਵਾਹਿਗੁਰੂ ਦਾ ਨਾਮ ਉਚਾਰਨ ਕਰਦਾ ਕਰਦਾ ਉਡਾਰੀ

ਮੋਖ ਪਦਵੀ ਸੈਂ ਤੈਸੇ ਮਾਨਸ ਜਨਮ ਭਲੋ

ਗੁਰਮੁਖਿ ਹੋਇ ਸਾਧ ਸੰਗ ਪ੍ਰਭੁ ਧਯਾਵਈ॥੧੫੪

ਮੋਖ ਪਦਵੀ ਮੁਕਤੀ ਦਾ ਰਸਤਾ ਲੈਣ ਨਾਲੋਂ ਤੇਹਾਕੂ ਹੀ ਮਨੁਖਾ ਜਨਮ ਚੰਗਾ ਹੈ ਭਾਵ ਜੇਕਰ ਮੁਕਤੀ ਆਦਮੀ ਹੋਗਿਆ ਤਾਂ ਸਾਧ ਸੰਗਤ ਦੀ ਸੇਵਾ ਤੇ ਗੁਰਾਂ ਦਾ ਦਰਸ਼ਨ ਕੌਣ ਕਰੇਗਾ ਸੋ ਇਸੀ ਵਾਸਤੇ ਆਖਦੇ ਨੇ ਕਿ ਗੁਰਮੁਖ ਸੰਤਾਂ ਦੇ ਸੰਗ ਵਿਚ (ਹੋਕੇ) ਕਿਆ ਜਾ ਕੇ ਵਾਹਿਗੁਰੂ ਨੂੰ ਧਿਆਉ ਦੇਹਨ ਅਥਵਾ ਮਨੁਖਾ ਜਨਮ ਐਸਾ ਪਾਕੇ ਤੇ ਮੁਕਤੀ ਦੀ ਇਛਾ ਛਡਕੇ ਜੋ ਸਾਧ ਸੰਗਤ ਵਿਚ ਵਾਹਿਗੁਰੂ ਨੂੰ ਧਿਆਵੇ ਗੁਰਮੁਖ ਓਹੋ ਹੀ ਹੈ ॥ ੧੫੪ ॥

---

* ਦੂਜਾ ਛੰਦ ॥

ਰੋਵੇ ਰਾਮ ਗਵਾਕੇ ਸੀਤਾ ਕੋਈ ਨ ਉਸਦੀ ਸੁਣਦਾ ।
ਏਸੇ ਸ੍ਰਾਪ ਜਨੌਰਾ ਤਾਈਂ ਵੇਲ੍ਹੀ ਖੱਭੀ ਉਣਦਾ ।
ਰੈਨ ਸੂਰਜ ਦੇ ਛੁਪਣ ਨਾਲੇ ਵਿਛੜ ਤੜਫਾਂਦੀ ਜਾਂਦੇ ।
ਚਕਵੀ ਚਕਵਾ ਨਾਲ ਦੁਖਾਂ ਦੇ ਦੋਨੋਂ ਰਾਤ ਲੰਘਾਂਦੇ ।
ਜੰਗਲ ਸ੍ਰਾਪ ਦੀ ਰਾਤ ਗੁਜ਼ਾਰੇ ਚੜ੍ਹੇ ਦਿਵਸ ਆ ਮਿਲਦੇ ।
ਖਿਮਾ ਸਿੱਖ ਦੀ ਸ਼ਰਨ ਪੈਂਦਯੋਂ ਦੂਜੀ ਆਪ ਦਿਖਾਂਦੇ ।

ਜੈਸੀ ਤ੍ਰਾਂ ਸੰਗਤ ਮਿਲੇ ਤੇਹਾ ਹੀ ਫਲ ਮਿਲਦਾ ਹੈ ਗੁਰੂ ਜੀ
ਇਸ ਪ੍ਰਸੰਗ ਨੂੰ ਦਸਦੇ ਹਨ,

ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ
ਜੈਸੇ ਹੀ ਬਿਰਖ ਬੈਠੇ ਤੈਸੋ ਫਲ ਚਾਖਈ ।

ਜਿਹਾ ਕੁ (ਸੂਆ) ਤੋਤਾ (ਬਨ ਬਨ) ਜੰਗਲਾਂ ੨ ਵਿਚ ਉਡਦਾ ਫਿਰਦਾ ਹੈ ਭਾਵ ਜੰਗਲ ਜੰਗਲ (ਪ੍ਰਤਿ) ਤਾਂਈ ਖੋਜਦਾ ਹੈ ਅਤੇ ਜੇਹੇ ਕੁ ਦਰਖਤ ਉਤੇ ਬਹਿ ਤੇਹੇ ਕੁ ਫਲ ਦਾ ਸਵਾਦ ਚਖਦਾ ਹੈ ਜੇਕਰ ਧਰੇਕ ਤੇ ਬੈਹੇ ਤਾਂ ਧ੍ਰੇਕਿਆਂ ਦਾ ਤੇ ਜੇ ਅੰਬ ਤੇ ਬਹੇ ਤਾਂ ਅੰਬ ਦਾ ॥

(ਬਨਪ੍ਰਤਿ) ਪਾਠੋ ਉਪਰ ਭੀ ਅਰਥ ਕਰਦੇ ਹਨ ॥

ਪਰ ਬਸਿ ਹੋਇ ਜੈਸੀ ਜੈਸੀਐ ਸੰਗਤਿ ਮਿਲੈ
ਸੁਨ ਉਪਦੇਸ਼ ਤੈਸੀ ਭਾਖਾ ਲੈ ਸੁਭਾਖਈ ।

ਪਰਾਏ ਵਸ ਹੋਕੇ ਜੇਹੀ ਜੇਹੀ ਸੰਗਤ ਤੋਤੇ ਨੂੰ ਮਿਲਦੀ ਹੈ ਤੇਹਾ ਤੇਹਾ ਉਪਦੇਸ਼ ਕਿਸੇ ਦਾ ਰਾਮ ਨਾਮ ਗੰਗਾ ਰਾਮਾ ਤੇ ਕਿਸੇ ਦਾ ਮੀਆਂ ਮਿਠੂ ਸੁਣਕੇ ਤੇਹੀ ਜੇਹੀ ਭਾਖਾ ਬੋਲੀ ਨੂੰ (ਭਾਖਈ) ਬੋਲਦਾ ਹੈ ॥

ਤੈਸੇ ਚਿਤ ਚੰਚਲ ਚਪਲ ਜਲ ਕੋ ਸੁਭਾਉ
ਜੈਸੇ ਰੰਗ ਸੰਗ ਮਿਲੈ ਤੈਸੋ ਰੰਗ ਰਾਖਈ ।

ਤੇਹਾ ਕੁ ਚਿਤ ਚੰਚਲ ਹੋ ਜਾਂਦਾ ਹੈ ਜੇਹੀ ਕੁ ਸੰਗਤ ਮਿਲੇ ਜੇਹਾ ਕੁ ਪਾਣੀ (ਚਪਲ) ਚੰਚਲ ਦਾ ਸੁਭਾਉ ਹੈ ਭਾਵ ਜੇਹੇ ਰੰਗ ਦੇ (ਸੰਗ) ਨਾਲ ਮਿਲੇ ਤੇਹੋ ਜੇਹਾ ਪਾਣੀ ਆਪਣਾ ਰੰਗ (ਰਾਖਈ) ਕਰ ਲੈਂਦਾ ਹੈ ਨੀਲਾਰੀ ਜੇਹਾ ਰੰਗ ਪਾਣੀ ਵਿਚ ਪਾਵੇ ਤੇਹਾ ਪਾਣੀ ਦਾ ਰੰਗ ਹੋ ਜਾਂਦਾ ਹੈ ਜੇਹਾ ਕੁ ਜਲ ਨੀਲਾਰੀ ਦੇ ਰੰਗ ਦੀ ਸੰਗਤ ਕਰਕੇ ਵਿਗੜ ਜਾਂਦਾ ਹੈ ਤੇਹਾ ਕੁ ਮਨ ਨੀਚਾਂ ਆਦਮੀਆਂ ਦੀ ਸੰਗਤ ਨਾਲ ਖਰਾਬ ਹੋ ਜਾਂਦਾ ਹੈ ॥

ਅਧਮ ਅਸਾਧ ਜੈਸੇ ਬਾਰਨੀ ਬਿਨਾਸ਼ਕਾਲ
ਸਾਧ ਸੰਗ ਗੰਗ ਮਿਲ ਸੁਜਨ ਭਿਲਾਖਈ॥੧੫੫

(ਅਧਮ) ਪਾਪੀਆਂ ਅਸਾਧੂਆਂ ਅਨਾੜੀਆਂ ਦਾ ਸਾਥ (ਬਾਰਨੀ) ਸ਼ਰਾਬ ਵਾਕਰ ਹੈ ਭਾਵ ਜੇਹਾ ਕੁ ਸ਼ਰਾਬ ਪੀ ਕੇ ਆਦਮੀ ਮਾੜਾ ਬਣ ਜਾਂਦਾ ਹੈ ਅਤੇ (ਬਿਨਾਸਕਾਲ) ਮਰਨ ਦਾ ਸਮਾਂ ਨੇੜੇ ਆ ਜਾਂਦਾ ਹੈ ਏਹੋ ਜਿਹਿਆ ਅਸਾਧਾਂ ਦਾ ਸੰਗ ਨਰਕ ਦਾ ਅਧਿਕਾਰੀ ਹੈ ਅਤੇ ਸਾਧ ਗੁਰਮੁਖਾਂ ਸੰਤਾਂ ਦਾ ਸੰਗ ਗੰਗਾ

ਨਦੀ ਬਾਰਸ਼ ਦੇ ਜਲ ਨੂੰ ਗੰਗਾ ਨਦੀ ਵਿਚ ਜਲ ਮਿਲੇ ਜਿਹਾ ਕੁ, ਉਸੇ ਤਰਾਂ ਨਦੀ ਆਪਣੇ ਰੰਗਣ ਕਰ ਲੈਂਦੀ ਹੈ ਇਹੋ ਜੇਹੀ (ਸੁਜਨ) ਸੰਤਾਂ ਮਹਾਤਮਾਂ ਸੁਰਤ ਆਦਮੀ ਦੀ ਭਿਲਾਖਈ ਇਛਾ ਹੈ ਸੋ ਸ਼ੁਭ ਇਛਾ ਨੂੰ ਧਾਰਕੇ ਆਪਣੇ ਵਰਗਾ ਕਰਾ ਲੈਂਦੇ ਹਨ ਭਾਵ ਅਸਾਧੂਆਂ ਦੀ ਸੰਗਤ ਵਿਚ ਆਦਮੀ ਵਿਗੜ ਜਾਂਦਾ ਹੈ ਅਤੇ ਸਾਧੂਆਂ ਦੀ ਸੰਗਤ ਵਿਚ ਸੌਰ ਜਾਂਦਾ ਹੈ ਜੇਹਾ ਕੁ ਪਾਣੀ ਸ਼ਰਾਬ ਦੀ ਤੇ ਰੰਗ ਦੀ ਸੰਗਤ ਕਰਕੇ ਵਿਗੜ ਜਾਂਦਾ ਹੈ ਤੇ ਫਿਰ ਧਰਤੀ ਦੀ ਸੰਗਤ ਕਰਕੇ ਸੌਰ ਜਾਂਦਾ ਹੈ ਜੇਕਰ ਬਹੁਤ ਹੀ ਮੈਲਾ ਪਾਣੀ ਜੈਸਾ (ਰੰਗਾ ਕਾਸ਼ੀ ਆਦਿਕ ਅਸਥਾਨਾਂ ਦਾ) ਨਦੀਆਂ ਵਿਚ ਪੈ ਕੇ ਨਿਰਮਲ ਹੋ ਜਾਂਦਾ ਹੈ ਤੇਹਾ ਕੁ ਮਾੜੇ ਆਦਮੀ ਸਤਿਸੰਗ ਵਿਚ ਸੌਰ ਜਾਂਦੇ ਹਨ ॥ ੧੫੫ ॥

ਚਿਤ ਦੀ ਹਾਲਤ

ਜੈਸੇ ਜੈਸੇ ਰੰਗ ਸੰਗ ਮਿਲਤ ਸੇਤਾਂਬਰ ਹੈ
ਤੈਸੋ ਤੈਸੋ ਰੰਗ ਅੰਗ ਅੰਗ ਲਪਟਾਇ ਹੈ ।

ਜੇਹੋ ਜੇਹੇ ਰੰਗ ਨਾਲ (ਸੇਤਾਂਬਰ) ਚਿਟਾ ਕਪੜਾ ਮਿਲਦਾ ਹੈ ਤੇਹੋ ਜੇਹਾ ਰੰਗ ਕਪੜੇ ਦੇ ਅੰਗਾਂ ਅੰਗਾਂ ਦਾ ਹੋ ਜਾਂਦਾ ਹੈ ਅਥਵਾ ਜੇਹਾ ਕੁ ਰੰਗ ਅੰਗਾਂ ਅੰਗਾਂ ਨੂੰ (ਲਪਟਾਇ) ਲਪਟਾ ਲਗਦਾ ਹੈ ਅਥਵਾ ਤੇਹੀ ਹੀ (ਅੰਗ) ਤਰਾਂ ਦਾ ਰੰਗ ਹੋ ਜਾਂਦਾ ਹੈ (ਅੰਗ) ਪਖ ਆਪਣਾ ਛਡਕੇ ਉਸ ਰੰਗ ਦੇ ਨਾਲ ਲਪਟ ਜਾਂਦਾ ਹੈ । ਭਾਵ ਜੇਹਾ ਰੰਗ ਚਿਟੇ ਕਪੜੇ ਨੂੰ ਲਾਈਏ ਉਹੋ ਜਿਹਾ ਹੀ ਹੋ ਜਾਂਦਾ ਹੈ ।

ਭਗਵਤ ਕੀ ਕਥਾ ਹੈ ਅਰਧਨ ਕੌ ਧਾਰਨੀਕ
ਲਿਖਤ ਕ੍ਰਿਤਾਸ ਪਤ੍ਰ ਬੰਧ ਮੋਖ ਦਾਇ ਹੈ ।

(ਭਗਵਤ) ਵਾਹਿਗੁਰੂ ਦੀ ਕਥਾ ਜੋ ਹੈ (ਅਰਧਨ) ਯਾਦ ਕਰਨ ਨੂੰ ਤੇ (ਧਾਰਨੀਕ) ਹਿਰਦੇ ਵਿਚ ਧਾਰਨੇ ਨੂੰ ਚੰਗੀ ਹੈ ਭਾਵ ਵਾਹਿਗੁਰੂ ਦੀ ਕਥਾ ਜੋ ਯਾਦ ਕਰਨ ਦੇ ਜੋਗ ਹੈ ਉਹੋ ਹੀ ਕਥਾ ਜੇਕਰ (ਕ੍ਰਿਤਾਸ) ਕਾਗਜ਼ ਦੇ ਪਤ੍ਰੇ ਉਪਰ ਲਿਖੀਏ ਤਾਂ ਕਾਗਦ ਦੀ (ਬੰਧਿ) ਕੈਦ ਨੂੰ ਦੂਰ ਕਰਕੇ (ਮੋਖ) ਮੁਕਤੀ ਨੂੰ (ਦਾਇ) ਦੇਂਦੀ ਹੈ ਭਾਵ ਕਾਗਦ ਦੀ ਕਲਿਆਨ ਕਰ ਦਿੰਦੀ ਹੈ ਅਤੇ ਜੇਕਰ ਐਸੇ ਹੀ ਕਾਗਜ਼ ਉਪਰ (ਪਤ੍ਰ) ਚਿਠੀ ਲਿਖ ਦੇਈਏ ਤਾਂ ਬੰਧਨ ਦਾ ਕਾਰਨ ਹੋ ਜਾਂਦੀ ਹੈ ਭਾਵ ਜੇਕਰ ਕਾਗਜ਼ ਉਪਰ ਵਾਹਿਗੁਰੂ ਦਾ ਨਾਮ ਲਿਖ ਦੇਈਏ ਤਾਂ ਕਾਗਜ਼ ਨੂੰ ਸਭ ਲੋਕੀਂ ਮਥੇ ਟੇਕਦੇ ਹਨ ਅਤੇ ਜੇਕਰ ਗਾਲੀਆਂ ਗਾਲ੍ਹਾਂ ਲਿਖ ਦੇਈਏ ਤਾਂ ਪੈਰਾਂ ਹੇਠ ਰੋਲਦੇ ਹਨ ਤੇ ਪਾੜ ਦੇਂਦੇ ਹਨ ॥

ਮਲਾਰ ਰਵਿਦਾਸ ਜੀ

ਜੇਹ ਬਾਰਿ ਅਪਵਿਤ੍ਰ ਕਰ ਮਾਨੀਅ ਹੈ ਜੈਸੇ ਤਾਗਰਾ ਕਰਤ ਬੀਚਾਰੰ ॥

ਤਰੀਕ ਫ਼ਾਰਫ਼ੂਦ ਲਿਖਿਓਸੇ ਸਿਰ ਉਪਰੇ ਪੁਰਜ਼ੀਏ ਕਰ ਨੇਮਕਾਰੀ॥

ਸੀਤ ਗ੍ਰੀਖਮਾਦਿ ਬਰਖਾ ਤ੍ਰਿਬਧ ਬਰਖ ਮੈ

ਨਿਸਦਿਨ ਹੋਇ ਲਘੁ ਦੀਰਘ ਦਿਖਾਇ ਹੈ।

(ਸੀਤ) ਸਰਦ ਰੁਤ ਤੇ ਗ੍ਰੀਖਮ ਆਦਿਕ ਹਾੜ ਜੇਠ ਗਰਮੀ ਦੀ ਰੁਤ ਤੇ ਬਰਖਾ ਦੇ ਦਿਨ ਸੌਣ ਭਾਦਰੋਂ ਇਨਾਂ ਦਿਨਾਂ ਦੀ ਬਰਖਾ ਕਾਲ ਵਿਚ ਸੰਗਤ ਕਰਕੇ ਜੇਹਾ ਕੁ (ਨਿਸ) ਰਾਤ ਦਿਨ (ਲਘੁ) ਛੋਟਾ ਤੇ ਦੀਰਘ ਵਡਾ ਆਪਣੇ ਆਪ ਵਿਚ ਹੋਕੇ ਦਿਖਾਉਂਦਾ ਹੈ ਭਾਵ ਸਾਰੇ ਸਾਲ ਵਿਚ ਅਸੂ ਕਤਕ ਤੇ ਹਾੜ ਜੇਠ ਤੇ ਸੌਣ ਭਾਦਰੋਂ ਇਨਾਂ ਤਿੰਨਾਂ ਮਹੀਨਿਆਂ ਦੀ ਸੰਗਤ ਕਰਕੇ ਰਾਤ ਦਿਨੇ ਵਡੇ ਛੋਟੇ ਹੋਂਦੇ ਰਹਿੰਦੇ ਹਨ ॥

ਕਵਿੰਦ੍ਰ ਕੁਲ ਕਲਸ ਪਦਮਾਕਰ ਦਾ ਜਗਤ ਬਿਨੋਦ ਦੇਖੋ॥

ਤੈਸੇ ਚਿਤ ਚੰਚਲ ਚਪਲ ਪੌਨ ਗੌਨ ਗਤਿ

ਸੰਜਮ ਸੁਗੰਧ ਬਿਰਗੰਧ ਪ੍ਰਗਟਾਇ ਹੈ ॥ ੧੫੬॥

ਤੇਹਾ ਕੁ ਹੀ ਚਿਤ ਜੋ ਚੰਚਲ ਹੈ ਸੋ (ਚਪਲ) ਬਹੁਤ ਚੰਚਲ ਹੋਂਦਾ ਹੈ ਪੌਣ ਦੇ (ਗੌਣ) ਚਲਨ ਵਾਕਰ ਭਾਵ ਜੇਕਰ ਹਵਾ ਦੇ ਬੁਲੇ ਛੇਤੀ ਛੇਤੀ ਚਲਦੇ ਹਨ ਤੇਹਾ ਹੀ ਚਿਤ ਵਿਗੜਦਾ ਜਾਂਦਾ ਹੈ ਜੇਹਾ ਕੁ ਪੌਣ ਨੂੰ ਸੁਗੰਧੀ ਤੇ ਬਿਰਗੰਧ ਦੁਰਗੰਧੀ ਖੋਟੀ ਸੁਗੰਧ ਗੰਦਗੀ ਆਦਿਕਾਂ ਦਾ ਸੰਜਮ ਮਿਲਾਪ ਹੋਂਦਾ ਹੈ ਤੇਹਾ ਕੁ ਸੁਭਾਇ ਪ੍ਰਗਟ ਕਰ ਦਿੰਦੀ ਹੈ ਭਾਵ ਜੇਕਰ ਹਵਾ ਫੁਲਾਂ ਵਲੋਂ ਦੀ ਹੋਕੇ ਆਵੇ ਤਾਂ ਸੁਗੰਧੀ ਦੇਂਦੀ ਆਉਂਦੀ ਹੈ ਤੇ ਜੇ ਗੰਦਗੀ ਵਲੋਂ ਆਵੇ ਤਾਂ ਮੁਸ਼ਕ ਆਉਂਦਾ ਹੈ ॥

ਬਸੰਤ ਗੁਰੂ ੯ ॥ ਸਾਧੋ ਇਹੁ ਮਨੁ ਗਹਿਓ ਨ ਜਾਈ।

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥

ਕਵੀ ਲੋਕਾਂ ਨੇ ਇਤਨੀਆਂ ਵਸਤੂਆਂ ਚੰਚਲ ਕਥਨ ਕੀਤੀਆਂ ਹਨ ॥

"ਕਵਿਪ੍ਰਯਾ" ਦੋਹ ॥

ਚੰਚਲ ਤੁਰੰਗ ੧ ਕੁਰੰਗ ਗਨਿ ੨ ਬਾਨਰ ੩ ਦਲ ਦਲ ਪਾਨ ੪ ॥ ਲੋਚਨ ਕੇ ਮਨ ੫ ਸਜਾਰ ਜਨ ੬ ਬਾਲਕ ੭ ਕਾਲ ਬਿਧਾਨ ੮ ॥ ਕੁਲਟਾ ਕਰਿ ਲ ਕਟਾਖ੍ਯ ਮਨ ੯ ਸੁਪਨੋ ੧੦ ਮਿਥੁਨ ੧੧ ਮੀਨ ੧੨ । ਖੰਜਨ ੧੩ ਅਲਿ ੧੪ ਗਜ ਸ੍ਰਵਨ ੧੫ ਸ੍ਰੀ ੧੬ ਦਾਮਨਿ ੧੭ ਪਵਨ ਪ੍ਰਬੀਨ ੧੮ ॥

ਇਹ ਸੰਸਾਰ ਚੌਪੜ ਦੀ ਖੇਡ ਵਾਕਰ ਝੂਠਾ ਹੈ ਜੋ ਜਿਸਨੇ ਸਾਧਸੰਗਤ ਵਿਚ ਮਨ ਨੂੰ ਲਾਇਆ ਹੈ ਉਸਨੂੰ ਰੰਗਾਂ ਵਲ ਮਿਲਿਆ ਹੈ ਇਸ ਪ੍ਰਸੰਗ ਤੇ ਆਖਦੇ ਹਨ

ਸੋਰਠ ਕਬੀਰ ॥

ਬਾਜੀਗਰ ਡੰਕ ਵਜਾਈ, ਸਭ ਖਲਕ ਤਮਾਸੇ ਆਈ ।

ਬਾਜੀਗਰ ਸ੍ਵਾਂਗੁ ਸਕੇਲਾ, ਅਪਨੇ ਰੰਗ ਰਵੈ ਅਕੇਲਾ ॥

ਚਤੁਰ ਪਹਰ ਦਿਨ ਜਗਤ ਚਤੁਰ ਜੁਗ

ਨਿਸ ਮਹਾ ਪਰਲੈ ਸਮਾਨ ਦਿਨ ਪ੍ਰਤਿ ਹੈ ।

ਜਗਤ ਦੇ ਵਿਚ ਹਰ ਰੋਜ਼ ਹੀ*ਉਤਪਤੀ ਅਤੇ ਮਹਾਂ ਪਰਲੈ ਦੇ(ਸਮਾਨ) ਤੁਲ ਦਿਨ ਰਾਤ ਆਉਂਦੇ ਹਨ ਅਤੇ ਜੇਹੜੇ ਦਿਨ ਦੇ ਚਾਰ ਪਹਰ ਹਨ ਅਥਵਾ ਜੇਹੜੇ ਚਾਰ ਜੁਗ ਹਨ ਏਹ ਚੌਪੜ ਦੇ ਚਾਰ ਖਾਨੇ ਹਨ ॥

ਉਤਮ ਮਧਿਮ ਨੀਚ ਤ੍ਰਿਗੁਣ ਸੰਸਾਰ ਗਤਿ

ਲੋਗ ਬੇਦ ਗਿਆਨ ਉਨਮਾਨ ਆਸਕਤਿ ਹੈ ।

ਤ੍ਰਿਗੁਣ-ਤਿੰਨਾਂ ਗੁਣਾਂ ਰਜੋ ਸਤੋ ਤਮੋ ਰੂਪ ਸੰਸਾਰ ਦੀ ਜੋ ਗਤਿ ਚਾਲ ਹੈ ਭਾਵ ਸੰਸਾਰ ਜੋ ਬੀਤ ਰਿਹਾ ਹੈ ਇਸ ਵਿਚ ਸਤੋਗੁਣ ਧਾਰਨ ਵਾਲੇ ਉਤਮ ਆਦਮੀ ਗਿਆਨ ਦੇ ਉਨਮਾਨ ਵਿਚਾਰਨ ਵਿਚ ਲਗੇ ਹੋਏ ਨੇ ਤੇ ਰਜੋਗੁਣ ਵਾਲੇ ਮਧਮ ਆਦਮੀ ਵੇਦਾਂ ਦੇ ਪੜ੍ਹਨ ਵਿਚ ਲਗੇ ਹੋਏ ਨੇ ਅਤੇ ਤਮੋਗੁਣ ਵਾਲੇ ਨੀਚ ਆਦਮੀ ਲੋਕਾਂ ਦੀਆਂ ਰੀਤਾਂ ਦੇ ਵਿਚ ਆਸ਼ਕਤਿ ਖਚਤ ਖੁਭੇ ਹੋਏ ਲਗੇ ਹੋਏ ਨੇ ॥

ਭਾਵ-ਏਹ ਜੋ ਸੰਸਾਰ ਚੌਪੜ ਦੀ ਖੇਡ ਵਾਕਰ ਹੈ ਇਸ ਵਿਚ ਲੋਕੀ ਆਪੋ ਆਪਣੇ ਧੰਧਿਆਂ ਵਿਚ ਫਸੇ ਹੋਏ ਨੇ ਤੇ ਗੁਰਮੁਖ ਨਾਮ ਜਪਦੇ ਨੇ ਸੋ ਇਸ ਖੇਡ ਵਿਚੋਂ ਲੋਕੀ ਹਾਰ ਜਾਣਗੇ ਅਤੇ ਗੁਰਮੁਖ ਜਿਤ ਜਾਣਗੇ ਜਿਸਦੇ ਪੌ ਬਾਰਾਂ ਪੈਣ ਓਹੋ ਹੀ ਜਿਤਦਾ ਹੈ ਤੇ ਤਿੰਨਾਂ ਕਾਣਿਆਂ ਵਾਲਾ ਨਹੀਂ ਜਿਤਦਾ।

(ਨੋਟ) ਇਸ ਪੰਗਤੀ ਦੇ ਅਖ੍ਹਰ ਅਖਰ ਇਜੇਹੇ ਢੰਗ ਨਾਲ ਹੁੰਦੇ ਹਨ

ਉਤਮ ਗਿਆਨ ਉਨਮਾਨ ਮਧਮ ਬੇਦ ਨੀਚ ਲੋਗ ਆ ਸ਼ਕਤਿ।

ਰਜ, ਤਮ, ਸਤਿ ਗੁਨ ਔਗੁਨ ਸਿਮ੍ਰਤਿ ਚਿਤ

ਤ੍ਰਿਗੁਨ ਅਤੀਤ ਵਿਰਲੋਈ ਗੁਰਮਤਿ ਹੈ ।

ਗੁਰਮੁਖਾਂ ਨੇ ਇਸ ਸੰਸਾਰ ਨੂੰ ਝੂਠਾ ਸਮਝਿਆ ਅਤੇ ਪੌ ਬਾਰਾਂ ਪੈਣ ਨਾਲ ਜਿਹੋ ਹੀ ਓਨ੍ਹਾਂ ਨੇ ਇਸ ਖੇਡ ਨੂੰ ਜਿਤਿਆ ਅਤੇ ਰਜੋਗੁਣ ਤੇ ਤਮੋਗੁਣ ਜੋ ਬਹੁਤ ਹੀ ਖੁਸ਼ੀ ਹੋਕੇ ਅਪਣੇ ਦਿਲ ਨੂੰ ਕਲਪੌਣਾਂ ਤੇ (ਸਤੋ) ਸਾਂਤੀ ਰਖਣੀ ਮਨ ਵਿਚ ਭਾਵੇਂ ਕੋਈ ਮਾੜਾ ਮੰਦਾ ਬਚਨ ਬੋਲੇ ਇਨ੍ਹਾਂ ਤਿੰਨਾਂ ਗੁਣਾਂ ਨੂੰ ਘੁਰ

---

*ਉਤਪਤੀ ਪਦ ਉਤੋਂ ਅਧਿਆਹਾਰ ਕੀਤਾ ਗਿਆ ਹੈ ॥

ਮੁਖਾਂ ਨੇ ਔਗੁਣ ਰੂਪ ਚਿਤ ਸਿਮ੍ਰਿਤ ਆਦ ਕਰਕੇ ਦਰ ਦਿਤਾ । ਭਾਵ ਸੰਗਤ ਆਪਣੀ ਉਸਤਤ ਹੁੰਦੀ ਸੁਣੀ ਤਾਂ ਖੁਸ਼ੀ ਨਾ ਹੋਵੇ ਤੇ ਜੇ ਨਿੰਦਿਆ ਹੁੰਦੀ ਸੁਣੀ ਤਾਂ ਗੁਸੇ ਨਾ ਹੋਏ, ਜਿਸੇ ਮਹਾਤਮਾ ਨੂੰ ਕਿਸੇ ਨੇ ਕਿਹਾ ਕਿ ਕਲ ਆਪਦੀ ਨਿੰਦਿਆ ਹੁੰਦੀ ਸੀ ਅਜ ਬੜੀ ਉਸਤਤਿ ਹੁੰਦੀ ਹੈ ਓਨ੍ਹਾਂ ਖਾਕ ਦੀਆਂ ਦੋ ਮੁਠਾਂ ਭਰ ਕੇ ਕਿਹਾ ਕਿ ਇਕ ਨਿੰਦਿਆ ਦੇ ਸਿਰ ਤੇ ਇਕ ਉਸਤਤਿ ਦੇ ਸਿਰ। ਅਜੇਹਾ ਬ੍ਰਿਗੁਣ ਰਜੋ ਸਤੋ ਤਮੋ ਗੁਣ ਰੂਪ ਜੋ ਸੰਸਾਰ ਹੈ ਤਿਸ ਤੋਂ ਅਤੀਤ ਰਹਿਤ ਭਾਵ ਅਜੇਹੇ ਸੰਸਾਰ ਨੂੰ ਤਰਨ ਵਾਲੇ ਵਿਰਲੇ ਹੀ ਗੁਰਮਤ ਦੇ ਧਾਰਨ ਵਾਲੇ ਗੁਰਮੁਖ ਹੈਨ ॥

ਚਤੁਰ ਬਰਨ ਸਾਰ ਚੌਪਰ ਕੋ ਖੇਲ ਜਗੁ

ਸਾਧਸੰਗ ਜੁਗਲ ਹ੍ਵੈ ਜੀਵਨ ਮੁਕਤਿ ਹੈ ॥ ੧੫੭॥

ਇਹ ਸੰਸਾਰ ਚੌਪੜ ਦੀ ਖੇਡ ਹੈ ਅਤੇ ਇਸ ਵਿਚ (ਚਤੁਰ) ਚਾਰ ਬਰਨ ਰੰਗ ਦੀਆਂ ਸਾਰ ਨਰਦਾਂ ਅੰਡਜ ਜੇਰਜ ਸੇਤਜ ਉਤਭੁਜ ਚਾਰ ਖਾਣੀਆਂ ਹਨ ਇਸ ਖੇਡ ਵਿਚ ਜੁਗਲ ਦੋਵੇਂ ਗੁਰਮੁਖ ਤੇ ਮਨਮੁਖ ਖੇਡਣ ਲਗੇ ਸੋ ਮਨਮੁਖ ਸੰਸਾਰ ਵਲ ਲਗੇ ਤੇ ਓਨ੍ਹਾਂ ਦੇ ਤਿੰਨ ਕਾਣੇ (ਜੋ ਹਾਰਨ ਵਾਲਾ ਦਾ ਹੋਵੇ) ਪਏ ਅਤੇ ਓਹ ਹਾਰਕੇ ਨਰਕਾਂ ਵਿਚ ਜਾ ਪਏ ਅਤੇ ਗੁਰਮੁਖ ਸਾਧ ਸੰਗਤ ਵਿਚ ਲਗੇ (ਕਿਆ ਸੇਵਾ ਆਦਿਕ ਕਰਨ ਤੇ ਭਜਨ ਸੁਣਨ) ਸੋ ਤਿਨਾਂ ਦੇ ਪੌ ਬਾਰਾਂ ਪਏ ਤੇ (ਜੀਵਨ ਮੁਕਤਿ) ਜੀਉਂਦੇ ਹੀ ਮੁਕਤੀ ਹੋਗਏ ਭਾਵ ਸੰਸਾਰ ਵਿਚ ਰਹਿਕੇ ਹੀ ਵਾਹਿਗੁਰੂ ਨੂੰ ਪਹੁੰਚ ਗਏ ॥੧੫੭॥

ਹੁਣ ਗੁਰਮੁਖਾਂ ਤੇ ਮਨਮੁਖਾਂ ਦਾ ਸੁਭਾਉ ਦਸਦੇ ਹਨ ॥

ਜੈਸੇ ਜੈਸੇ ਰੰਗ ਸੰਗ ਮਿਲਤ ਸਲਿਲ ਮਿਲ

ਹੋਇ ਤੈਸੋ ਤੈਸੋ ਰੰਗ ਜਗਤ ਮੈ ਜਾਨੀਐ ।

ਜੇਹੇ ਜੇਹੇ ਰੰਗ ਦੇ ਮੇਲ ਨਾਲ (ਸਲਿਲ) ਪਾਣੀ ਮਿਲਦਾ ਹੈ ਤੇਹੋ ਜੇਹਾ ਪਾਣੀ ਦਾ ਰੰਗ ਹੋ ਜਾਂਦਾ ਹੈ ਇਸ ਗਲ ਨੂੰ ਪ੍ਰਗਟ ਹੀ ਸਾਰੇ ਲੋਕੀ ਜਗਤ ਵਿਚ ਜਾਣਦੇ ਹਨ ॥ ਭਾਵ—ਜੇਹਾ ਰੰਗ ਹੋਵੇ ਤੇਹਾ ਪਾਣੀ ਦਾ ਰੰਗ ਹੋ ਜਾਂਦਾ ਹੈ ॥

ਚੰਦਨ ਸੁਗੰਧ ਮਿਲ ਪਵਨ ਸੁਗੰਧ ਸੰਗ

ਮਲ ਮੂਤ੍ਰ ਸੂਤ੍ਰ ਬਿਰਗੰਧ ਉਨਮਾਨੀਐ ।

ਚੰਦਨ ਬ੍ਰਿਛ ਦੀ ਵਾਸਨਾਂ ਨਾਲ ਪੌਣ ਵੀ ਮਿਲਕੇ ਵਾਸਨਾ ਵਾਲੀ ਹੋ ਜਾਂਦੀ ਹੈ ਅਤੇ ਓਹੋ ਹੀ ਪੌਣ ਜੇਹੜੀ ਚੰਗੀ ਹੋਈ ਹੁੰਦੀ ਹੈ ਮਲ ਗੰਦ ਤੇ ਮੂਤ੍ਰ ਸੂਤ ਨਾਲ ਮਿਲਕੇ ਬਿਰਗੰਧ ਖੋਟੀ ਵਾਸਨਾਂ ਵਾਲੀ ਹੋ ਜਾਂਦੀ ਹੈ ਇਸ ਗਲ ਨੂੰ ਉਨਮਾਨੀਐ ਚੰਗੀ ਤਰਾਂ ਵਿਚਾਰਿਆ ਹੈ ਕਿਉਂਕਿ (ਸੂਤ੍ਰ) ਵਿਚ ਮਰਜਾਦਾ

ਦੀ ਚੂਰੀਆਂ ਠੀਕ ਹੈ ਆਖਣਾ ਸ਼ੂਦ੍ਰ ਦਾ ਅਰਥ ਮਿਲਕੇ ਭੀ ਹੁੰਦਾ ਹੈ, ਮਾਲਾ ਸ਼ੂਦ੍ਰ ਨਾਲ ਮਿਲਕੇ ਖੋਟੀ ਵਾਸਨਾ ਦੀ ਸ਼ੂਦ੍ਰ ਤਰਾਂ ਵਾਲੀ ਵਿਰਾਧ ਹੋ ਜਾਂਦੀ ਹੈ ॥

ਜੈਸੇ ਜੈਸੇ ਪਾਕ ਸਾਕ ਬਿੰਜਨ ਮਿਲਤ ਘ੍ਰਿਤ
ਤੈਸੋ ਤੈਸੋ ਸ੍ਵਾਦ ਰਸ ਰਸਨਾ ਕੈ ਮਾਨੀਐ।

ਜੇਹੇ ਜੇਹੇ (ਸਾਕ) ਸਾਗ ਸਲੂਨੇ ਤੇ ਬਿੰਜਨ ਭੋਜਨ ਨਾਲ ਪਾਕ ਰਸੋਈ ਲੰਗਰ ਵਿਚ ਘ੍ਰਿਤ ਘਿਓ ਮਿਲਦਾ ਹੈ ਤੇਹੋ ਜੇਹਾ ਸ੍ਵਾਦ (ਰਸ) ਅਨੰਦ ਰਸਨਾ ਜੀਭ ਕਰਕੇ ਮੰਨੀ ਦਾ ਹੈ ਭਾਵ ਜੇਹੇ ਅੰਨ ਨਾਲ ਘਿਓ ਮਿਲੇ ਓਹੋ ਜੇਹਾ ਉਸਦਾ ਸ੍ਵਾਦ ਹੋਜਾਂਦਾ ਹੈ॥

ਨੋਟ-ਪਾਕ ਦਾ ਅਰਥ ਸ਼ਬਦਾਰਥ ਭਾਨੂ ਕੋਸ਼ ਵਿਚ ਰਿੰਨ੍ਹਣਾਂ ਆਦਿਕ ਤੇ ਪਾਕਸ਼ਾਲਾ ਦਾ ਰਸੋਈ ਹੈ ਪਰ ਕਈ ਪਾਕ ਪਵਿਤ੍ਰ ਚੰਗਾ ਅੰਨ ਕਰਦੇ ਹਨ ਅਤੇ ਬਿੰਜਨ ਦਾ ਸਲੂਨੇ ਪ੍ਰੰਤੂ (ਪ੍ਰਗਟ) ਭੋਜਨ, ਪੱਖਾ ਹੁੰਦਾ ਹੈ॥

ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ
ਮੂਰੀ ਔ*ਤੰਬੋਲ ਰਸ ਖਾਇ ਪਹਿਚਾਨੀਐ॥੧੫੯॥

ਤੇਹਾ ਕੁ ਹੀ ਅਸਾਧ ਮਾੜੇ ਸੰਤਾਂ ਦੀ ਤੇ ਚੰਗੇ ਸੰਤਾਂ ਦੀ (ਸੰਗਤ) ਸੁਭਾਉ ਦਾ(ਗਤਿ)ਚਾਲ ਚਲਨ ਹੈ ਮੂਲੀ ਤੇ ਤੰਬੋਲ ਪਾਨਬੀੜੇ ਦੋਆਂ ਦਾ ਰਸ ਅਨੰਦ ਖਾਧੇ ਤੇ ਹੀ(ਪਹਚਾਨੀਐ)ਜਾਣਿਆ ਜਾਂਦਾ ਹੈ ਭਾਵ ਮਾੜਿਆਂ ਸੰਤਾਂ ਦੀ ਸੰਗਤ ਦਾ ਫਲ ਮੂਲੀ ਦੇ ਸ੍ਵਾਦ(ਗਤਿ) ਵਾਕਰ ਮਾੜਾ ਹੈ ਅਤੇ ਚੰਗੇ ਸੰਤਾਂ ਦੀ ਸੰਗਤ ਦਾ ਫਲ ਤੰਬੋਲ ਵਾਕਰ ਅਨੰਦ ਦੇਣ ਵਾਲਾ ਹੈ ॥ ੧੫੯॥

ਸਾਧ ਸੰਗਤ ਵਿਚ ਜੇਹੜਾ ਮਿਲੇ ਓਹ ਸਾਧ ਸੰਗਤ ਵਰਗਾ ਹੋ ਜਾਂਦਾ ਹੈ
ਇਸ ਉਪਰ ਆਖਦੇ ਹਨ

ਬਾਲਕ ਕਸੋਰ ਜੋਬਨਾਦ ਔ ਜਰਾ ਅਵਸਥਾ
ਏਕ ਹੀ ਜਨਮ ਹੋਤ ਅਨਿਕ ਪ੍ਰਕਾਰ ਹੈ।

---

*ਤੰਬੋਲ ਗੁਰੂ ਘਰ ਦੇ ਸਿਖਾਂ ਨੂੰ ਨਹੀਂ ਵਰਤਣੇ ਚਾਹੀਦੇ ਹੋਰ ਮਤਾਂ ਵਾਲੇ ਪਾਨ ਖਾਣ ਲਗੇ ਬਕਰੀ ਵਾਕਰ ਮੂੰਹ ਮਾਰਦੇ ਹਨ ਅਤੇ ਵੇਸਵਾ ਵਾਕਰ ਬੁਲ੍ਹ ਲਾਲ ਕਰ ਲੈਂਦੇ ਹਨ ਇਸ ਜਗਾ ਇਕ ਗੂੜ੍ਹੇ ਰੰਗ ਦਾ ਭਾਵ ਲੈਣਾ ਹੈ "ਲਾਲ ਰੰਗ ਤਿਸਕਉ ਲਗਾ ਜਿਸਕੈ ਵਡਭਾਗਾ। ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ" (ਖਾਇ ਤੇ ਪਹਿਚਾਨੇ ਹੈ) ਇਸਤੂੰ ਵੀ ਧਾਨ ਹੁੰਦਾ ਹੈ ਪਰ ਤਕਾਰ ਵਾਧੂ ਹੈ ਕਿਉਂਕਿ ਸਿਧਾਂਤ ਸੈਲਾਂ ਅਖਰਾਂ ਉਪਰ ਆਉਂਦਾ ਹੈ, ਸੋ ਭੇਦ ਨਹੀਂ ਹੈ॥

ਬਾਲਕ ਕਹਿਣ ਛੋਟੇ ਲੜਕਿਆਂ ਨੂੰ ਆਖਦੇ ਨੇ ਜੋਬਨਾਦਿ ਜੁਆਨੀ ਆਦਕ ਤੇ ਜਰਾ ਬੁਢੇਪੇ ਵਾਲੀ ਉਮਰ ਇਹ ਅਨੇਕਾਂ ਤਰਾਂ ਦੀਆਂ ਅਵਸਥਾਂ ਇਕ ਹੀ ਜਨਮ ਵਿਚ ਹੁੰਦੀਆਂ ਹਨ ॥ ਭਾਵ-ਇਕ ਜਨਮ ਵਿਚ ਸਰੀਰ ਦੀਆਂ ਕਈ ਹਾਲਤਾਂ ਬਦਲ ਦੀਆਂ ਹਨ ॥

"ਭਾਵਰਸਾਮ੍ਰਿਤ ਸਟੀਕ "ਹਮਾਰੇ ਕੀਓ"

ਬ੍ਰਿਧ ਜੋਰ ਘਟੀ ਕਟ ਹੈ ਲਟਕੀ ਪਲਟੀ ਸਭ ਦੇਹ ਨ ਰਾਮ ਸੰਭਾਰੇ ।
ਕਰ ਮੈਂ ਲਕਟੀ ਨ ਉਠੀ ਕਰਤੇ ਧਰ ਮਾਂਹਿ ਲਟੀ ਸੁ ਮਹਾਂ ਅਬ ਹਾਰੇ ।
ਜਬ ਬਾਲਕ ਥੇ ਤਬ ਖੇਲ ਮਤੇ ਤਰੁਨਾਪਨ ਮੈਂ ਸੁਭ ਕਾਜ ਵਿਗਾਰੇ ।
ਅਬ ਔਰ ਨ ਓਟ ਨਿਹਾਰਤ ਹੌ ਸਰਨਾਗਤਿ ਹੌ ਜਲ ਭੂਧਰ ਤਾਰੇ ॥

ਜੈਸੇ ਨਿਸਦਿਨ ਤਿਥ ਵਾਰ ਪੱਛ ਮਾਸ ਰੁਤਿ
ਚਤਰ ਮਾਸ ਤ੍ਰਿਬਿਧਿ ਬਰਖ ਵਿਥਾਰ ਹੈ ।

ਜੈਸੇ ਨਿਸ ਰਾਤ ਦਿਨ ੧੫ ਤਿਥੀਆਂ ੭ ਵਾਰ ੨ ਪਖ (ਚਿਟੇ ਕਾਲੇ) ਅਧਾ ਮਹੀਨਾ ਚੰਦ੍ਰਮਾ ਘਟਦਾ ਰਹਿੰਦਾ ਹੈ ਉਸਨੂੰ (ਕ੍ਰਿਸ਼ਨਾ) ਕਾਲਾ ਪਖ ਆਖਦੇ ਨੇ ਅਤੇ ਅਧਾ ਮਹੀਨਾ ਵਧਦਾ ਰਹਿੰਦਾ ਹੈ ਉਸਨੂੰ (ਸ਼ੁਕਲਾ) ਚਿਟਾ ਪਖ ਆਖਦੇ ਹਨ (ਮਾਸ) ਮਹੀਨਾ ਛੇ ਰੁਤਾਂ (ਰਿਤ ਬਸੰਤ ਗ੍ਰੀਖਮ ਪੁਨਾ ਪਾਵਸ ਸਰਦ ਪਛਾਨ । ਹਿਮ ਔ ਸਿਸਰ ਪਛਾਨੀਏ ਖਟ ਰਿਤ ਕਰੀ ਬਖਾਨ) ਇਹਚਾਰ ਮਾਸਾ ਆਦਿਕ ਤਿੰਨਾਂ ਤਰਹ ਦੀਆਂ ਬਹਾਰਾਂ ਸਾਰਾ ਇਕ (ਬਰਖ) ਸਾਲ ਦਾ (ਵਿਥਾਰ) ਫੈਲਾਉ ਹੈ । ਭਾਵ ਇਹ ਸਾਰੇ ਦਿਨ ਵਾਰ ਇਕ ਸਾਲ ਵਿਚ ਹੋਂਦੇ ਰਹਿੰਦੇ ਹਨ ॥

ਜਾਗ੍ਰਤ ਸੁਪਨ ਔ ਸੁਖੋਪਤਿ ਅਵਸਥਾ ਕੈ
ਤੁਰੀਆ ਪ੍ਰਗਾਸ਼ ਗੁਰ ਗਗ਼ਾਨ ਉਪਕਾਰ ਹੈ ।

ਗੁਰੂ ਅਗਜਾਨਤਾਈ ਦੂਰ ਕਰਕੇ ਤੇ ਗਜਾਨਨੂੰ ਪ੍ਰਗਟ ਕਰਕੇ ਵਾਹਿਗੁਰੂ ਵਲ ਗੁਰ ਸਿਖਾਂ ਦਾ ਮਨ ਲਾਉਂਦੇ ਹਨ ਅਥਵਾ ਤਿਨ ਅਵਸਥਾ ਜੋ ਅਗਜਾਨ ਕਾਲ ਹੈ ਇਹਨਾਂ ਵਿਚ ਚੌਥੀ ਅਵਸਤਾ ਗਜਾਨ ਕਾਲ ਗੁਰੂ ਪ੍ਰਗਟ ਕਰਾਉਂਦੇ ਹਨ॥

ਮਾਨਸ ਜਨਮ ਸਾਧ ਸੰਗ ਮਿਲ ਸਾਧ ਸੰਤ
ਭਗਤ ਬਿਬੇਕੀ ਜਨ ਬ੍ਰਹਮ ਬੀਚਾਰ ਹੈ ॥੧੫੯॥

ਆਦਮੀ ਦੀ ਦੇਹ ਪਾਕੇ ਜੋ ਸੰਗਤੇ ਸਾਧ ਨਾਲ ਸਾਧੂ ਸੰਤ ਆ ਰਲਿਆ ਹੈ ਓਹ ਭਗਤ ਬਿਬੇਕੀ ਵਿਚਾਰਵਾਲਾ ਪੁਰਖ ਬ੍ਰਹਮ ਵਾਹਿਗੁਰੂ ਦਾ ਹੀ ਵੀਚਾਰ

ਕਰਦਾ ਹੈ ਭਾਵ ਜੋ ਮਨੁਖ ਜਨਮ ਪਾਕੇ ਸਾਧਸੰਗਤ ਵਿਚ ਵਿਗਿਆਨੀ ਹੋਗੇ ਉਹ ਵਿਗੁਰੂ ਦੇ ਵਿਚਾਰ ਵਾਲਾ ਅਤੇ ਸਾਧ ਸੰਗਤ ਦਾ ਰੂਪ ਹੀ ਹੋਇਆ ਹੈ ॥੧੫੮॥

ਭ੍ਰਾਂਤੀ ਅਲੰਕਾਰ ਤੇ ਉਲੇਖਾਲੰਕਾਰ ਵਿਚ ਚੰਗੇ ਮੰਦੇ ਜੀਆਂ ਦਾ
ਹਾਲ ਦਸਦੇ ਹਨ

ਜੈਸੇ ਚਕਈ ਮੁਦਿਤ ਪੇਖ ਪ੍ਰਤਿਬਿੰਬ ਨਿਸ
ਸਿੰਘ ਪ੍ਰਤਿਬਿੰਬ ਦੇਖ ਕੂਪ ਮੈ ਪਰਤ ਹੈ ।

ਜੇਹਾ ਕੁ (ਚਕਈ) ਚਕਵੀ (ਮੁਦਿਤ) ਪ੍ਰਸੰਨ ਅਨੰਦ ਹੋਂਦੀ ਹੈ (ਪ੍ਰਤਿਬਿੰਬ) ਆਪਣੇ ਪਰਛਾਵੇਂ ਦੇ ਭੁਲੇਖੇ ਰਾਤ ਨੂੰ ਆਪਣੇ ਪਤੀ ਚਕਵੇ ਨੂੰ ਵੇਖਕੇ ਭਾਵ ਜਦ ਚੰਦ੍ਰਮਾ ਚੜ੍ਹਿਆ ਹੁੰਦਾ ਹੈ ਤਾਂ ਚਕਵੀ ਆਪਣੀ ਛਾਂ ਨੂੰ ਵੇਖ ਕੇ ਪਤੀ ਨੂੰ ਮਿਲਿਆ ਸਮਝ ਲੈਂਦੀ ਹੈ ਅਤੇ ਅਨੰਦ ਹੁੰਦੀ ਹੈ ਅਤੇ ਸ਼ੇਰ (ਪ੍ਰਤਿਬਿੰਬ) ਆਪਣੇ ਪਰਛਾਵੇਂ ਨੂੰ (ਕੂਪ) ਖੂਹ ਵਿਚ ਦੂਜਾ ਸ਼ੇਰ ਭੁਲੇਖੇ ਨਾਲ ਸਮਝਕੇ (ਪਰਤ) ਜਾ ਪੈਂਦਾ ਹੈ ॥

ਭਾਵ ਜਦ ਸ਼ੇਰ ਖੂਹ ਵਿਚ ਝਾਤੀ ਮਾਰਕੇ ਬੜਕ ਮਾਰਦਾ ਹੈ ਤੇ ਵੈਸੇ ਹੀ ਸ਼ੇਰ ਤੇ ਸ਼ੇਰ ਦੀ ਬੜਕ ਸੁਣਕੇ ਖੂਹ ਵਿਚ ਡਿਗ ਕੇ ਮਰ ਜਾਂਦਾ ਹੈ । ਇਹ ਭ੍ਰਾਂਤੀ ਅਲੰਕਾਰ ਹੈ ॥

ਅਲੰਕਾਰ ਸਾਗਰੇ ਯਥਾ ਦੋਹਾ

ਜਾਨੂ ਜਾਨੂ ਪਰ ਧਰੇ ਭ੍ਰੱ ਧਿਰ ਲਖੇ ਮੁਰਾਰਿ ।
ਚਰਨ ਕਮਲ ਮ੍ਰਿਗ ਨੈਨ ਭ੍ਰਮ ਕੀਨ ਬਾਨ ਪਰਹਾਰ ॥

ਪੁਨਾ ਛੰਦ ਰਤਨਾਵਲੀ

ਪਦਮ ਜਾਨ ਮ੍ਰਿਗ ਬਦਨ ਪੈ ਮਧਕਰ ਰਹਨੇ ਲੁਭਾਇ ।

ਸਾਰੁਕਤਾਵਲੀ

ਏਕ ਪ੍ਰਮੱਤ ਨਾਹਿਰ ਬਨੇ ਜਸੇ ਬਿਨਾਸਨੋ ਤਾਹਿ ॥

ਵਿਚਾਰਮਾਲਾ

ਕੇਹਰ ਥਪ ਛਾਈ ਨਿਰਖ ਪਰਯੋ ਕੂਪ ਅਗਯਾਨ ॥

ਜੈਸੇ ਕਾਚ ਮੰਦਰ ਮੈ ਮਾਨਸ ਅਨੰਦ ਮਈ
ਸ੍ਵਾਨ ਪੇਖ ਆਪ ਆਪ ਭ੍ਰਮ ਕੈ ਮਰਤ ਹੈ ।

ਜੇਹਾ ਕੁ (ਕਾਚ ਮੰਦਰ) ਸ਼ੀਸ਼ ਮਹਿਲ ਵਿਚ ਆਦਮੀ ਜਾਕੇ ਅਨੰਦ (ਮਈ) ਰੂਪ ਹੁੰਦਾ ਹੈ ਭਾਵ ਸ਼ੀਸ਼ਿਆਂ ਵਾਲਿਆਂ ਘਰਾਂ ਨੂੰ ਆਦਮੀ ਵੇਖਕੇ ਅਨੰਦ ਹੁੰਦਾ ਹੈ ਅਤੇ ਉਹਨਾਂ ਹੀ ਸ਼ੀਸ਼ ਮਹਿਲਾਂ ਨੂੰ (ਸ੍ਵਾਨ) ਕੁੱਤਾ (ਪੇਖ) ਵੇਖ ਕੇ ਆਪਣੇ ਆਪ ਵਿਚ ਦੂਜਾ ਕੁੱਤਾ ਭੁਲੇਖੇ ਨਾਲ ਸਮਝਕੇ ਕੇ (ਭ੍ਰਮ) ਭੌਂਕ ਕੇ

ਕੇ (ਮੋਰਤ) [illegible] ਹੋਇਆ ਉਵੀ ਹੁੰਦਾ ਹੈ॥

[illegible] ਵਿਚਾਰਮਾਲਾ ਦੋਹਾ

ਗੁਰ ਬਿਨ ਭ੍ਰਮ ਲਗ ਭ੍ਰਮਤੇ ਭੇਦ ਲਹੇ ਬਿਨ ਗ੍ਯਾਨ ॥

ਜੈਸੇ ਰਵਿ ਸੁਤ ਜਮ ਰੂਪ ਔ ਧਰਮਰਾਇ
ਧਰਮ ਅਧਰਮ ਕੈ ਭਾਉ ਭੈ ਕਰਤ ਹੈ।

ਜਿਹਾ ਕੂ (ਰਵਿਸੁਤ) ਸੂਰਜ ਦਾ ਪੁਤਰ ਧਰਮ ਰਾਜਾ ਪਾਪੀਆਂ ਨੂੰ ਜਮ ਰੂਪ ਨਜ਼ਰ ਆਉਂਦਾ ਹੈ ਅਤੇ ਧਰਮ ਕਰਨ ਵਾਲਿਆਂ ਸੰਤਾਂ ਨੂੰ (ਧਰਮਰਾਇ) ਧਰਮ ਕਰਨ ਵਾਲਾ ਭਾਵ ਚੰਗਾ ਨਜ਼ਰ ਆਉਂਦਾ ਹੈ ਧਰਮ ਰਾਜਾ ਇਕ ਸੀ ਪਰ ਧਰਮੀਆਂ ਅਧਰਮੀਆਂ ਨੇ ਦੋ ਭਾਵਨਾਂ ਕਰ ਲਈਆਂ ਉਨ੍ਹਾਂ ਦੋਹਾਂ ਦੇ ਮਾੜਿਆਂ ਚੰਗਿਆਂ ਕਰਮਾਂ ਅਨੁਸਾਰ ਧਰਮ ਰਾਜਾ ਸੰਤਾਂ ਨਾਲ (ਭਾਉ) ਪ੍ਰੇਮ ਕਰਦਾ ਹੈ ਅਤੇ ਪਾਪੀਆਂ ਨੂੰ (ਭੈ) ਡਰ ਦੇਂਦਾ ਕਰਦਾ ਹੈ॥

ਵਾਰਾਂ ਤੇ ਵਧੀਕ ਸਲੋਕ ਮਹਲਾ ੫

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧਰਮ ਰਾਇ।
ਨਾਮੁ ਧਿਆਇਨਿ ਸਾਜਨਾ ਜਨਮੁ ਪਦਾਰਥੁ ਜੀਤਿ।
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥

ਪੌੜੀ ੫ ਵਾਰ ੨੭ ਭਾਈ ਗੁਰਦਾਸ ਜੀ

ਸੂਰਜ ਘਰ ਅਵਤਾਰ ਲੈ ਧਰਮ ਵਿਚਾਰਨ ਜਾਇ ਬਹਿੱਠਾ।
ਮੂਰਤਿ ਇਕਾ ਨਾਉਂ ਦੁਇ ਧਰਮ ਰਾਇ ਜਮ ਦੇਖ ਸਹਿੱਠਾ।
ਧਰਮੀ ਡਿਠਾ ਧਰਮ ਰਾਇ ਪਾਪ ਕਮਾਇ ਪਾਪੀ ਜਮ ਡਿੱਠਾ।
ਪਾਪੀਆਂ ਨੂੰ ਪਛਾੜਦਾ ਧਰਮੀਆਂ ਨਾਲ ਬੋਲੇਂਦਾ ਮਿੱਠਾ।
ਵੈਰੀ ਵੇਖਨ ਵੈਰ ਭਾਇ ਮਿਤ੍ਰ ਭਾਇ ਕਰ ਦੇਖਨ ਇੱਠਾ।
ਨਰਕ ਸੁਰਗ ਵਿਚ ਪੁੰਨ ਪਾਪ ਵਰ ਸਰਾਪ ਜਾਣਨ ਅਭਰਿੱਠਾ।
ਦਰਪਨ ਰੂਪ ਜਿਵੇਂ ਹੀ ਪਿੱਠਾ ॥ ੫ ॥
ਇਹ ਉਲੇਖਾ ਅਲੰਕਾਰ ਹੈ॥

ਅਲੰਕਾਰ ਸਾਗਰ ਕਬਿਤ

ਝਲੀਬਲ ਬੀਰਸੈਨ ਗਏ ਜਬ ਭੂਮਹਿ ਮਲ ਜਾਨੈ ਬਜ੍ਰ ਅੰਗ ਜਾਨੇ ਨਰਨਰਹੇ ਕਾਮਰੂਪ ਕਾਮਨੀ ਨ ਜਾਨੇ ਹੇਤ ਹਿਲ ਸਿੰਘ ਜੋ ਅਸਭਿਖਿਤ ਪਤਿ ਜਾਨੇ ਉਰ ਕਰਹੇ ਨੈਨ ਜਾਨੇ ਕਾਲਕ [illegible] ਸਜਾਤੀ ਜਾਨੇ [illegible] ਜ੍ਯਾਨ ਜਗ ਹੂ ਲਜਾਨੇ ਗਯਾਨੀ ਬਿਸਮਾਨ ਜਾਨੇ [illegible] ਜਾਨੇ ਜੋਗੀ ਰੂਪ ਧਰ ਹੈ॥

ਤੈਸੇ ਦੁਰਮਤਿ ਗੁਰਮਤਿ ਕੈ [illegible]
ਆਪਾ ਆਪ ਚੀਨਤ ਨ ਚੀਨਤ ਚਰਿਤ ਹੈ॥੧੬੦॥

ਤੇਹਾ ਕੂ (ਦੁਰਮਤਿ) ਖੋਟੀ ਅਕਲ ਕਰਕੇ (ਅਸਾਧ) ਭੈੜੇ ਸਾਧੂ ਆਪਣੇ ਆਪ ਨੂੰ ਨਹੀ (ਚੀਨਤ) ਜਾਣਦੇ ਭਾਵ ਕਿ ਅਸੀਂ ਕੀ ਕਰਨ ਜਗਤ ਤੇ ਆਇ ਹਾਂ ਤੇ ਅਸੀ ਕੀ ਚੀਜ ਹਾਂ ਅਤੇ (ਸਾਧ) ਗੁਰਮਤਿ ਚੰਗੀ ਅਕਲ ਕਰਕੇ ਆਪਣੇ ਆਪ ਨੂੰ ਜਾਣਦੇ ਹਨ ਕਿ ਅਸੀ ਵਾਹਿਗੁਰੂ ਦਾ ਭਜਨ ਕਰਨ ਜਗਤ ਉਪਰ ਆਇ ਹਾਂ ਅਜੇਹੇ ਰੰਗ ਵਿਚ ਰਹਿਕੇ ਇਸ ਸੰਸਾਰ ਨੂੰ (ਚਰਿਤ) ਖੇਲ ਰੂਪ (ਨਾਸਵੰਤ) ਝੂਠਾ ਜਾਣਦੇ ਹਨ

ਭਾਵ ਮਨਮੁਖ ਮੰਦੇ ਕੰਮ ਕਰਕੇ ਨਰਕਾਂ ਨੂੰ ਗਏ ਅਤੇ ਗੁਰਮੁਖ ਚੰਗੇ ਕੰਮ ਕਰਕੇ ਜੀਵਨ ਮੁਕਤਿ ਹੋਏ ॥੧੬੦॥

ਹੁਣ ਜੇਹੀ ਸੰਗਤ ਮਿਲੇ ਤੇਹਾ ਫਲ ਮਿਲਦਾ ਹੈ ਤਿਸ ਪਰ ਆਖਦੇ ਹਨ

ਜੈਸੇ ਤੌ ਸਲਿਲ ਮਿਲ ਬਰਨ ਬਰਨ ਬਿਖੈ
ਜਾਹੀ ਜਾਹੀ ਰੰਗ ਮਿਲੈ ਸੋਈ ਹ੍ਵੈ ਦਿਖਾਵਈ।

ਜੇਹਾ ਕੂ (ਸਲਿਲ) ਪਾਣੀ (ਬਰਨ ਬਰਨ) ਰੰਗਾਂ ਰੰਗਾਂ ਵਿਚ ਮਿਲ ਜਾਂਦਾ ਹੈ ਜੇਹੇ ਜੇਹੇ ਰੰਗ ਨਾਲ ਪਾਣੀ ਮਿਲਦਾ ਹੈ ਤੇਹੋ ਜਿਹਾ ਆਪਰੂਪ ਹੋਕੇ ਦਿਖਾਉਂਦਾ ਹੈ ਭਾਵ ਜੇਹੋ ਰੰਗ ਵਿਚ ਪਾਣੀ ਮਿਲੇ ਰਹੇ ਜੇਹਾ ਹੋ ਜਾਂਦਾ ਹੈ॥

ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੈ
ਤੈਸੋ ਤੈਸੋ ਸ੍ਵਾਦ ਰਸ ਰਸਨਾ ਚਖਾਵਈ।

ਜੇਹਾ ਕੂ (ਘ੍ਰਿਤ) ਘਿਉ ਜਿਸ ਜਿਸ (ਪਾਕ) ਪਿੰਨੇ (ਵ ਰਸੋਈ, ਪਿੰਨੀ) ਹੋਇ (ਸਾਕ) ਸਾਗ ਸਲੂਣੇ ਨਾਲ ਮਿਲਦਾ ਹੈ ਤਿਹੋ ਜਿਹਾ ਸਵਾਦ (ਰਸ) ਅਨੰਦ (ਰਸਨਾ) ਜੀਭ ਕਰਕੇ ਚਖੀਦਾ ਹੈ ॥ ਭਾਵ ਜਿਸ ਸਾਗ ਸਲੂਣੇ ਪੁਲਾਓ ਨਾਲ ਘਿਓ ਮਿਲਦਾ ਹੈ ਉਹੋ ਜਿਹਾ ਸਵਾਦ ਆਉਂਦਾ ਹੈ ॥

ਦੂਜਾ ਭਾਵ-ਭਾਵੇਂ ਕਿਤਨਾ ਹੀ ਖਰਾਬ ਭੋਜਨ ਹੋਵੇ ਪਰ ਜਿਸ ਵਿਚ ਘਿਓ ਪਾ ਦੇਈਏ ਉਸ ਦਾ ਅਨੰਦ ਬਹੁਤ ਹੋ ਜਾਂਦਾ ਹੈ। ਪਰ ਏਥੇ ਇਹ ਭਾਵ ਲੈਣਾ ਹੈ ਕਿ ਜਿਸ ਸਲੂਣੇ ਵਿਚ ਘਿਓ ਪਾ ਦੇਈਏ ਉਸ ਸਲੂਣੇ ਵਰਗਾ ਹੀ ਘਿਉ ਹੋ ਜਾਂਦਾ ਹੈ॥

ਜੈਸੇ ਸ੍ਵਾਂਗੀ ਏਕ ਹ੍ਵੈ ਅਨੇਕ ਭਾਂਤਿ ਭੇਖ ਧਾਰੈ

ਜੈਸਾ ਜੈਸੀ ਸ੍ਵਾਂਗ ਕਾਛੈ ਤੈਸੀ ਤੈ ਕਹਾਵਈ ।

ਜਿਹਾ ਕੁ (ਸ੍ਵਾਂਗੀ) ਮੰਦਾਰੀ ਬਹੁਤ ਰੂਪ ਬਨਾਵਣ ਵਾਲਾ ਇਕ ਤੋਂ ਅਨੇਕਾਂ (ਭਾਂਤਿ) ਤਰਹਾ ਦੇ ਭੇਖ ਧਾਰਦਾ ਹੈ ਜਿਹੜਾ ੨ (ਸ੍ਵਾਂਗ) ਭੇਖ ਰੂਪ ਆਪਣਾ (ਕਾਛੈ) ਬਣਾਉਂਦਾ ਹੈ ਸੋਈਓ ਹੀ ਆਪਣਾ ਨਾਮ ਸਦਾਉਂਦਾ ਹੈ ॥ ਭਾਵ ਸਾਰਿਆਂ ਹੀ ਭੇਖਾਂ ਵਿਚ ਇਕ ਮੰਦਾਰੀ ਮਿਲ ਜਾਂਦਾ ਹੈ ਕਿਸੇ ਨੂੰ ਪਤਾ ਨਹੀ ਲਗਦਾ ਕਿ ਇਹ ਮੰਦਾਰੀ ਹੈ ਜਾ ਜੋ ਬਣਿਆਂ ਹੋਂਦਾ ਹੈ ਸੋ ਹੈ

ਆਸਾ ਮਹਲਾ ੫

ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ ।

ਗੁਰੂ ੧੦

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਹ੍ਵੈ ਬੈਰਾਗੀ ਬਨੈ ਕਬਹੂ ਸੰਨਿਆਸ ਭੇਸ ਬਨ ਕੈ ਦਿਖਾਵਈ ॥

ਸੁਖਮਨੀ-ਮਹਲਾ ੫

ਨਾਨਾ ਰੂਪ ਜਿਉ ਸ੍ਵਾਂਗੀ ਦਿਖਾਵੈ ॥

ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ

ਗੁਰਮੁਖਿ ਹੋਇ ਏਕ ਟੇਕ ਠਹਿਰਾਵਈ ॥੧੬੧॥

ਤਿਹਾ ਕੁ ਹੀ ਚਿਤ ਚੰਚਲ (ਚਪਲ) ਚੰਚਲ ਦੋਸ਼ਾਂਨਾਲ (ਲੇਪ) ਲਿੰਬਿਆ ਜਾਂਦਾਹੈ ਭਾਵ ਕੁਸੰਗੀਆਂ ਦਾ ਸੰਗ ਕਰਕੇ ਚਿਤ ਚੰਚਲ ਹੋਜਾਂਦਾਹੈ ਤੇ ਮਨ ਵਿਚ ਵਿਕਾਰ ਪ੍ਰਗਟ ਹੋਣ ਲਗ ਜਾਂਦੇ ਹਨ ਭਾਵ ਦੋਖਾਂ ਦਾ ਰੂਪ ਹੀ ਚਿਤ ਹੋ ਜਾਂਦਾ ਹੈ ਇਹ ਤਾਂ ਮਨਮੁਖਾਂ ਦਾ ਕੰਮ ਹੈ ਪਰ ਗੁਰਮੁਖ ਜੇਹੜੇ ਹੋਏ ਹਨ ਓਹਨਾਂ ਨੇ ਮਨ ਵਿਚ ਇਕ ਵਾਹਿਗੁਰੂ ਦੀ ਹੀ (ਟੇਕ) ਓਟ (ਠਹਰਾਈ) ਲਈ ਹੈ ਭਾਵ ਵਾਹਿਗੁਰੂ ਦਾ ਆਸਰਾ ਲਿਆ ਹੈ ਅਤੇ ਨਾਮ ਜਪਦੇ ਹਨ ॥ ੧੬੧ ॥

ਸਾਗਰ *ਮਥਤ ਜੈਸੇ ਨਿਕਸੈ ਅੰਮ੍ਰਿਤ ਬਿਖ

---

*ਦਵੈਯਾ ਛੰਦ

ਇਕ ਦਿਨ ਦੇਵ ਸੁ ਰਾਕਸ਼ ਮਿਲਕੇ ਲਗੇ ਸਮੁੰਦਰ ਰਿੜਕਨ ।

ਤੁਸੀ ਨਾ ਜ਼ੋਰ ਲਗਾਓ ਸਾਰੇ ਆਖੇ ਦਿਲ ਦੀ ਝਿੜਕਨ ।

ਚੌਦਾਂ ਰਤਨ ਨਿਕਾਲੇ ਓਸ ਥੀਂ ਸਮੁੰਦਰ ਵਿਚੋਂ ।

ਝਗੜਾ ਪਾਯਾ ਆਪੋ ਵਿਚਦੀ ਮੋਹਨੀ ਨੇ ਤਾਂ ਵੰਡੇ ।

ਓਪਰ ਕਿਵੇਂ ਦੇ ਦੇਵਤਿਆਂਦੀ ਸੀਸਰੇ ਰਾਹੂ ਨੂੰ ਪਾਕੇ ।

ਅੰਮ੍ਰਿਤ ਨੂੰ ਚ ਦੇਵਾਂ ਪੀਤਾ ਬੂੰਦ ਦੇ ਕੰਮ ਸਵਾਰੇ ॥

ਪਰਉਪਕਾਰ ਨ ਬਿਕਾਰ ਸਮਸਰ ਹੈ ।

ਜੈਸਾ ਕੁ (ਸਾਗਰ) ਸਮੁੰਦਰ ਦੇ (ਮਥਤ) ਰਿੜਕਨ ਨਾਲ ਅੰਮ੍ਰਿਤ ਤੇ (ਬਿਖ) ਵਿਹੁ ਨਿਕਲੀ ਹੈ ਅੰਮ੍ਰਿਤ ਦੇ ਪਰਉਪਕਾਰ ਤੇ ਵਿਹੁ ਦੇ ਬਿਕਾਰ (ਸਮਸਰ) ਇਕੋ ਜੇਹੇ ਨਹੀਂ ਭਾਵ ਅੰਮ੍ਰਿਤ ਤੇ ਵਿਹੁ ਦੋਨੋ ਇਕੋ ਜੇਹੇ ਨਹੀ ਕਿਉਂ ਕਿ ਅੰਮ੍ਰਿਤ ਪੀਣ ਵਾਲੇ ਨੂੰ ਅੰਮ੍ਰਿਤ ਅਮਰ ਕਰ ਦਿੰਦਾ ਹੈ ਅਤੇ ਵਿਹੁ ਮਾਰ ਦੇਂਦੀ ਹੈ ਉਸਦਾ ਕੰਮ ਪਰਉਪਕਾਰ ਕਰਨਾ ਹੈ ਤੇ ਉਸਦਾ ਵਿਕਾਰਕਰਨਾਹੈ

ਬਿਖ ਅਚਵਤ ਹੋਤ ਰਤਨ ਬਿਨਾਸ ਕਾਲ

ਅਚਏ ਅੰਮ੍ਰਿਤ ਮੂਏ ਜੀਵਤ ਅਮਰ ਹੈ ।

ਵਿਹੁ ਦੇ (ਅਚਵਤ) (ਖਾਣ) ਚਖਣ ਨਾਲ (ਰਤਨ) ਹੀਰੇ ਵਰਗਾ ਜੋ ਅਮੋਲਕ ਆਦਮੀ ਦਾ ਸਰੀਰ ਹੈ ਇਸਦੇ (ਬਿਨਾਸ ਕਾਲ) ਮਰਨ ਦਾ ਵੇਲਾ ਨੇੜੇ ਆ ਜਾਂਦਾ ਹੈ ਭਾਵ ਵਿਹੁ ਚਖਣ ਨਾਲ ਆਦਮੀ ਮਰ ਜਾਂਦਾਹੈ ਅਤੇ (ਅਚਏ) ਖਾਣ ਚਖਣ ਨਾਲ ਅੰਮ੍ਰਿਤ ਦੇ ਆਦਮੀ ਮੋਇਆ ਹੋਇਆ ਜੀਉ ਪੈਂਦਾ ਹੈ ਜੀਉਂਦਾ ਭੀ ਕੈਸਾ ਹੈ ਕਿ ਕਦੀ ਮਰਦਾ ਹੀ ਨਹੀ(ਅਮਰ)ਦੇਵਤਿਆਂ ਵਾਕਰ ਰਹਿੰਦਾ ਹੈ ॥

ਜੈਸੇ ਤਾਰੋ ਤਾਰੀ ਏਕ ਲੋਸਟ ਮੈ ਪ੍ਰਗਟ ਹ੍ਵੈ

ਬੰਧ ਮੋਖ ਪਦਵੀ ਸੰਸਾਰ ਬਿਸਥਰ ਹੈ ।

ਜਿਹਾ ਕੁ ਇਕ (ਲੋਸਟ) ਲੋਹੇ ਵਿਚੋਂ (ਤਾਰੋ) ਜੰਦਰਾ ਤੇ (ਤਾਰੀ) ਕੁੰਜੀ ਪ੍ਰਗਟ ਹੁੰਦੀ ਹੈ ਭਾਵ ਇਕ ਲੋਹੇ ਵਿਚੋਂ ਦੋਵੇਂ ਚੀਜ਼ਾਂ ਬਨਦੀਆਂ ਹਨ ਸੋ ਜੰਦਰਾ ਬੰਦ ਕਰਨ ਵਾਲਾ ਬੂਹੇ ਕੁੰਡੇ ਨੂੰ ਹੋਂਦਾ ਹੈ ਅਤੇ ਕੁੰਜੀ ਜੰਦਰੇ ਨੂੰ ਮੋਖ ਪਦਵੀ (ਮੁਕਤੀ ਵਾਲਾ ਰਸਤਾ ਦਾ ਇਜਤ ਵਾਲਾ) ਖੋਲਨ ਵਾਲੀ ਹੁੰਦੀ ਹੈ ਏਹ ਦੋਵੇਂ ਹੀ ਆਪੋ ਆਪਣਾ ਕੰਮ ਸੰਸਾਰ ਉਪਰ ਫੈਲਾਉਂਦੇ ਹਨ ॥

ਤੈਸੇ ਹੀ ਅਸਾਧ ਸਾਧ ਸਨ ਔ ਮਜੀਠ ਗਤਿ

ਗੁਰਮਤਿ ਦੁਰਮਤਿ ਟੇਵ ਸੈ ਨ ਟਰ ਹੈ ॥ ੧੬੨ ॥

ਤੇਹਾ ਕੁ ਹੀ (ਅਸਾਧ) ਮਨਮੁਖ (ਸਨ) ਸਣ ਜਿਵੇਂ ਜੌਂਟ ਰੱਸੇ ਵੱਟਦੇ ਹਨ ਅਤੇ ਸਾਧ ਗੁਰਮੁਖ ਮਜੀਠ ਦੇ ਰੰਗ (ਗਤਿ) ਚਾਲ ਦਾ ਵਾਕਰ ਹਨ ਗੁਰਮਤ ਨੂੰ ਧਾਰਨ ਵਾਲੇ ਆਪੋ ਆਪਣੀ (ਟੇਵ) ਆਦਤ ਏਹ ਤੋਂ ਨਹੀ (ਟਰ) ਟਲਦੇ ਭਾਵ ਮਨਮੁਖ ਮਨਮੁਖਤਾਈ ਵਲੋਂ ਨਹੀਂ ਹਟਦੇ ਤੇ ਗੁਰਮੁਖ ਗੁਰਮੁਖਤਾਈ ਵਲੋਂ ਨਹੀਂ ਹਟਦੇ ਜੀਕੁਰ ਸਣ ਦੇ ਰਸੇ ਵਟੀਦੇ ਹਨ ਜੋ ਲੋਕਾਂ ਆਦਿਕਾਂ ਦੇ ਬੰਨ੍ਹਨ ਵਾਸਤੇ ਤੀਕੁਰ ਹੀ ਮਨਮੁਖਾਂ ਦੇ ਬਚਨ (ਤੀਖੇ)

ਭੋਗਦੇ ਰੋਗ ਆਦਿਕ ਦਾ ਕਾਰਨ ਹਨ ਅਤੇ ਗੁਰਮੁਖਾਂ ਦੇ ਬਚਨ ਮਜੀਠ ਵਾਂਗਰ ਗੂੜ੍ਹੇ ਰੰਗ ਵਾਲੇ ਤੇ ਆਪਣੇ ਆਪ ਤੇ ਦੁਖ ਝੱਲ ਕੇ ਮਜੀਠ ਵਾਂਗਰ ਅਟਾਲੇ ਨੂੰ ਸੁਖ ਦੇਣਾ ਅਤੇ ਗੂੜ੍ਹਾ ਰੰਗ ਨਾਮ ਦਾ ਚੜ੍ਹਾ ਦੇਣਾ ਇਹ ਗੁਣਾਂ ਦੇ ਉਪਕਾਰ ਹਨ॥ ੧੬੨॥

"ਗੁਰਮੁਖਾਂ ਤੇ ਮਨਮੁਖਾਂ ਦੇ ਕੰਮ ਜਗਤ ਵਿਚ ਅਜੇਹੇ ਹੁੰਦੇ ਹਨ"

ਬਰਖਾ ਸੰਜੋਗ ਮੁਕਤਾਹਲ ਓਰਾ ਪ੍ਰਗਾਸ
ਪਰਉਪਕਾਰੀ ਔ ਬਿਕਾਰੀ "ਹੀ" ਕਹਾਵਈ।

(ਬਰਖਾ ਸੰਜੋਗ) ਮੀਂਹ ਦੇ ਮਿਲਾਪ ਨਾਲ ਭਾਵ ਸ੍ਵਾਂਤੀ ਨਿਛੱਤ੍ਰ ਵਿਚ ਮੀਂਹ ਵਰਸਨ ਕਰਕੇ ਨਿਕੀਆਂ ੨ ਬੂੰਦਾਂ ਤੋਂ (ਮੁਕਤਾਹਲ) ਮੋਤੀਆਂ ਦਾ ਤੇ (ਓਰਾ) ਗੜਿਆਂ ਦਾ ਪ੍ਰਕਾਸ਼ ਹੁੰਦਾ ਹੈ। ਭਾਵ ਨਿੱਕੀਆਂ ੨ ਬੂੰਦਾਂ ਜਿਸ ਸਿੱਪੀ ਦੇ ਮੂੰਹ ਵਿਚ ਪੈਜਾਣ ਓਹ ਮੋਤੀ ਬਣ ਜਾਂਦੀਆਂ ਹਨ ਅਤੇ ਉਨ੍ਹਾਂ ਹੀ ਬੂੰਦਾਂ ਤੇ ਗੜੇ ਬਣਕੇ ਡਿਗਦੇ ਹਨ ਸੋ ਮੋਤੀ ਪਰਉਪਕਾਰੀ ਹੁੰਦਾ ਹੈ। ਭਾਵ ਜਿਸ ਪਾਸ ਮੋਤੀ ਹੁੰਦਾ ਹੈ ਉਸਨੂੰ ਅਨੰਦ ਹੁੰਦਾ ਹੈ ਅਤੇ ਗੜਾ ਵਿਕਾਰੀ ਆਪਣੇ ਆਪ ਨੂੰ ਕਹਾਉਂਦਾ ਹੈ। ਭਾਵ ਡਿਗਦਾ ਡਿਗਦਾ ਘੁਲ ਜਾਂਦਾ ਹੈ ਤੇ ਜੇਹੜਾ ਉਹਨੂੰ ਹਥ ਵਿਚ ਪਕੜੇ ਉਸਨੂੰ ਠੰਢਾ ਲਗਦਾ ਹੈ ਤੇ ਛੇਤੀ ਨਾਲ ਹੀ ਛੂਤਾ ਹੋ ਜਾਂਦਾ ਹੈ ਭਾਵ ਪਾਣੀ ਬਣ ਜਾਂਦਾ ਹੈ॥

ਦੁਹਾਂ ਦੇ ਉਪਕਾਰ ਦਾ ਨਿਰਨਾ ਕਰਦੇ ਹਨ

ਓਰਾ ਬਰਖਤ ਜੈਸੇ ਧਾਨ ਪਾਨ ਕੋ ਬਿਨਾਸ
ਮੁਕਤਾ ਅਨੂਪ ਰੂਪ ਸਭਾ ਸੋਭ ਪਾਵਈ।

ਜੇਹਾਕੁ (ਓਰਾ) ਗੜੇ ਦੇ ਪੈਣ ਨਾਲ (ਧਾਨ) ਧਾਨਾਂ ਦੇ ਖੇਤਾਂ ਦਾ ਤੇ ਪਾਨਾਂ ਦੇ ਪੱਤਿਆਂ ਡੰਬੋਲਾਂ ਦਾ ਨਾਸ ਹੁੰਦਾ ਹੈ ਅਤੇ ਮੋਤੀ ਜੋ ਹੈ (ਅਨੂਪ) ਉਪਮਾ (ਜਿਸਦੀ ਨਾ ਹੋ ਸਕੇ) ਸੁੰਦਰ ਸਰੂਪ ਵਾਲਾ ਓਹ ਸਭਾ ਵਿਚ ਸੋਭਾ ਪਾਉਂਦਾ ਹੈ ਭਾਵ ਸਭ ਨੂੰ ਚੰਗਾ ਲਗਦਾ ਹੈ॥

ਓਰਾ ਤੌ ਬਿਕਾਰ ਧਾਰ ਦੇਖਤ ਬਿਲਾਇ ਜਾਇ
ਪਰਉਪਕਾਰੀ ਮੁਕਤਾ ਜਯੋਂ ਠਹਿਰਾਵਈ।

(ਓਰਾ) ਗੜਾ ਤਾਂ ਵਿਕਾਰ ਦੀ ਧਾਰ ਹੈ ਸੋ ਵੇਖਦਿਆਂ ਹੀ (ਬਿਲਾਇ) ਦੂਰ ਹੋ ਜਾਂਦਾ ਹੈ ਭਾਵ ਵੇਖਦਿਆਂ ੨ ਪਾਣੀ ਹੋ ਜਾਂਦਾ ਹੈ ਅਤੇ ਪਰਉਪਕਾਰੀ ਮੋਤੀ ਜਿਉਂ ਦਾ ਤਿਉਂ ਠਹਿਰਿਆ ਰਹਿੰਦਾ ਹੈ ਭਾਵ ਸਿੱਪੀ ਵਿਚ ਜੰਮਿਆਂ ਰਹਿੰਦਾ ਹੈ॥

ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ

ਗੁਰਮਤਿ ਦੁਰਮਤਿ ਦੁਰੈ ਨ ਦੁਰਾਵਈ ॥ ੧੬੩ ॥

ਤਿਵੇਂ ਹੀ ਮਾੜਿਆਂ ਚੰਗਿਆਂ ਮਨੁੱਖਾਂ ਦੇ ਸੁਭਾਉ ਦੀ ਸੰਗਤ ਵਿਚ (ਗਤਿ) ਰੀਤੀ ਦਾ ਹਾਲ ਹੈ ਦੁਹਾਂ ਦੀ ਚੰਗੀ ਮਾੜੀ ਅਕਲ (ਦੁਰੈ) ਨ ਛਪਾਈ ਹੋਈ ਛਪਦੀ ਨਹੀਂ ਹੈ ।

ਜੈਸਾ ਕਿ

ਯਕ ਨਾ ਤਰਾਸ਼ੀਦਹ ਦਰ ਮਜਲਸੇ ।

ਇਕ ਨਾਲਾਇਕ ਸੇ ਸਭਾ ਮੇਂ ।

ਬਰੰਜਦ ਦਿਲੇ ਹੋਸ਼ਮੰਦਾਂ ਬਸੇ ।

ਬਹੁਤ ਹੋਸ਼ਮੰਦਾਂ ਦਾ ਦਿਲ ਨਰਾਜ਼ ਹੋ ਜਾਤਾ ਹੈ ।

ਅਗਰ ਬਿਰਕਏ ਪੁਰ ਕੁਨੰਦ ਅਜ਼ ਗੁਲਾਬ

ਜੇਕਰ ਹੌਜ਼ ਗੁਲਾਬ ਸੇ ਭਰਦੇ

ਸਗੈ ਦਰਵੈ ਉਫਤਦ ਕੁਨਦ ਮਿੰਜਲਾਬ

ਇਕ ਕੁਤਾ ਉਸ ਮੇਂ ਗਿਰੇ ਅਪਵਿਤ੍ਰ ਕਰ ਦੇਤਾ ਹੈ ॥ ੧੬੩ ॥

ਲਜਾ ਕੁਲ ਅੰਕਸ ਔ ਗੁਰ ਜਨ ਸੀਲ ਡੋਲ

ਕੁਲਾ ਬਧੂ ਬ੍ਰਿਤਿ ਕੈ ਪਤਿਬ੍ਰਤ ਕਹਾਵਈ ।

ਕੁਲ ਦੀ ਰੀਤੀ ਤੇ ਅਚਾਰ ਦਾ ਡਰ ਕੁਲ ਦੀ ਕਾਨ ਭਾਵ ਆਪਣੀ ਕੁਲ (ਸਸ ਸੌਹਰਾ ਮਾਂ ਬਾਪ ਦੀ) ਇਜ਼ਤ ਦਾ ਡਰ ਜਿਹ ਹੀ ਇਕ (ਅੰਕਸ) ਕੁੰਡਾ (ਹਾਥੀ ਨੂੰ ਥੰਮ੍ਹਣ ਵਾਲਾ) ਇਸਤ੍ਰੀ ਨੂੰ ਹੈ (ਗੁਰਜਨ) ਸਸ ਸੌਹਰਾ ਆਦਿਕ ਵਡੇ ਪੁਰਸ਼ ਏਹਨਾਂ ਦੇ ਅਗੇ (ਸੀਲ) ਸੀਤਲ ਸੁਭਾਉ ਵਿਚ (ਡੋਲ) ਸਰੀਰ ਦਾਉ ਨੂੰ (ਬ੍ਰਿਤਿਕੈ) ਰਖਕੇ (ਕੁਲਾ ਬਧੂ) ਕੁਲ ਦੀ ਨੋਹ (ਪਤਿਬ੍ਰਤਾ) ਕਹਾਉਂਦੀ ਹੈ । ਭਾਵ ਆਪਣੀ ਕੁਲ ਸਸ ਸਹੁਰਾ ਮਾਈ ਬਾਪ ਤੇ ਪਤੀ ਦੇ ਵਰਤ ਵਿਚ ਵਰਤਕੇ ਭਾਵ ਪਤੀ ਦੀ ਆਗਯਾ ਮੰਨ ਕੇ ਪਤਿਬ੍ਰਤਾ ਇਸਤ੍ਰੀ ਕਹਾਉਂਦੀ ਹੈ ॥

ਦੁਸਟ ਸਭਾ ਮਿਲੋਚ ਅਧਮ ਅਸਾਧ ਸੰਗ

ਬਹੁ ਬਿਭਚਾਰ ਧਾਰ *ਗਨਿਕਾ ਬੁਲਾਵਈ ।

---

*ਕਾਵ੍ਯ ਦੇ ਪੁਸਤਕਾਂ ਵਿਚ ਤਿੰਨ ਤਰਾਂ ਦੀਆਂ ਨਾਇਕਾ ਹੁੰਦੀਆਂ ਹਨ ਸੁਕੀਯਾ ੧ ਪਰਕੀਆ ੨ ਤੇ (ਸਾਮਾਨਯਾ) ਗਨਿਕਾ ੩ ਸੋ ਗਨਕਾਦਾ ਲਛਣ ਏਸੇ ਪ੍ਰਸੰਗ ਅਨੁਸਾਰ ਦਸਿਆ ਜਾਂਦਾ ਹੈ । ਬਾਕੀ ਦਾ ਨੋਟ ਵੇਖੋ ਅਗਲਾ ਸਫਾ

ਰੁਪਏਆਂ ਦੀ ਸਭਾ ਦਾ (ਨਿੰਦਕ) ਮਿਲਾਪ ਕਰਕੇ ਅਤੇ (ਅਧਮ) ਪਾਪੀਆਂ ਅਪਰਾਧੀਆਂ ਸਾਧੂਆਂ ਦਾ ਸੰਗ ਕਰਕੇ ਅਤੇ ਬਹੁਤ (ਵਿਭਚਾਰ) ਵਿਸ਼ਯਾਸਕਤ ਪੁਰਸ਼ਾਂ ਭਾਵ ਯਾਰ ਕਿਸਮ ਆਦਮੀਆਂ ਨਾਲ ਪਰਚ ਹੋਣੇ ਆਪਣੇ ਆਪ ਨੂੰ ਉਹੋ ਜੇਹੀ ਇਸਤ੍ਰੀ ਵੇਸਵਾ ਕਰਕੇ ਕੁਲ ਦਾਗ ਦੀਹੇ ਭਾਵ ਪਾਪਿਆਂ ਆਦਮੀਆਂ ਦਾ ਸੰਗ ਕਰਕੇ ਆਪਣੇ ਆਪਨੂੰ ਵੇਸਵਾ ਕਹਾਉਂਦੀ ਹੈ ਅਜੇਹਾ ਚੋਰ ਜੁਆਰੀਏ ਆਦਿਕ ਵੇਸਵਾ ਕਹਿਕੇ ਬੁਲਾਉਂਦੇ ਹਨ ॥

ਕੁਲਾ ਬਧੂ ਸੁਤ ਕੋ ਬਖਾਨੀਅਤ ਗੋਤ੍ਰਾਚਾਰ
ਗਨਿਕਾ ਸੁਅਨ ਪਿਤਾ ਨਾਮ ਕੋ ਬਤਾਵਈ ।

(ਕੁਲਾ ਬਧੂ) ਉਚੀ ਕੁਲ ਦੀ ਨੂੰਹ ਵ ਇਸਤ੍ਰੀ ਦੇ (ਸੁਤ) ਪੁਤ੍ਰ ਦਾ (ਗੋਤ੍ਰਾਚਾਰ) ਗੋਤ੍ਰ ਅਚਾਰ (ਪਿਤਾ ਪਿਤਾਮਾ ਦੀ ਕੁਲ ਵੰਸਾਵਲੀ ਦਾ ਸਬ ਕ੍ਰਮ (ਸਿਰ ਉਚਾਰਨ) ਕਹੀਦਾ ਹੈ ਪਰ (ਗਨਿਕਾ) ਵੇਸਵਾ ਦੇ (ਸੁਅਨ) ਪੁਤ੍ਰ ਪਿਤਾ ਦਾ ਨਾਮ ਕੀ ਕੋਈ ਦਸੇ ਭਾਵ ਚੰਗੀ ਇਜ਼ਤ ਵਾਲੀ ਇਸਤ੍ਰੀ ਦੇ ਪੁਤ੍ਰ ਦੇ ਬਾਪ ਦਾਦੇ ਆਦਿਕ ਦਾ ਸਭ ਕੋਈ ਨਾਮ ਦਸ ਦਿੰਦਾ ਹੈ ਪਰ ਵੇਸਵਾ ਦੇ ਪੁਤ੍ਰ ਦੇ ਪਿਤਾ ਦਾ ਨਾਮ ਕੋਈ ਭੀ ਨਹੀਂ ਦਸ ਸਕਦਾ ॥

ਬਿਲਾਵਲੁ ਮਹਲਾ ੪

ਬੇਸੁਆ ਕੇ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਅਹਿ

ਸਭਾ ਪ੍ਰਕਾਸ਼

ਨਿਸ ਦਿਨ ਕੇਲ ਕਥਾ ਕਹੈ ਦਾਮ ਦਿਖੇ ਰਤਿ ਦੇਇ ।
ਸਮਾਨਕਾ ਸੋ ਕਹਿਤ ਹੈਂ ਜਾਪੈ ਧਨ ਹਰਿ ਲੇਇ ।
ਗੁਨੀ ਪੁਰਖ ਸੋ ਰੀਝ ਨਹਿ ਨਿਗੁਨੋ ਸੋ ਨ ਵਿਰਾਗ ।
ਧਨੀ ਪੁਰਖ ਮਨ ਹਰਨ ਕੋ ਅੰਗ ਦਿਖਾਵਤ ਲਾਗ ।
ਸੁਖ ਸੋ ਧਨ ਜਾਂਕੋ ਮਿਲੈ ਤਸਕਰ ਔਰ ਗਵਾਰ ।
ਸੋ ਜਨ ਯਾ ਸੋਂ ਰਤਿ ਕਰੈਂ ਜਿਨਕੇ ਨਾਹਿ ਵਿਚਾਰ । ਕਬਿਤ ਬਿਨੋਦੇ

ਆਰਸ ਸੋਂ ਆਰਤ ਸੰਭਾਰਤ ਨ ਸੀਸ ਪਟ
ਗਜਬ ਗੁਜਾਰਤ ਗਰੀਬਨ ਕੀ ਧਾਰ ਪਰ ।
ਕਹੈ ਪਦਮਾਕਰ ਸੁਗੰਧਿ ਸਰਸਾਵੇ ਸੁਚਿ
ਬਿਥਰਿ ਬਿਰਾਜੈ ਬਾਰ ਹੀਰਨ ਕੇ ਹਾਰ ਪਰ ।
ਛਾਜਤ ਛਬੀਲੀ ਛਿਤਿ ਛਹਿਰਿ ਛਰਾ ਕੀ ਛੋਰ
ਭੋਰ ਉਠਿ ਆਈ ਕੇਲ ਮੰਦਿਰ ਕੇ ਦ੍ਵਾਰ ਪਰ ।
ਏਕ ਪਗ ਭੀਤਰ ਸੁ ਏਕ ਦੇਹਰੀ ਪੈ ਧਰੇ
ਏਕ ਕਰ ਕੰਜ ਏਕ ਕਰ ਹੈ ਕਿਵਾਰ ਪਰ ।

ਪ੍ਰਭਾਤੀ ਮਹਲਾ ੨ ਅਭਾਗਤ ਉਦਨ ਆਖੀਅਹਿ
ਕੇਹੀਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਨੁ ਜਾਇ ॥
ਸ੍ਰੀ ਰਾਗੁ ਮਹਲਾ ੪ ਵਣਜਾਰਾ
ਵਿਚ ਹਉਮੈ ਕਰਮ ਕਮਾਵਦੇ ਜਿਉ ਵੇਸਿਆ ਪੁਤੁ ਨਿਨਾਉ ।
ਪਿਤਾ ਜਾਤਿ ਤਾ ਹੋਈਐ ਗੁਰ ਤੁਠਾ ਕਰੇ ਪਸਾਉ ॥

ਦੁਰਮਤਿ ਲਾਗ ਜੈਸੇ ਕਾਗ ਬਨ ਬਨ ਫਿਰੈ
ਗੁਰਮਤਿ ਹੰਸ ਏਕ ਟੇਕ ਜਸ ਪਾਵਈ ॥ ੧੬੪॥

ਜੇਹਾਕੁ ਕਾਂ ਬਨ ਬਨ ਵਿਚ ਵਿਸ਼ਟਾ ਦੇ ਮਗਰ ਬਾ ਮੁਹਾਰਾ । ਕਾਂ ਕਾਂ ਕਰਦਾ ਫਿਰਦਾ ਹੈ ਤੇਹਾਕੁ ਹੀ (ਦੁਰਮਤਿ) ਖੋਟੀ ਸੰਗਤ ਦੇ ਲਾਗ ਨਾਲ ਮਨ ਮੁਖ ਭਰਮਦਾ ਫਿਰਦਾ ਹੈ ਭਾਵ ਖੋਟੀ ਸੰਗਤ ਦੀ ਲਾਗ ਕਰਕੇ ਜੋ ਗੁਰਾਂ ਨੂੰ ਛਡ ਕੇ ਮੂਰਖ ਦੇਵੀ ਦੇਵਤਿਆਂ ਮਗਰ ਭਜੇ ਫਿਰਦੇ ਹਨ ਅਤੇ ਗੁਰਮਤਿ ਨੂੰ ਧਾਰਨ ਵਾਲੇ ਗੁਰਮੁਖ ਹੰਸ ਵਾਂਗਰ ਇਕ (ਟੇਕ) ਆਸਰਾ ਦਾ ਨਿਸਚਾ ਰਖਕੇ ਤਾਲ ਸਤਸੰਗ ਵਿਚ ਬੈਠੇ ਰਹਿੰਦੇ ਹਨ ਅਤੇ ਨਾਮ ਜਪਦੇ ਹਨ ਮੋਤੀ ਚੁਗਦੇ ਹਨ ਤੇ ਦੁਧ ਪੀਂਦੇ ਹਨ ਅਮ੍ਰਿਤ ਛਕਦੇ ਹਨ ਤੇ ਜਸ ਪਾਉਂਦੇ ਹਨ ॥੧੬੪॥

ਖੋਟੀ ਸੰਗਤ ਤੇ ਚੰਗੀ ਸੰਗਤ ਦਾ ਸੁਭਾਵ ਵਲ ਦਸਦੇ ਹਨ

ਮਾਨਸ ਜਨਮ ਧਾਰ ਸੰਗਤ ਸੁਭਾਵ ਗਤਿ
***ਗੁਰ ਤੇ ਗੁਰਮਤਿ ਦੁਰਮਤਿ ਬਿਬਿਧ ਬਿਧਾਨੀ ਹੈ।**

ਮਨੁਖਾ ਜਨਮ ਧਾਰਕੇ ਸੰਗਤ ਦਾ ਸੁਭਾਉ (ਗਤਿ) ਮਿਲਦਾ ਹੈ (ਗੁਰ ਮਤਿ) ਗੁਰਾਂ ਦੀ ਸਿਖਿਆ ਲੈਣ ਸੇ (ਬਿਬਿਧ) ਬਹੁਤ ਤਰਾਂ ਦੀ ਰੀਤੀ ਆਂਉਂਦੀ ਹੈ ਅਤੇ ਗੁਰਮੁਖ (ਬਿਧਾਨੀ) ਵਿਧੀਆਂ ਵਾਲਾ ਕਹਾਉਂਦਾ ਹੈ ਭਾਵ ਜਿਸਦੀ ਚੰਗੀ ਰੀਤੀ ਹੈ ਇਹ ਨਾਮ ਜਪਦਾ ਹੈ ਅਜੇਹਾ ਕਹਾਉਂਦਾ ਹੈ ਅਤੇ (ਦੁਰਮਤਿ) ਖੋਟੀ ਸਿਖਿਆ ਲੈਣੇ ਸੇ (ਬਿਬਿਧ ਬਿਧਾਨੀ) ਬਹੁਤ ਤਰਾਂ ਦੀ ਖੋਟੀ ਮਤ ਵਾਲਾ ਕਹਾਉਂਦਾ ਹੈ ਭਾਵ ਕੁਸੰਗਤ ਦੇ ਸੰਗ ਮਨਮੁਖ ਬੁਰਾ ਕਹਾਉਂਦਾ ਹੈ।

ਮੁਹਰਲੀਆਂ ਦੋਹਾਂ ਪੰਗਤੀਆਂ ਵਿਚ ਦੋਹਾਂ ਦਾ ਨਿਰਨਾ ਕਰਦੇ ਹਨ

ਸਾਧ ਸੰਗ ਪਦਵੀ ਭਗਤਿ ਔ ਬਿਬੇਕੀ ਜਨ
ਜੀਵਨ ਮੁਕਤਿ ਸਾਧੂ ਬ੍ਰਹਮ ਗਿਆਨੀ ਹੈ ।

ਸਾਧ ਸੰਗਤ ਕਰਕੇ ਅਜੇਹੀ ਪਦਵੀ ਉਚੀ ਮਿਲਦੀ ਹੈ ਕਿ ਭਗਤਿ ਤੇ (ਬਿਬੇਕੀ ਜਨ) ਵਿਚਾਰਵਾਨ ਜੀਉਂਦਾ ਹੀ ਮੁਕਤਿ ਸਾਧੂ ਤੇ ਬ੍ਰਹਮ ਗਿਆਨੀ ਕਹਾ

---

*"ਗੁਰਚੇਲੇ" ਇਹ ਬਿਨ ਅਵਰ ਦੂਖ ਧਨ ॥

ਉਨ੍ਹਾਂ ਤੋਂ ਭਾਵ ਸਾਧ ਸੰਗਤ ਕਰਕੇ ਗੁਰਮੁਖ ਉਚੇ ਬਣ ਜਾਂਦੇ ਹਨ ॥

ਅਧਮ ਅਸਾਧ ਸੰਗ ਚੋਰ ਜਾਰ ਔ ਜੂਆਰੀ

ਠਗ ਬਟਵਾਰਾ ਮਤਿਵਾਰਾ ਅਭਿਮਾਨੀ ਹੈ ।

(ਅਧਮ) ਪਾਪੀਆਂ ਸਾਧੂਆਂ ਦੀ ਖੋਟੀ ਸੰਗਤ ਕਰਕੇ ਅਜੇਹੀ ਨੀਵੀਂ ਪਦਵੀ ਮਿਲਦੀ ਹੈ ਚੋਰ ਯਾਰ ਅਤੇ ਜੂਆਰੀਆ ਠਗ ਤੇ (ਬਟਵਾਰਾ) ਰਾਹ ਮਾਰ (ਮਤਿਵਾਰਾ) ਸ਼ਰਾਬੀ ਤੇ (ਅਭਿਮਾਨੀ) ਹੰਕਾਰੀ ਕਹਾਉਂਦਾ ਹੈ ਭਾਵ ਖੋਟੀ ਸੰਗਤ ਕਰਕੇ ਅਜੇਹੀਆਂ ਪਦਵੀਆਂ ਮਿਲਦੀਆਂ ਹਨ ॥

ਆਪਨੇ ਆਪਨੇ ਰੰਗ ਸੰਗ ਸੁਖ ਮਾਨੈ ਬਿਸ

ਗੁਰਮਤਿ ਗਤਿ ਗੁਰਮੁਖਿ ਪਹਿਚਾਨੀ ਹੈ ॥ ੨੬੫

ਆਪਣੇ ੨ (ਬਿਸ) ਵਿਸ਼ਿਆਂ ਦੇ (ਰੰਗ) ਅਨੰਦ ਨਾਲ ਸਦਾ ਸੁਖ ਮੰਨਦੇ ਹਨ ਭਾਵ ਜੇਹਾ ਕਿਸੇ ਨੂੰ ਵਿਸ਼ਾ ਲਗਾ ਹੁੰਦਾ ਹੈ ਤੇਹਾ ਉਹ ਉਸੇ ਦੀ ਵਿਚ ਸੁਖ ਜਾਣਦਾ ਹੈ ਭਾਵੇਂ ਅੰਤ ਨੂੰ ਦੁਖ ਹੋਵੇ ਅਜੇਹਾ ਹੀ ਗੁਰਮੁਖਾਂ ਨੇ (ਗੁਰਮਤਿ) ਗੁਰਾਂ ਦੀ ਸਿਖਿਆ ਧਾਰਨ ਕਰਨੇ ਸੇ (ਗਤਿ) ਮੁਕਤੀ ਜਾਣੀ ਹੈ ਭਾਵ ਸੁਖ ਜਾਣਿਆਂ। ਜੀਕੁਰ ਵਿਸ਼ਈ ਵਿਸ਼ਿਆਂ ਵਲ ਲਗੇ ਹੋਏ ਨੇ ਤੀਕਰ ਹੀ ਗੁਰਮੁਖ ਨਾਮ ਵਲ ਲਗੇ ਹੋਏ ਹਨ ॥ ੨੬੫॥

ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਭਾਵੇਂ ਕਿਤਾ ਹੋਰਨਾ ਪੁਰਸ਼ਾਂ ਦੇਵੀ ਦੇਵਤਿਆਂ ਪਾਸ ਭਟਕੇ ਤਾਂ ਭੀ ਕੁਝ ਫਲ ਨਹੀਂ ਮਿਲਦਾ

ਜੈਸੇ ਤੌ ਅਸਟਧਾਤ ਡਾਰੀਅਤ ਨਾਉ ਬਿਖੈ

ਪਾਰਿ ਪਰੈ ਤਾਂਹਿ ਤਉ ਵਾਰ ਪਾਰ ਸੋਈ ਹੈ ।

ਜੇਹਾ ਕੁ ਅਠ ਧਾਤਾਂ (ਦੋਹਰਾ-ਚਾਂਦੀ ਪਿਤਲ, ਜਿਸਤ, ਪੁਨ ਲੋਹਾ ਜੋ ਜਾਨ। ਸਿਕਾ, ਤਾਂਬਾ, ਕਲਤ, ਪੁਨ ਅਸ਼ਟ ਧਾਤ ਇਹ ਮਾਨ) (ਨਾਉ) ਬੇੜੀ ਵਿਚ ਪਾਈਏ ਤਾਂ ਬੇੜੀ ਦੀ ਸੰਗਤ ਕਰਕੇ ਪਾਰ ਹੋਜਾਂਦੀਆਂ ਹਨ ॥

ਭਾਵ—ਕੰਦਰਾ ਪਹਾੜ ਆਦਕਾਂ ਤੋਂ ਸੋਨਾ ਚਾਂਦੀ ਆਦਕ ਆਂਦਾ ਜਾਂਦਾ ਹੈ ਪਰ ਅਗੋਂ ਦਰੀਆਉ ਤਦ ਹੀ ਲੰਘੇ ਜਾਂਦੇ ਹਨ ਜੇਕਰ ਬੇੜੀ ਵਿਚ ਪਾਈਏ ਤਾਂ ਜਦ ਉਹ ਧਾਤੂਆਂ ਪਾਰ ਹੋ ਜਾਂਦੀਆਂ ਹਨ ਤਾਂ ਤਿਸਨੂੰ (ਤਉ) ਫਿਰ (ਵਾਰ ਪਾਰ) ਉਰਲਾ ਬੰਨਾ ਤੇ ਪਰਲਾ ਬੰਨਾ ਇਕੋ ਜੇਹਾ ਹੁੰਦਾ ਹੈ ॥

ਭਾਵ—ਜੇਹੜਾ ਉਰਲੇ ਬੰਨਿਓਂ ਜਾਵੇ ਉਹ ਅਗਲੇ ਬੰਨੇ ਨੂੰ ਪਾਰ ਕਹਿੰਦਾ ਹੈ ਤੇ ਜੇਹੜਾ ਉਧਰੋਂ ਆਵੇ ਉਹ ਇਧਰ ਨੂੰ ਪਾਰ ਕਹਿੰਦਾ ਹੈ।

ਭਾਵ—ਨਦੀ ਦੀ ਸੰਗਤ ਕਰਕੇ ਧਾਤੂਆਂ ਪਾਰ ਹੋਈਆਂ ਹਨ ਪਰ

ਧਾਤੂਆਂ ਤੈਸੇ ਹੀ ਹਨ, ਅਜੇਹਾ ਗੁਰਾਂ ਵੱਲ ਜਾਣ ਲੈਣਾ ॥

ਸੋਈ ਧਾਤ ਅਗਨਿ ਮੈ ਹੋਤ ਹੈ ਅਗਨਿ ਰੂਪ
ਤਊ ਜੋਈ ਸੋਈ ਪੈ ਸੁ ਘਾਟ ਠਾਟ ਹੋਈ ਹੈ।

ਓਹ ਹੀ ਧਾਤੂਆਂ ਅੱਗ ਵਿਚ ਜਾਕੇ (ਭਾਵ ਜਦ ਸੁਨਿਆਰੇ ਨੇ ਤਪਾਈਆਂ ਤਾਂ) ਅਗ ਰੂਪ ਹੋਕੇ (ਘਾਟ) ਘੜਨ ਨਾਲ (ਠਾਟ) ਅਕੱਠ ਬਣਾਉ ਗਹਣਿਆਂ ਦਾ ਬਣਿਆ ਪਰ ਜੋ ਧਾਤਾਂ ਦਾ ਪਹਲੇ ਰੂਪ ਸੀ ਸੋਈਓ ਹੀ ਰੂਪ ਧਾਤੂਆਂ ਹੋ ਰਹੀਆਂ ॥ ਭਾਵ—ਭਾਵੇਂ ਅੱਗ ਵਿਚ ਪੈਕੇ ਧਾਤੂਆਂ ਦੇ ਗਹਿਣੇ ਘੜੇ ਗਏ ਪਰ ਧਾਤੂਆਂ ਨਾ ਬਦਲੀਆਂ ਜੋ ਕੁਝ ਧਾਤੂਆਂ ਦਾ ਪਹਲੇ ਨਾਮ ਸੀ ਸੋਈਓ ਹੀ ਰਹਿਆ ॥

ਸੋਈ ਧਾਤ ਪਾਰਸ ਪਰਸ ਪੁਨ ਕੰਚਨ ਹ੍ਵੈ
ਮੋਲ ਕੈ ਅਮੋਲਾ ਨੂਪ ਰੂਪ ਅਵਿਲੋਈ ਹੈ।

ਸੋਈ ਧਾਤੂਆਂ ਪਾਰਸ ਨੂੰ (ਪਰਸ) ਲਗਾਕੇ ਤੇ ਫਿਰ (ਕੰਚਨ) ਸੋਨਾ ਰੂਪ ਹੋ ਜਾਂਦੀ ਹੈ ਫਿਰ ਉਸ ਧਾਤੂ ਦਾ ਕੁਝ (ਮੋਲ ਕੇ) ਮੁਲ ਕਰੀਏ ਤਾਂ ਮੁਲ ਨਹੀਂ ਪਾਇਆ ਜਾਂਦਾ ਕਿਉਂਕਿ ਉਸਦਾ ਅਮੋਲਕ ਸੁੰਦਰ ਅਨੂਪ ਵੇਖ (ਅਵਲੋਈ) ਵੇਖੀ ਦਾ ਹੈ ॥ ਭਾਵ-ਪਿਛਲੋਂ ਮਿਤ੍ਰਾਂ ਆਦਕ ਅਗਨ ਦੀ ਸੰਗਤ ਨਾਲ ਵੀ ਨਾ ਬਦਲਿਆ ਪਰ ਪਾਰਸ ਨਾਲ ਛੋਹਕੇ ਸੋਨਾ ਰੂਪ ਹੋਇਆ

ਪਰਮ ਪਾਰਸ ਗੁਰ ਪਰਸ ਪਾਰਸ ਹੋਤ
ਸੰਗਤ ਹ੍ਵੈ ਸਾਧ ਸੰਗ ਸਤਿਸੰਗ ਪੱਈਹੈ ॥ ੧੬੯ ॥

ਅਜੇਹਾ ਹੀ (ਪਰਮ) ਵੱਡੇ ਪਾਰਸ ਰੂਪ ਗੁਰੂ ਨੂੰ ਪਰਸ ਕਰਕੇ ਭਾਵ ਚਰਨੀ ਹਥ ਲਾਕੇ ਪਾਰਸ ਗੁਰੂ ਰੂਪ ਹੋਜਾਈਦਾ ਹੈ ਪਰ ਜੇਕਰ ਸਾਧ ਸੰਗਤ ਦੀ ਸੰਗਤ ਹੋਵੇ ਤੇ ਸਤਿਸੰਗ ਨੂੰ (ਪੱਈ) ਪ੍ਰਾਪਤ ਕਿਆ ਮਿਲੇ ਤੇ ਤਾਂ ਐਸੀ ਪਦਵੀ ਮਿਲਦੀ ਹੈ ॥ ਭਾਵ—ਸੰਤਾਂ ਦੇ ਸੰਗ ਵਿਚ ਆਦਮੀ ਮਿਲਕੇ ਗੁਰੂ ਰੂਪ ਹੋਜਾਂਦਾ ਹੈ ਸੋ ਪਾਰਸ ਨਾਲੋਂ ਇਹ ਗੁਣਾਂ ਵਿਚ ਵਾਧਾ ਹੈ ॥ ੧੬੯ ॥

ਕੇਹੜੇ ਸਿਖ ਸਾਧ ਸੰਗਤ ਵਿਚ ਮਿਲਣੇ ਸਾਮਰਥ ਹੋਏ ਨੇ
ਓਨ੍ਹਾਂ ਦਾ ਪ੍ਰਸੰਗ ਮੂਹਰਲੇ ਕਬਿਤ ਵਿਚ ਦਸਦੇ ਹਨ

ਜੈਸੇ ਘਰ ਲਾਗੈ ਆਗ ਭਾਗ ਨਿਕਸਤ ਆਨ
ਪ੍ਰੀਤਮ ਪਰੋਸੀ ਧਾਇ ਜਰਤ ਬੁਝਾਵਹੀ।

ਜਿਹਾ ਕੁ ਘਰ ਨੂੰ ਅਗ ਲਗ ਜਾਵੇ ਤਾਂ (ਭਾਗ) ਦੌੜਕੇ (ਆਨ)

ਘਰ ਵਾਲੇ ਨਿਕਲ ਜਾਂਦੇ ਹਨ ਅਤੇ ਪਸਾਰੇ (ਪਰੋਸੀ) ਗਵਾਂਢੀ ਨਸਕੇ (ਜਤਨ) ਕਰਦੇ ਘਰ ਦੀ ਅਗ (ਬੁਝਾਵਈ), ਬੁਝਾਉਂਦੇ ਹਨ॥ ਭਾਵ-ਜਿਹਾਕੁ ਘਰ ਨੂੰ ਜਦ ਅੱਗ ਲਗ ਜਾਵੇ ਤਾਂ ਪਾਸ ਦੇ ਰਹਿਣ ਵਾਲੇ ਲੋਕੀ ਅਗ ਬੁਝਾ ਦੇਂਦੇ ਨੇ॥

ਗੋਧਨ ਹਰਤ ਜੈਸੇ ਕਰਤ ਪੁਕਾਰ ਗੋਪ

ਗਾਉਂ ਮੈ* ਗੁਹਾਰ ਲਾਗ ਤੁਰਤ ਛੁਡਾਵਈ ।

ਜੇਹਾ ਕੁ (ਗੋਧਨ) ਗਊਆਂ (ਹਰਤ) ਚੁਰਾਉਂਦਾ, ਚੋਰੀ ਕਰਦਾ ਵੇਖਕੇ ਚੋਰ ਨੂੰ ਤਾਂ (ਗੋਪ) ਗੁਆਲੇ, ਵਾਗੀ ਪੁਕਾਰ ਕਰਦੇ ਨੇ ਭਾਵ ਜਦ ਕੋਈ ਚੋਣੇ ਵਿਚੋਂ ਗਾਂ ਚੋਰੀ ਕਰਕੇ ਲੈ ਜਾਵੇ ਤਾਂ ਵਾਗੀ ਧਾੜਿਆ ੨ ਕਰਦਾ ਹੈ, ਜੇ ਓਹੋ ਹੀ (ਗੁਹਾਰ) ਅਵਾਜ਼ (ਗਾਉ) ਪਿੰਡ ਵਿਚ ਜਾ ਲਗੇ ਤਾਂ (ਤੁਰਤ) ਛੇਤੀ ਨਾਲ ਲੋਕੀ ਆਣਕੇ ਛੁਡਾ ਲੈਂਦੇ ਨੇ॥ ਭਾਵ-ਪਿੰਡ ਦੇ ਲੋਕੀ ਅਵਾਜ਼ ਸੁਣਕੇ ਚੋਰ ਪਾਸੋਂ ਗਊ ਛੁਡਾ ਲੈਂਦੇ ਨੇ॥

ਬੂਡਤ ਅਥਾਹ ਜੈਸੇ ਪ੍ਰਬਲ ਪ੍ਰਵਾਹ ਬਿਖੈ

ਪੇਖਤ ਪੈਰੂਆ ਵਾਰ ਪਾਰਲੈ ਲਗਾਵਈ ।

ਜੇਹਾਕੁ ਕੋਈ ਆਦਮੀ (ਅਥਾਹ) ਡੂੰਘੇ ਸਮੁੰਦ੍ਰ ਦੇ (ਪ੍ਰਬਲ) ਬਲ ਵਾਲੇ ਰੋੜ੍ਹ (ਪ੍ਰਵਾਹਿ) ਵਹਿਣ ਵਿਚ ਡੁਬਦਾ ਹੋਇਆ (ਪੇਖਤ) ਵੇਖਕੇ ਪੈਰੂਆ (ਪੈਰਾਕ) ਤਰਨਵਾਲਾ ਤਾਰੂ ਉਸਨੂੰ (ਵਾਰ) ਉਰਲੇ ਕੰਢਿਓਂ (ਪਾਰ ਲੈ) ਪਰਲੇ ਕੰਢੇ ਲਗਾ ਦੇਂਦਾ ਹੈ। ਭਾਵ ਜਿਹਾਕੁ ਕੋਈ ਆਦਮੀ ਡੁਬਦਾ ਹੋਵੇ ਤਾਂ ਉਸਨੂੰ ਤਾਰੂ ਵੇਖਕੇ ਪਾਰ ਯਾ ਉਰਾਰ ਕਰ ਦੇਂਦਾ ਹੈ।

ਤੈਸੇ ਅੰਤਕਾਲ ਜਮਜਾਲ ਕਾਲ ਬਯਾਲ ਗ੍ਰਸੇ

ਗੁਰ ਸਿਖ ਸਾਧ ਸੰਗ ਸੰਕਟ ਮਿਟਾਵਈ॥੪੬੭॥

ਤੇਹਾਕੁ ਹੀ (ਅੰਤਕਾਲ) ਓੜਕ ਮਰਨ ਦੇ ਵੇਲੇ ਜਮਦੂਤਾਂ ਦੇ ਜਾਲ ਵਿਚ ਫਸਿਆ ਹੋਇਆ ਅਤੇ (ਕਾਲ) ਮੌਤ ਰੂਪੀ (ਬਯਾਲ) ਸੱਪ ਨੇ (ਗ੍ਰਸੇ) ਗ੍ਰਸਿਆ ਕਿਆ ਫੜਿਆ ਹੋਇਆ (ਆਦਮੀ ਨੂੰ ਵੇਖਕੇ, ਗੁਰੂ ਕੇ ਸਿਖ ਸਾਧ

---

*ਗੁਹਾਰ ਦਾ ਅਰਥ ਕਈ ਸਿਆਣੇ ਬਹੁਤੇ ਆਦਮੀ ਕਰਦੇ ਹਨ ਪਰ ਏਹ ਨਹੀਂ ਭਾਈ ਸੰਤੋਖ ਸਿੰਘ ਜੀ ਨਾਨਕ ਪ੍ਰਕਾਸ਼ ਦੇ ਚੌਥੇ ਅਧਯਾ ਦੇ ੪ ਛੰਦ ਵਿਚ ਆਖਦੇ ਹਨ
(ਜਦ ਘਰ ਤ੍ਰਿਸਟ ਗੁਹਾਰ ਸੁਨਾਈ) ਦਰਵਾਜ਼ੇ ਉਪਰ (ਤ੍ਰਿਸ਼ਟ) ਖੜੇ ਹੋਕੇ (ਗੁਹਾਰ) ਅਵਾਜ਼ ਸੁਨਾਈ ਕਿਆ ਦਿਤੀ। ਕਾਲੂ ਨੇ ਆਪਣਾ ਨੌਕਰ ਸੰਤ੍ਰਸੀ ਨੂੰ ਸੱਦਣ ਭੇਜਿਆ ਸੀ ਜਦ ਦੇ ਪ੍ਰਸੰਗ ਵਿਚੋਂ ਪੰਜਾਬੀ ਦਸੀ ਹੈ।

ਸੰਗਤ ਵਾਲੇ ਸੰਤਾਂ ਦੇ ਸੰਗ ਵਿਚ ਨਿਆਰੇ (ਰਿਹਤ) ਜਨਮ ਮਰਨ ਦਾ ਦੁਖ ਉਸਦਾ ਮਿਟਾ ਦੇਂਦੇ ਹਨ। ਭਾਵ ਪਾਪੀਆਂ ਨੂੰ ਜਮਦੂਤਾਂ ਪਾਸੋਂ ਸਿਖ ਛੁੜਾ ਲੈਂਦੇ ਹਨ॥ ੧੬੭ ॥

ਅਜੇਹੇ ਗੁਰਮੁਖ ਐਸੇ ਸੰਨਿਆਸੀ ਬਣੇ ਹਨ ਜੇਹਾਕੁ ਮੁਹਰਲੇ
ਕਬਿਤ ਵਿਚ ਆਖਦੇ ਹਨ

ਨਿਹਕਾਮ ਨਿਹਕ੍ਰੋਧ ਨਿਰਲੋਭ ਨਿਰਮੋਹ
ਨਿਹਮੇਵ ਨਿਹਟੇਵ ਨਿਰਦੋਖ ਵਾਸੀ ਹੈ।

ਕਾਮਨਾ ਇਛਾ ਕ੍ਰੋਧ ਲੋਭ ਮੋਹ ਅਤੇ ਹੰਕਾਰ (ਨਿਹਟੇਵ) ਬੁਰੀ ਆਦਤ ਤੋਂ ਬਿਨਾਂ ਨਿਰਦੋਸ਼ ਆਤਮਾ ਵਾਹਿਗੁਰੂ ਵਿਚ ਨਿਵਾਸ ਕਰਨ ਵਾਲੇ ਹਨ ਦੂਖਾਂ ਤੋਂ ਬਿਨਾਂ ਹਨ। ਭਾਵ ਸਤਿਗੁਰੂ ਕੇ ਸਿਖ ਸੰਨਿਆਸੀ ਕਾਮ ਕ੍ਰੋਧਾਦਕਾਂ ਤੋਂ ਬਿਨਾਂ ਹਨ।

ਨੋਟ—ਇਹ ਕਬਿਤ ਬਹੁ ਵਾਚਕ ਭੀ ਅਰ ਏਕ ਵਚਨ ਕੇ ਵੀ ਲਗ ਸਕਦਾ ਹੈ ਇਕ ਤਕਾਰ ਅੰਤ ਦੇ ਨੂੰ ਇਜੇਹਾ 'ਹੈਂ'। 'ਹੈ' ਪੜ੍ਹਨ ਨਾਲ॥

ਨਿਰਲੇਪ ਨਿਰਬਾਨ ਨਿਰਮਲ ਨਿਰਵੈਰ
ਨਿਰਵਿਘਨਾਇ ਨਿਰਾਲੰਭ ਅਵਿਨਾਸੀ ਹੈ।

ਮਾਇਆ ਸੰਸਾਰ ਦੇ (ਲੇਪ) ਦਬਾ ਲਿੰਬਣ ਤੋਂ ਬਿਨਾਂ (ਨਿਰਬਾਨ) ਅਡੋਲ ਬਿਰਤੀ ਉੱਜਲ ਮਨ ਵਾਲੇ ਤੇ ਬਿਨਾਂ ਵੈਰ ਤੋਂ ਹਨ।

ਰਾਮਕਲੀ ਦਖਣੀ ਓਅੰਕਾਰ ਮਹਲਾ ੧ ॥

ਗੁਰਮੁਖਿ ਵੈਰ ਵਿਰੋਧ ਗਵਾਵੈ। ਗੁਰਮੁਖਿ ਸਗਲੀ ਗਣਤ ਮਿਟਾਵੈ। ਵਿਘਨਾਂ ਤੋਂ ਰਹਿਤ (ਨਿਰਾਲੰਭ) ਬਿਨਾਂ ਵਾਹਿਗੁਰੂ ਦੇ ਹੋਰ ਕਿਸੇ ਨੂੰ ਆਪਣਾ ਆਸਰਾ ਨਹੀਂ ਸਮਝਦੇ ਤੇ ਮਰਨ ਤੋਂ ਰਹਿਤ ਵਾਹਿਗੁਰੂ ਦਾ ਰੂਪ ਹਨ। ਭਾਵ ਅਜੇਹਨਾਂ ਲੱਛਣਾਂ ਵਾਲੇ ਗੁਰਮੁਖ ਹਨ।

ਨਿਰਾਹਾਰ ਨਿਰਾਧਾਰ ਨਿਰੰਕਾਰ ਨ੍ਰਿਵਿਕਾਰ
ਨਿਹਚਲ ਨਿਹਭ੍ਰਾਂਤਿ ਨਿਰਭੈ ਨਿਰਾਸੀ ਹੈ।

ਅੰਨ ਦੇ ਆਸਰੇ ਤੇ (ਅਧਾਰ ਵੀ ਅੰਨ ਦੇ ਅਧਾਰ ਨਾਲ ਜੀਵੀਦਾ ਹੈ ਸੋ ਭਾਵ) ਪਦਾਰਥਾਂ ਦੀ ਇਛਾ ਤੋਂ ਬਿਨਾਂ ਤੇ ਹੋਰਨਾਂ ਅਨਮਤੀਆਂ ਅਵਤਾਰਾਂ ਦੀ ਓਟ ਤੋਂ ਬਿਨਾਂ ਵਾਹਿਗੁਰੂ ਦਾ ਰੂਪ ਵਿਕਾਰਾਂ ਤੋਂ ਬਿਨਾਂ ਹਨ ਅਡੋਲ ਭਰਮ ਤੋਂ ਬਿਨਾਂ ਜਮ ਆਦਿਕ ਦੇ ਡਰ ਤੋਂ ਬਿਨਾਂ ਤੇ ਨਿਰਾਸੀ ਜਗਤ ਵਿਚੋਂ ਉਦਾਸ ਰਹਿਣ ਵਾਲੇ ਹਨ। ਭਾਵ ਜਗਤ ਨੂੰ ਨਾਸਵੰਤ ਸਮਝਦੇ ਹਨ

ਅਤੇ ਗ੍ਰਿਹਸਥ ਵਿਚ ਹੀ ਰਹਿਕੇ ਉਦਾਸੀ ਬਣੇ ਰਹਿੰਦੇ ਹਨ।

ਨਿਹਕ੍ਰਮ ਨਿਹਭ੍ਰਮ ਨਿਹਸ੍ਰਮ ਨਿਹਸ੍ਵਾਦ
ਨਿਰਬ੍ਵਿਾਦ ਨਿਰੰਜਨ ਸੁੰਨ ਮੈ ਸੰਨਿਆਸੀ ਹੈ ॥੧੬੯॥

ਜਗਤ ਦੇ ਕਰਮਾਂ ਭਰਮਾਂ ਤੋਂ ਰਹਿਤ ਤੇ (ਨਿਹਸ੍ਰਮ) ਸੁਖ ਸੇ ਰਹਿਤ ਭਾਵ ਸੁਖੀ ਬੈਠੇ ਰਹਿਣੇ ਵਾਲੇ ਨਹੀਂ ਪਰੀਸ੍ਰਮ ਕਰਨੇ ਵਾਲੇ ਹੈਂ ਕਠਨ ਅਭ੍ਯਾਸੀ ਜਪ ਤਪ ਨਾਮ ਜਪਣੇ ਅਤੇ ਲੋਕ ਲਾਜ ਦੇ ਤ੍ਯਾਗੀ (ਕੋਈ ਬੁਰਾ ਕਹਉ ਭਾਵੇਂ ਭਲਾ ਕਹਉ ਹਮ ਤਨ ਦੀਓ ਹੈ ਢਾਰ) ਨੇ ਪਦਾਰਥਾਂ ਦੇ ਸ੍ਵਾਦ ਤੋਂ ਰਹਿਤ ਤੇ ਝਗੜਿਆਂ ਤੋਂ ਰਹਿਤ ਮਾਯਾ ਰਹਿਤ ਵਾਹਿਗੁਰੂ ਦਾ ਰੂਪ (ਸੁੰਨ) ਅਫੁਰ ਵਾਹਿਗੁਰੂ ਵਿਚ ਧ੍ਯਾਨ ਲਾਉਣ ਵਾਲੇ ਹਨ ਅਜੇਹੇ ਗੁਰੂ ਕੇ ਸਿਖ ਸੰਨ੍ਯਾਸੀ ਹੋਏ ਹਨ ॥ ੧੬੯ ॥

ਅਜੇਹੇ ਗੁਰੂ ਕੇ ਸਿਖਾਂ ਸੰਨਿਆਸੀਆਂ ਦਾ ਅਗੋਂ ਸੰਗਤ ਨੂੰ
ਨਿਹਾਲ ਕਰਨਾ ਤੇ ਭਕਤੇ ਭਰੋਸੇ ਵਾਲੇ ਹੋਣਾ

ਗੁਰਮੁਖਿ ਸਬਦ ਸੁਰਤਿ ਲਿਵ ਸਾਧਸੰਗ
ਪਰਮਦ ਭੂਤ ਪ੍ਰੇਮ ਪੂਰਨ ਪ੍ਰਗਾਸੇ ਹੈ।

ਗੁਰਮੁਖਾਂ ਦੀ ਸਾਧ ਸੰਗਤ ਵਿਚ ਹੋਰ ਸਿਖ ਆਕੇ ਗੁਰਮੁਖਾਂ ਦੇ ਉਪਦੇਸ਼ ਨੂੰ (ਸੁਰਤਿ) ਸਮਾਧ ਵਾ ਪ੍ਰੀਤੀ ਕਰਕੇ ਸੁਣਦੇ ਹਨ ਤੇ ਫਿਰ (ਲਿਵ) ਤਾਰ ਬ੍ਰਿਤੀ ਲਗਾਉਂਦੇ ਹਨ। ਭਾਵ ਗੁਰਮੁਖਾਂ ਦਾ ਉਪਦੇਸ਼ ਪ੍ਰੀਤੀ ਕਰਕੇ ਸੁਣਦੇ ਹਨ ਅਤੇ (ਪਰਮਦ ਭੂਤ) ਬੜਾ ਅਸਚਰਜ ਪੂਰਨ ਪ੍ਰੇਮ (ਪ੍ਰਗਾਸੇ) ਪ੍ਰਕਾਸ਼ ਕਿਆ ਪ੍ਰਗਟ ਕਰਦੇ ਹਨ। ਭਾਵ ਪ੍ਰੇਮ ਨਾਲ ਬੜੀ ਸੇਵਾ ਕਰਦੇ ਹਨ।

ਪ੍ਰੇਮ ਰੰਗ ਮੈ ਅਨੇਕ ਰੰਗ ਜ੍ਯੋਂ ਤਰੰਗ ਗੰਗ
ਪ੍ਰੇਮ ਰਸ ਮੈ ਅਨੇਕ ਰਸ ਹ੍ਵੈ ਬਿਲਾਸੇ ਹੈ।

ਪ੍ਰੇਮ ਵਿਚ ਆਕੇ (ਰੰਗ) ਅਨੰਦ ਗੂੜ੍ਹੇ ਨਾਮ ਨਾਲ ਲੱਗਕੇ ਗੁਰਮੁਖ ਅਨੇਕਾਂ ਹੀ ਅਨੰਦ ਤਮਾਸ਼ੇ ਕਰਦੇ ਹਨ ਜੈਸਾਕੁ ਗੰਗਾ ਨਦੀ ਦੇ (ਤਰੰਗ) ਹੁਲੱਲੇ ਉਛਲਦੇ ਹਨ ਭਾਵ ਲਹਿਰਾਂ ਆਉਂਦੀਆਂ ਹਨ ਤੈਸਾਕੁ ਹੀ ਗੁਰਮੁਖ (ਪ੍ਰੇਮ ਰਸ) ਅਨੰਦ ਸ੍ਵਾਦ ਨਾਮ ਦੇ ਵਿਚ ਆਕੇ ਅਨੇਕਾਂ (ਰਸ) ਸ੍ਵਾਦ ਲੈਂਦੇ ਹਨ ਅਤੇ ਹੋਰੋ (ਬਿਲਾਸੇ) ਬਿਲਾਸ ਬਚਨ ਭੂਤ ਭਵਿੱਖਤ ਵਰਤਮਾਨ ਦੇ ਕਰਦੇ ਹਨ ਭਾਵ ਜਿਹੜਾ ਸਿਖ ਜੋ ਗੁਰ ਸਿਖਾਂ ਦੀ ਸਾਧ ਸੰਗਤ ਵਿਚ ਆਏ ਸੀ ਓਹ ਵਾਹਿਗੁਰੂ ਦੇ ਨਾਮ ਦਾ ਅਨੰਦ ਲੈਂਦੇ ਹਨ।

ਪ੍ਰੇਮ ਗੰਧ ਸੰਧ ਮੈ ਸੁਗੰਧ ਸਨਬੰਧ ਕੋਟ
ਪ੍ਰੇਮ ਸੁਰਤਿ ਅਨਿਕ ਅਨਾਹਦ ਉਲਾਸੇ ਹੈ।

ਪ੍ਰੇਮ ਰੂਪੀ (ਗੰਧਿ) ਸੁਗੰਧੀ ਭਗਤੀ ਦੇ (ਸੰਧਿ) ਮੇਲ ਵਿਚ ਕ੍ਰੋੜਾਂ ਹੀ (ਸੁਗੰਧ) ਵਾਸ਼ਨਾ ਦਾ (ਸਨਬੰਧ) ਮਿਲਾਪ ਹੈ ਭਾਵ ਪ੍ਰੇਮਾਭਗਤੀ ਦੇ ਅਨੰਦ ਅਗੇ ਕ੍ਰੋੜਾਂ ਹੀ ਵਿਸ਼ਿਆਂ ਤੇ ਵਾਸ਼ਨਾ ਫੁਲਾਂ ਦੀਆਂ ਦੇ ਅਨੰਦ ਨਹੀਂ ਸਮਝਦੇ ਪ੍ਰੇਮ ਦੀ (ਸੁਰਤਿ) ਗਜਾਤ ਵਿਚ ਅਨੇਕਾਂ ਹੀ (ਅਨਾਹਦ) ਇਕ ਰਸ ਅਨੰਦ (ਉਲਾਸੇ) ਖੁਸ਼ੀ ਉਛਲਕੇ ਮਿਲਦੇ ਭਾਵ ਵਾਹਿਗੁਰੂ ਦਾ ਅਨੰਦ ਸਭ ਨਾਲੋਂ ਬਹੁਤ ਸੁਖਦਾਈ ਹੈ॥

ਪ੍ਰੇਮ ਆਸਪਰਸ ਕੋਮਲਤਾ ਸੀਤਲਤਾ ਹੈ
ਅਨਿਕ ਕਥਾ ਬਿਨੋਦ ਬਿਸਮ ਬਿਸ੍ਵਾਸੇਹੈ॥੧੬੯॥

ਪ੍ਰੇਮ ਉਨਹਾਂ ਗੁਰਮੁਖਾਂ ਦਾ (ਆਸ ਪਰਸ) ਅਛੋਹ ਹੈ ਭਾਵ ਉਹਨਾਂ ਗੁਰ ਮੁਖਾਂ ਦੇ ਪ੍ਰੇਮ ਨਾਲ ਕੋਈ ਨਹੀ ਪਹੁੰਚ ਸਕਦਾ ਅਤੇ ਕੋਮਲਤਾਈ ਬਚਨਾਂ ਦੀ ਸੀਤਲਤਾਈ ਬਾਣੀ ਦੀ ਹਿਰਦੇ ਦੀ ਕਰਕੇ ਤੇ ਅਨੇਕਾਂ ਹੀ ਕਥਾਂਦੇ (ਬਿਨੋਦ) ਤਮਾਸ਼ੇ ਅਤੇ (ਬਿਸਮ) ਅਸਚਰਜ (ਬਿਸ੍ਵਾਸੇ) ਭਰੋਸੇ ਨੇ॥

ਭਾਵ ਇਹ ਜਿਤਨੇ ਗੁਣ ਉਹਨਾਂ ਗੁਰਮੁਖਾਂ ਨੂੰ ਮਿਲੇ ਹਨ ਸਭ ਸਾਧ ਸੰਗਤ ਦੀ ਕਿਰਪਾ ਹੈ ਅਤੇ ਇਨਹਾਂ ਗੁਣਾਂ ਦੀ ਬਰਾਬਰੀ ਕੋਈ ਨਹੀ ਕਰ ਸਕ ਦਾ ਅਤੇ ਨਾ ਹੀ ਇਸ ਅਨੰਦ ਨੂੰ ਕੋਈ ਪਹੁੰਚ ਸਕਦਾ ਹੈ॥ ੧੬੯॥

ਜੇਹੜਾ ਗੁਰਮੁਖਾਂ ਨੂੰ ਅਨੰਦ ਪ੍ਰਾਪਤ ਹੋਇਆ ਹੈ ਉਸਦੀ ਬਰਾਬਰੀ
ਕੋਈ ਨਹੀਂ ਕਰ ਸਕਦਾ ਤਿਸਪਰ

ਪ੍ਰੇਮ ਰੰਗ ਸਮਸਰਿ ਪੂਜਸ ਨ ਕੋਊ ਰੰਗ
ਪ੍ਰੇਮ ਰਸ ਪੂਜਸ ਨ ਅਨਰਸ ਸਮਾਨ ਕੈ।

ਪ੍ਰੇਮ ਕੇ (ਰੰਗ) ਗੂੜੇ ਰੰਗ ਨਾਮ ਦੇ ਅਨੰਦ ਦੇ (ਸਮਸਰਿ) ਬਰਾਬਰ (ਜਿਹੜਾ ਕਿ ਗੁਰ ਸਿਖਾਂ ਨੂੰ ਆਯਾ ਹੈ) ਕੋਈ ਵਿਸ਼ਿਆਂ ਦਾ (ਰੰਗ) ਅਨੰਦ ਨਹੀਂ (ਪੂਜਸ) ਪਹੁੰਚ ਸਕਦਾ ਅਤੇ ਜੋ ਵਾਹਿਗੁਰੂ ਦੇ ਪ੍ਰੇਮ ਦਾ (ਰਸ) ਸ੍ਵਾਦ ਗੁਰਮੁਖਾਂ ਨੂੰ ਆਯਾ ਹੈ ਉਸ ਸਵਾਦ ਦੀ (ਸਮਾਨਿ ਕੈ) ਬਰਾਬਰੀ ਕਰਕੇ (ਅਨਰਸ) ਹੋਰ ਜਗਤ ਦੇ ਪਦਾਰਥਾਂ ਦੇ ਸਵਾਦ ਨਹੀ ਪਹੁੰਚਸਕਦੇ ਭਾਵ ਜੋ ਵਾਹਿਗੁਰੂ ਦੇ ਨਾਮ ਜਪਣ ਦਾ ਗੂੜਾ ਰੰਗ ਗੁਰਮੁਖਾਂ ਨੂੰ ਚੜ੍ਹਿਆ ਹੈ ਉਸ ਰੰਗ ਦੀ ਬਰਾਬਰੀ ਕੋਈ ਰੰਗ ਨਹੀ ਕਰਦਾ ਅਤੇ ਜੋ ਨਾਮ ਦਾ ਅਨੰਦ ਆਯਾ ਹੈ ਉਸਦੀ ਬਰਾਬਰੀ ਕੋਈ ਵਿਸ਼ਿਆਂ ਦਾ ਅਨੰਦ ਨਹੀ ਕਰ ਸਕਦਾ ਹੈ।

ਪ੍ਰੇਮ ਗੰਧ ਪੁਜਸਿ ਨ ਆਨ ਕੋਊ ਐਸੇ ਸੁਗੰਧ
ਪ੍ਰੇਮ ਪ੍ਰਭਤਾ ਪੁਜਸਿ ਪ੍ਰਭਤਾ ਨ ਆਨ ਕੈ ।

ਪ੍ਰੇਮ (ਗੰਧਿ) ਭਗਤੀ ਦੇ ਬਰਾਬਰ (ਆਨ) ਹੋਰ ਕੋਈ (ਸੁਗੰਧ) ਫੁਲਾਂ ਦੀ ਵਾਸਨਾ ਨਹੀ ਪੁਜ ਸਕਦੀ ਅਤੇ ਪ੍ਰੇਮ ਦੀ (ਪ੍ਰਭਤਾ) ਵਡਿਆਈ ਦੇ ਬਰਾਬਰ ਹੋਰ ਕੋਈ ਵਡਿਆਈ ਨਹੀ ਪੁਜ ਸਕਦੀ ॥

ਪ੍ਰੇਮ ਤੋਲ ਤੁਲਿ ਨ ਪੁਜਸਿ ਤੋਲ ਤੁਲਾਧਾਰ
ਪ੍ਰੇਮ ਮੋਲ ਪੁਜਸ ਨ ਸਰਬ ਨਿਧਾਨ ਕੈ ।

ਪ੍ਰੇਮ ਦੇ (ਤੋਲ) ਵਿਚਾਰ ਦੇ (ਤੁਲ) ਬਰਾਬਰ (ਤੁਲਾਧਾਰ) ਤਕੜੀ ਭਾਵ ਬੁਧੀ ਦਾ (ਤੋਲ) ਵਿਚਾਰ ਨਹੀ ਪਹੁੰਚ ਸਕਦਾ ਭਾਵ ਵਾਹਿਗੁਰੂ ਦੇ ਪ੍ਰੇਮ ਨੂੰ ਅਕਲ ਨਾਲ ਨਹੀਂ ਪਾ ਸਕੀਦਾ ॥

ਭੋਲੈ ਭਾਇ ਮਿਲੈ ਰਘੁਰਾਇਆ ।

ਭਾਵ ਬਹੁਤੀਆਂ ਸਿਆਣੀਆਂ ਗਲਾਂ ਨਾਲ ਵਾਹਿਗੁਰੂ ਨੂੰ ਨਹੀਂ ਪਾ ਸਕੀਦਾ ਅਤੇ ਪ੍ਰੇਮ ਦੇ ਮੁਲ ਬਰਾਬਰ ਸਾਰੇ (ਨਿਧਾਨ) ਖਜਾਨੇ ਨਹੀ ਹੋ ਸਕਦੇ ਭਾਵ ਜੇਕਰ ਪ੍ਰੇਮ ਦਾ ਮੁਲ ਪਾਈਏ ਤਾਂ ਮੁਲ ਭੀ ਨਹੀ ਪੈ ਸਕਦਾ ॥

ਏਕ ਬੋਲ ਪ੍ਰੇਮ ਕੈ ਪੁਜਸਿ ਨਹੀਂ ਬੋਲ ਕੋਊ
ਗ੍ਯਾਨ ਉਨਮਾਨ ਅਸਥਕਤ ਕੋਟਾਨ ਕੈ ॥੧੭੦॥

ਪ੍ਰੇਮ ਨਾਲ ਜੋ ਇਕ ਬਚਨ ਕਰਨਾ ਹੈ ਉਸ ਨਾਲ ਹੋਰ ਕੋਈ ਬਚਨ ਨਹੀ ਪਹੁੰਚ ਸਕਦਾ ਭਾਵ ਜਿਸ ਨਾਲ ਪ੍ਰੇਮ ਨਾਲ ਗਲ ਕਰੀਏ ਉਸਦਾ ਮਨ ਮੋਹਤ ਹੋ ਜਾਂਦਾ ਹੈ ਅਤੇ ਜਿਸ ਨਾਲ ਕੌੜਾ ਬਚਨ ਕਰੀਏ ਓਹ ਆਪ ਨੂੰ ਬੁਰਾ ਆਖਦਾ ਹੈ ਅਤੇ ਨਾਲੇ ਓਹਦਾ ਮਨ ਨਿਰਾਸ ਹੋ ਜਾਂਦਾ ਹੈ ਇਸ ਲਈ ਪ੍ਰੇਮ ਦੇ ਬਚਨ ਨਾਲ ਕੋਈ ਬਚਨ ਨਹੀਂ ਪਹੁੰਚ ਸਕਦਾ ਸੋ ਆਖਦੇ ਹਨ ਕਿ ਸ਼ਾਸਤ੍ਰ ਵੇਦਾਂ ਪੁਰਾਨਾਂ ਦੇ ਗਯਾਨ ਕ੍ਰੋੜਾਂ ਦੀ (ਉਨਮਾਨ) ਵਿਚਾਰ ਕਰਕੇ (ਅਸ) ਅਜੇਹਾ (ਥਕਤ) ਥਕ ਜਾਂਦੇ ਹਨ ਭਾਵ ਪ੍ਰੇਮ ਦੇ ਬਚਨ ਨਾਲ ਵੇਦ ਪੁਰਾਨਾਦਿਕ ਦਾ ਬਚਨ ਭੀ ਨਹੀਂ ਪਹੁੰਚ ਸਕਦਾ ॥੧੭੦॥

ਜੀਕਰ ਭੌਰਾ ਫੁਲਾਂ ਦੀ ਵਾਸ਼ਨਾ ਵਿਚ ਪ੍ਰੀਤੀ ਕਰਦਾ ਹੈ ਤੀਕਰ ਹੀ ਸਿਖ ਗੁਰਾਂ ਦੇ ਚਰਨਾਂ ਕਵਲਾਂ ਦੀ ਧੂੜੀ ਵਿਚ ਪ੍ਰੀਤੀ ਕਰਦੇ ਹਨ ਅਤੇ ਜਸ ਦੇ ਰਹਿੰਦੇ ਹਨ।

ਪੂਰਨ ਬ੍ਰਹਮ ਗੁਰ ਚਰਨ ਕਮਲ (ਜੰਸ) ਰਜ

ਆਨਦ ਸਹਜ ਸੁਖ ਬਿਸਮ ਕੋਟਾਨਿ ਹੈ।

ਵਾਹਿਗੁਰੂ ਸ੍ਵਾ ਰੂਪ ਗੁਰੂ ਜਿਨਾਂ ਦੇ ਚਰਨਾਂ ਕਮਲਾਂ ਦੀ (ਤਜ) ਧੂੜੀ ਵਿਚ ਬਹੁਤ ਹੀ ਅਨੰਦ ਹੁੰਦਾ ਹੈ ਸੋ ਹੋਰ ਅਨੰਦ ਤੇ (ਸਹਿਜ ਸੁਖ) ਅਡੋਲ ਰਹਿਣ ਵਾਲੇ ਸੁਖ (ਬਿਸਮ) ਹੈਰਾਨ ਕਰੋੜਾਂ ਹੀ ਹੋ ਜਾਂਦੇ ਨੇ॥

ਭਾਵ—ਜਿਨਾਂ ਕੁ ਸੁਖ ਗੁਰੂ ਕੇ ਚਰਨਾਂ ਕਮਲਾਂ ਵਿਚ ਹੈ ਇਨਾਂ ਕੁ ਹੋਰ ਕਿਸੇ ਜਗ੍ਹਾ ਨਹੀਂ ਇਸੇ ਲਈ ਸਿਖ ਭੌਰੇ ਸਮਾਏ ਰਹਿੰਦੇ ਨੇ॥

ਨੋਟ-ਰਜ ਦੀ ਜਗ੍ਹਾ ਤਜ ਪਦ ਭੀ ਹੁੰਦਾ ਹੈ ਸੋ ਪ੍ਰਸੰਗ ਅਨੁਸਾਰ ਸਮ ਸੰਬੰਧ ਨਹੀਂ ਖਾਂਦਾ ਇਓਂ ਕਿਹਾ ਜਾਂਦਾ ਹੈ ਕਿ ਜਮ ਚਰਨਾਂ ਦਾ ਸਿਖ ਕਰਦੇ ਨੇ ਪਰ ਚਰਨਾਂ ਕਮਲਾਂ ਨਾਲ ਭੌਰੇ ਧੂੜੀ ਜਰੂਰ ਹੋਵੇਗੀ।

ਕੋਟਨ ਕੋਟਾਨ ਸੋਭ ਲੋਭ ਕੈ ਲੁਭਤ ਹੋਇ ਕੋਟਨ ਕੋਟਾਨ ਛਬਿ ਛਬਿਕੈ ਲੁਭਾਨ ਹੈ।

ਕ੍ਰੋੜਾਨ ਕ੍ਰੋੜਾਂ ਹੀ ਸੋਭਾ (ਗੁਰਾਂ ਦੇ ਚਰਨਾਂ ਕਮਲਾਂ ਦੇ ਉਤੋਂ ਦੀ) (ਲੋਭ) ਲਾਲਚ ਵਾਲੀਆਂ ਕਿਆ ਦਰਸ਼ਨ ਦੀ ਇਛਾ ਵਾਲੀਆਂ ਹੋਕੇ ਲੁਭਾਇਮਾਨ ਹੋ ਰਹੀਆਂ ਹਨ ਅਤੇ ਕ੍ਰੋੜਾਨ ਕ੍ਰੋੜਾਂ ਹੀ (ਛਬਿ) ਉਪਮਾ ਸਜਾਵਟਾਂ (ਲੁਭਾਨ) ਲੁਭਾਇਮਾਨ ਹੋ ਰਹੀਆਂ ਹਨ॥

ਭਾਵ ਜੋ ਸੋਭਾ ਤੇ ਸਜਾਵਟਾਂ ਮੰਦਰਾਂ ਦੀਆਂ ਹੁੰਦੀਆਂ ਹਨ ਸੋ ਵੀ ਗੁਰਾਂ ਦੇ ਚਰਨਾਂ ਉਪਰ ਮੋਹਤ ਹੋ ਜਾਂਦੀਆਂ ਹਨ॥

ਕੋਮਲਤਾ ਕੋਟ ਲੋਟ ਪੋਟ ਹ੍ਵੈ ਕੋਮਲਤਾ ਕੈ *ਸੀਤਲਤਾ ਕੋਟ ਓਟ ਚਾਹਤ ਹਿਰਾਨ ਹੈ।

ਫੂਲਾਂ ਦੀਆਂ ਕੋਮਲਤਾਈਆਂ ਕ੍ਰੋੜਾਂ ਹੀ (ਲੋਟ ਪੋਟ) ਭਵਾਟਣੀਆਂ ਖਾਕੇ (ਗੁਰਾਂ ਦੇ ਚਰਨਾਂ ਦੀ ਕੋਮਲਤਾਈ ਤੋਂ) ਜਾ ਪੈਂਦੀਆਂ ਹਨ॥

ਭਾਵ—ਫੁਲ ਵੀ ਗੁਰਾਂ ਦੇ ਚਰਨਾਂ ਜਿਡਾ ਨਰਮ ਨਹੀਂ ਹੈ ਅਤੇ ਸੀਤਲ ਤਾਈਆਂ ਕ੍ਰੋੜਾਂ ਹੀ (ਓਟ) ਆਸਰਾ ਗੁਰਾਂ ਦੇ ਚਰਨਾਂ ਦਾ (ਹਿਰਾਨ) ਹੈਰਾਨ ਹੋਕੇ ਚਾਹੁੰਦੀਆਂ ਨੇ॥ ਭਾਵ—ਸੀਤਲ ਤਾਈਆਂ ਵੀ ਗੁਰਾਂ ਦੇ ਚਰਨਾਂ ਦੀ ਸੀਤਲਤਾਈ ਵੇਖਕੇ ਡਿਗ ਪੈਂਦੀਆਂ ਹਨ ਤੇ ਗੁਰਾਂ ਦੇ ਚਰਨਾਂ ਦੀ ਓਟ ਨਾਲ ਖੜੋਂਦੀਆਂ ਨੇ ਸੋ ਦੂਜਾ ਭਾਵ ਕਿ ਸੀਤਲ ਗੁਰਾਂ ਦੇ ਚਰਨ ਬਹੁਤ ਨੇ।

ਅੰਮ੍ਰਿਤ ਕੋਟਾਨਿ ਅਨਹਦ ਗਦ ਗਦ ਹੋਤ

---

*ਚਰਨਾਂ ਦੀ ਇਹੋ ਜਿਹੀ ਸੁੰਦਰ ਉਪਮਾ ਵੇਖਣੀ ਹੋਵੇ ਤਾਂ ਨਾਨਕ ਪ੍ਰਕਾਸ਼ ਦਾ ਪਹਿਲਾ ਅਧਿਆ ਵੇਖੋ॥

ਮਨ ਮਧਕਰ ਤਿਹ ਸੰਪਟ ਸਮਾਨ ਹੈ ॥ ੭੭੧ ॥

ਅੰਮ੍ਰਿਤ ਕੋੜਾਂ ਹੀ (ਅਨਹਦ) ਇਕ ਰਸ (ਗਦ ਗਦ) ਬਹੁਤ ਹੀ ਖੁਸ਼ੀ ਆਂਦੇ ਹਨ ਗੁਰਾਂ ਦੇ ਚਰਨਾਂ ਤੋਂ ਭਾਵ ਕਿ ਅਜੇਹੀ ਮਿਠਆਈ ਸਾਰੇ ਵਿਚ ਵੀ ਨਹੀਂ ਜੇਹੀ ਕਿ ਗੁਰਾਂ ਦੇ ਚਰਨਾਂ ਮੇਂ ਹੈ। ਸੋ ਅਜੇਹੇ ਗੁਰਾਂ ਦੇ ਚਰਨਾਂ ਕਮਲਾਂ ਉਪਰ ਸਿਖ ਅਪਣਾ ਮਨ (ਮਧੁਕਰ) ਭੌਰੇ ਵਾਕਰ ਕਰਦੇ ਹਨ॥ ਭਾਵ- ਜੇਹਾ ਕੁ ਭੌਰਾ ਫੁਲਾਂ ਦੀ ਓਟ ਲੈਂਦਾ ਹੈ ਤਾਂ (ਸੰਪਟ) ਡਬੇ ਵਾਂਗੂੰ ਉਸਨੂੰ ਜਲ ਲੈਂਦਾ ਹੈ ਅਤੇ ਦੁਖ ਨਹੀਂ ਹੋਣ ਦੇਂਦਾ ਤੇਹਾ ਕੁ ਗੁਰਾਂ ਦੇ ਚਰਨ ਡਬੇ (ਸਮਾਨ) ਵਾਕਰ ਸਿਖਾਂ ਦੀ ਸਹਾਇਤਾ ਕਰਦੇ ਨੇ ਅਤੇ ਇਸੇ ਲਈ ਸਿਖਾਂ ਦਾ ਮਨ ਭੌਰਾ ਗੁਰਾਂ ਦੇ ਚਰਨ ਕਮਲ ਡਬੇ ਵਾਕਰ ਜੋ ਹਨ ਤਿਨਾਂ ਵਿਚ ਸਮਾਇਆ ਰਹਿੰਦਾ ਹੈ।

ਓਹ ਚਰਨਾਂ ਦਾ ਅਨੰਦ ਜਿਨ੍ਹਾਂ ਸਿਖਾਂ ਨੂੰ ਆਯਾ ਹੈ ਓਹ ਕਿਸੇ ਨੂੰ ਕਹ ਨਹੀਂ ਸਕਦੇ ਜੇਹਾ ਕੁ ਗੂੰਗੇ ਨੇ ਗੁੜ ਖਾਇਆ ਪਰ ਸੁਆਦ ਓਹਦੇ ਪਾਸੋਂ ਨਹੀਂ ਦਸਿਆ ਜਾਂਦਾ ॥

ਸੋਵਤ ਪੈ ਸੁਪਨ ਚਰਿੱਤ੍ਰ ਚਿਤ੍ਰ ਦੇਖਐ ਚਾਹੈ
ਸਹਿਜ ਸਮਾਧਿ ਬਿਖੈ ਉਨਮਨੀ ਜੋਤ ਹੈ।

ਜੇਹਾ ਕੁ ਸੁਪਨੇ ਵਿਚ ਸੁਤਾ ਹੋਯਾ ਆਦਮੀ (ਚਰਿਤ੍ਰ) ਤਮਾਸ਼ੇ ਰਿਝਕਾਰੀ ਸੁੰਦਰ ਕੀਤੇ ਹੋਏ ਵੇਖਦਾ ਹੈ ਪਰ ਜੇਕਰ ਕਹੇ ਮੈਂ ਉਨਕੇ ਓਹੋ ਹੀ ਦੇਖ ਲਵਾਂ ਤਾਂ ਨਹੀਂ। ਅਜੇਹਾ ਹੀ ਅਡੋਲ ਵਾਹਿਗੁਰੂ ਵਿਚ ਸਮਾਧੀ ਲਾਕੇ ਜੋ (ਉਨਮਨੀ) ਚੌਥੀ ਭੂਮਕਾ ਦੀ ਜੋਤ ਦਾ ਪ੍ਰਕਾਸ਼ ਅਨੰਦ ਹੈ ਸੋ ਨਹੀਂ ਦਸ ਸਕਦਾ ॥

ਭਾਵ—ਜੇਹਾ ਕੁ ਸੁਪਨੇ ਤੇ ਨਾਮ ਦਾ ਅਨੰਦ ਨਹੀਂ ਦਸਿਆ ਜਾਂਦਾ ॥

ਸੁਰਾਪਾਨ ਸ੍ਵਾਦ ਮਤਿਵਾਰਾ ਪ੍ਰਤਿ ਪ੍ਰਸੰਨ ਜੈਸੇਂ
ਨਿਝਰ ਅਪਾਰ ਧਾਰ ਅਨਭੈ ਉਦੋਤ ਹੈ।

ਜੇਹਾ ਕੁ (ਸੁਰਾਪਾਨ) ਸ਼ਰਾਬ ਪੀਨ ਵਾਲਾ ਆਦਮੀ ਸ਼ਰਾਬ ਦੇ ਸੁਆਦ ਵਿਚ (ਮਤਵਾਰਾ) ਮਸਤ ਕਮਲਾ ਹੋਕੇ (ਪ੍ਰਤਿ) ਆਪਣੇ ਆਪ ਵਿਚ ਆਪ ਹੀ ਪ੍ਰਸੰਨ ਹੁੰਦਾ ਹੈ ॥ ਭਾਵ—ਜੇਹਾ ਕੁ ਸ਼ਰਾਬੀ ਸ਼ਰਾਬ ਦੇ ਅਨੰਦ ਨੂੰ ਦਸ ਨਹੀਂ ਸਕਦਾ ਭਾਵੇਂ ਇਹ ਵਿਸ਼ੇ ਦਾ ਕਾਰਨ ਹੈ ਅਰ ਗੁਰਮਤ ਵਿਰੁਧ ਹੈ ਅਤੇ ਸ਼ਰਾਬੀ ਦੀ ਜਾਨ ਦੀ ਵੈਰਨ ਹੈ ਪਰ ਵਿਸ਼ਈ ਨੂੰ ਬਹੁਤ ਅਨੰਦ ਆਉਂਦਾ ਹੈ ਓਹ ਕਿਸੇ ਨੂੰ ਨਹੀਂ ਦਸ ਸਕਦਾ ਅਸਾਂ ਇਸ ਭਾਵ ਉਪਰ ਇਸ ਅਰਥ ਨੂੰ ਲੈਂਦਾ ਹੈ ਇਜੇਹਾ ਹੀ ਜਿਸ ਨੂੰ (ਨਿਝਰ) ਇਕ ਰਸ ਬਹੁਤ ਵਾਹਿਗੁਰੂ (ਬ੍ਰਹਮਾਨੰਦ) ਦੇ ਅਨਭੈ ਗਿਆਨ ਨਿਝਰ ਦੀ (ਧਾਰਾ) ਜੋ ਧਾਰ (ਉਦੋਤ) ਪ੍ਰਗਟ ਹੋਈ ਹੈ ਉਸਦਾ ਅਨੰਦ ਨਹੀਂ ਕਹਿ ਸਕਦਾ ॥ ਭਾਵ—ਜੇਹਾ ਕੁ ਦੂਰ

ਮੁਖ ਵਾਹਿਗੁਰੂ ਦੇ ਦਰਸ਼ਨ ਦਾ ਅਨੰਦ ਨਹੀਂ ਕਹਿ ਸਕਦਾ ॥

ਬਾਲਕ ਪੈ ਨਾਦ ਬਾਦ ਬਦਤ ਬਿਧਾਨ ਚਾਹੈ
ਅਨਹਦ ਧੁਨਿ ਰੁਨ ਝੁਨ ਸ੍ਰੁਤਿ ਸ੍ਰੋਤ ਹੈ ।

ਜਿਹਾਕੁ (ਬਾਲਕ) ਰਾਗ ਹੀਨ ਪਾਸੋਂ (ਨਾਦ) ਵਾਜੇ ਦਾ ਅਵਾਜ਼ (ਬਾਦ) ਵਜਾਉਣਾ ਚਾਹੀਏ ਤਾਂ ਓਹ (ਬਿਧਾਨ) ਵਿਧੀ ਅਨੁਸਾਰ ਉਸ ਪੂਰੇ ਰਾਗ ਦੀ ਚਾਰ ਨੂੰ ਸਮਝ ਕੇ ਤੇ ਰਾਗ ਅਲਾਪਕੇ ਸ਼ਬਦ ਨਹੀਂ ਸੁਣਾ ਸਕਦਾ ਇਸ ਦਾ ਭਾਵ ਇਹ ਨਿਕਲਿਆ ਕਿ ਰਾਗੀ ਅਗਯਾਨੀ ਪਾਸੋਂ ਰਾਗ ਨਹੀਂ ਅਲਾਪਿਆ ਜਾਂਦਾ ॥ ਭਾਵ ਇਹੁ ਹੈ ਨਿਕੇ ਜੇਹੇ ਬਾਲਕ ਪਾਸੋਂ ਵਾਜੇ ਵਜਾਣ ਦਾ ਜੇ ਅਨੰਦ ਪੁਛੀਏ ਤਾਂ ਓਹ ਨਹੀਂ ਕਹਿ ਸਕਦਾ ਕਿਉਂਕਿ ਵੇਖਿਆ ਜਾਂਦਾ ਹੈ ਪਿੰਡਾਂ ਦੇ ਮੁੰਡੇ ਵਾਜਿਆਂ ਤੇ ਐਵੇਂ ਹੀ ਮੋਹਤ ਹੋ ਜਾਂਦੇ ਹਨ ਪਰ ਜੇਕਰ ਚੰਗਾ ਵਾਜਾ ਵਜੇ ਤਾਂ ਓਹ ਕੀ ਅਨੰਦ ਦਸ ਸਕਦੇ ਨੇ ਭਾਵ ਕਿਆ ਨਹੀਂ । ਸੋ ਅਜੇਹਾ ਜੇਹੜੇ ਪੜ੍ਹੇ ਹੋਏ ਰਾਗ ਦੇ ਤਤ੍ਵੇਤਾ ਤਾਨਸੈਨ ਮਾਧਵਾ ਨਲ ਆਦਿਕ ਹੋਏ ਨੇ (ਓਹ ਪੂਰੇ ਰਾਗ ਦਾ ਅਨੰਦ ਨਹੀਂ ਜਿਵੇਂ ਕਹ ਸਕਦੇ) ਮਾਧਵਾ ਨਲ ਦਾ ਹਾਲ ਗੁਰ ਦਸਮ ਗ੍ਰੰਥ ਚਰਿਤ੍ਰਾਂ ਵਿਚੋਂ ਵੇਖ ਸਕਦੇ ਹੋ (ਰੁਣ ਝੁਣ) ਜਿਨਾਂ ਵਾਜਿਆਂ ਦਾ ਬੜਾ ਮਸਤ ਹੌਲੀਦਾ ਅਵਾਜ਼ ਆਉਂਦਾ ਹੈ ਓਹਨਾਂ ਦੀ (ਧੁਨੈ) ਜੋ ਅਵਾਜ਼ ਇਕ ਰਸ (ਸ੍ਰੁਤਿ) ਕੰਨਾਂ ਵਿਚ (ਸ੍ਰੋਤਿ) ਸੁਣਨੀ ਕੀਤੀ ਹੈ ਤਾਂ ਉਸਦਾ ਅਨੰਦ ਨਹੀਂ ਕਿਹਾ ਜਾਂਦਾ ਭਾਵੇਂ ਚੰਗੇ ਵਾਜਿਆਂ ਦਾ ਅਨੰਦ ਜਿਹਾਕੁ ਚੰਗੇ ਗੁਣੀਆਂ ਪਾਸੋਂ ਨਹੀਂ ਕਿਹਾ ਜਾਂਦਾ ॥

ਅਕਥ ਕਥਾ ਬਿਨੋਦ ਸੋਈ ਜਾਨੈ ਜਾਂਸੋ ਬੀਤੇ
ਚੰਦਨ ਸੁਗੰਧ ਜੈਸੇਂ ਤਰੋਵਰ ਨ ਚੀਤ ਹੈ ॥੧੭੨॥

ਅਜੇਹਾ ਹੀ ਗੁਰਾਂ ਦੇ ਚਰਨਾਂ ਦੀ ਕਥਾ ਦਾ ਅਨੰਦ ਅਕਥ ਹੈ ਇਸ (ਬਿਨੋਦ) ਤਮਾਸ਼ੇ ਨੂੰ ਸੋਈਓ ਹੀ ਜਾਣਦਾ ਹੈ ਜਿਸ ਨਾਲ (ਬੀਤੇ) ਗੁਜ਼ਰੇ ਭਾਵ ਗੁਰਮੁਖ ਹੀ ਇਸ ਅਨੰਦ ਨੂੰ ਜਾਣਦੇ ਹਨ ਤੇ ਓਹ ਸਿਖ ਗੁਰੂ ਰੂਪ ਹੋ ਜਾਂਦਾ ਹੈ ਜਿਹਾ ਕੁ ਚੰਦਨ ਦੀ ਸੁਗੰਧੀ ਨਾਲ (ਤਰੋਵਰ) ਬ੍ਰਿਛਾਂ (ਚੀਤ) ਚਾਹੁੰਦਿਆਂ ਨੂੰ ਕੋਈ ਹੋਰ ਨਹੀਂ ਕਹ ਸਕਦਾ ਭਾਵ ਜਿਹਾਕੁ ਬਹੁਤੇ ਬ੍ਰਿਛਾਂ ਨੂੰ ਚੰਦਨ ਆਪਣੇ ਵਰਗਾ ਕਰ ਲੈਂਦਾ ਹੈ ਤਿਹਾਕੁ ਹੀ ਗੁਰੂ ਸਿਖਾਂ ਨੂੰ ਆਪਣਾ ਰੂਪ ਕਰ ਲੈਂਦੇ ਨੇ ਅਥਵਾ ਜਿਹਾਕੁ ਚੰਦਨ ਵਰਗੇ ਬ੍ਰਿਛ ਦੀ (ਚੀਤ) ਜਾਤੀ ਨਹੀਂ ਦਸੀ ਜਾਂਦੀ ਤਿਹਾਕੁ ਹੀ ਚਾਰੇ ਬਰਨ ਗੁਰਾਂ ਦੇ ਮਤ ਵਿਚ ਅਭੇਦ ਹੋ ਸਕਦੇ ਹਨ ਤੇ ਓਹਨਾਂ ਦੀਆਂ ਪਿਛਲੀਆਂ ਜਾਤੀਆਂ ਨਹੀਂ ਦਸੀਆਂ ਜਾਂਦੀਆਂ ॥ ੧੭੨ ॥

ਫਿਰ ਪਿਛਲੇ ਪ੍ਰਸੰਗ ਨੂੰ ਬੁਨੀ ਅੰਗਨ ਨਜਾਇ ਵਿਸਤਾਰ ਨਾਲ ਦਸਦੇ ਹਨ

ਪ੍ਰੇਮ ਰਸ ਕੋ ਪ੍ਰਤਾਪ ਸੋਈ ਜਾਨੈ ਜਾਸੈ ਬੀਤੇ

ਮਦਨ ਮਦੋਨ ਮਤਿਵਾਰੇ ਜਗ ਜਾਨੀਐ ।

ਪ੍ਰੇਮ ਰਸ ਦੇ ਅਨੰਦ ਨੂੰ ਸੋਈਓ ਹੀ ਜਾਣਦਾ ਹੈ ਜਿਸਦੇ ਅੰਦਰ ਬੀਤਦਾ ਹੈ ਜਿਹਾ ਕੁ (ਮਦਨ) ਸ਼ਰਾਬ ਪੀ ਕੇ (ਮਦੋਨ) ਮਸਤ ਹੋਯਾ ਹੋਇਆ ਕਾਮ ਕ੍ਰੀੜਾ ਨੂੰ ਉਗਲਦਾ ਹੈ (ਪੁਰਖ) ਓਹ ਸਦਾ (ਮਤਵਾਰੇ) ਝਲਾ ਜਗਤ ਵਿਚ ਜਾਣੀਦਾ ਹੈ ਭਾਵ ਓਹ ਅਨੰਦ ਸਰਾਬ ਜਾਨ ਦੀ ਵੈਰਨ ਤੇ ਉਮਰ ਦੇ ਘਾਟੇ ਦਾ ਅਨੰਦ ਕਹਿ ਨਹੀਂ ਸਕਦਾ ॥

ਘੂਰਮ ਹ੍ਵੈ ਘਾਇਲ ਸੋ ਘੂਮਤ ਅਰਨ ਦ੍ਰਿਗ
ਮਿਤ੍ਰ ਸਤ੍ਰਤਾ ਨਿਲਜ ਲਜਾ ਹੂ ਲਜਾਨੀਐ ।

ਜਿਹਾ ਕੁ ਸੂਰਮਾ ਜੰਗ ਵਿਚ (ਘੂਰਮ) ਬੇਹੋਸ਼ ਤੇ (ਘਾਇਲ) ਫੱਟਾਂ ਕਰਕੇ ਛੱਟਿਆ ਹੋਇਆ (ਅਰਨ) ਲਾਲ (ਦ੍ਰਿਗ) ਨੇਤ੍ਰ ਕਰਕੇ (ਘੂਮਤ) ਘੁੰਮਦਾ ਫਿਰਦਾ ਹੈ ਅਤੇ ਮਿਤ੍ਰ ਸਤ੍ਰਤਾਈ ਤੋਂ ਨਿਲਜ ਹੁੰਦਾ ਹੈ ਉਸਨੂੰ ਕੋਈ ਲਜਿਆ (ਲਜਾਨੀਐ) ਲਜਾਇਮਾਨ ਕਿਆ ਦਬਾ ਨਹੀਂ ਸਕਦੀ ਭਾਵ ਓਹ ਵੈਰੀ ਤੇ ਪਿਆਰੇ ਦੇ ਮਾਰਨ ਵਲੋਂ ਨਿਸੰਗ ਹੋਯਾ ਹੁੰਦਾ ਹੈ ਉਸਨੂੰ ਕੋਈ ਸ਼ਰਮ ਨਹੀਂ ਆਉਂਦੀ ਭਾਵੇਂ ਕੋਈ ਆਪਣਾ ਹੀ ਮਰ ਜਾਵੇ (ਭੁਲੇਖੇ ਨਾਲ ਫੱਟ ਲਗਾ ਹੋ) ਅਤੇ ਓਹ ਆਪਣੇ ਆਪ ਵਿਚ ਬਹੁਤ ਅਨੰਦ ਰਹਿੰਦਾ ਹੈ, ਜੰਗ ਦੇ ਤਮਾਸ਼ੇ ਨੂੰ ਵੇਖਕੇ ਅਤੇ ਇਹ ਅਨੰਦ ਦਸ ਨਹੀਂ ਸਕਦਾ ॥

ਰਸਨਾ ਰਸੀਲੀ ਕਥਾ ਅਕਥ ਕੈ ਮੋਨ ਬ੍ਰਤ
ਅਨਰਸ ਰਹਿਤ ਨ ਉਤਰ ਬਖਾਨੀਐ

ਅਜਿਹਾ ਹੀ ਰਸਨਾ ਮਿਠੀ ਰਸ ਲੈਣ ਵਾਲੀ ਨਾਲ ਵਾਹਿਗੁਰੂ ਦੀ ਕਥਾ ਨੂੰ ਕਹਿਕੇ (ਮੋਨ ਬ੍ਰਤ) ਚੁਪ ਕਰ ਲੈਂਦੇ ਨੇ ਅਤੇ (ਅਨ ਰਸ) ਹੋਰ ਸੰਸਾਰ ਦੇ ਪਦਾਰਥਾਂ ਦੇ ਰਸਾਂ ਸੁਆਦਾਂ ਤੋਂ ਰਹਿਤ ਹੋ ਗਏ ਨੇ ਕੋਈ ਉਸ ਵਾਹਿਗੁਰੂ ਦੇ ਅਨੰਦ ਦਾ ਉਤਰ ਨਹੀਂ ਦਸਦੇ ਭਾਵ ਜੋ ਗੁਰਮੁਖਾਂ ਨੂੰ ਅਨੰਦ ਆਇਆ ਹੈ ਉਸ ਦਾ ਕੋਈ ਅਨੰਦ ਨਹੀਂ ਕਹਿ ਸਕਦਾ ॥

ਸੁਰਤਿ ਸੰਕੋਚ ਸਮਸਰਿ ਅਸਤੁਤਿ ਨਿੰਦਾ
ਪਗ ਡਗ ਮਗ ਜਾਤ ਕਤ ਬਿਸਮਾਨੀਐ ॥੧੨੮॥

ਉਸਤਤੀ ਨਿੰਦਿਆ ਨੂੰ (ਸਮਸਰ) ਇਕੋ ਜੇਹਾ ਜਾਣਕੇ ਗੁਰਮੁਖਾਂ ਨੇ (ਸੰਕੋਚ) ਇਕ ਬ੍ਰਿਤੀ ਨੂੰ ਸੰਸਾਰ ਦੇ ਪਦਾਰਥਾਂ ਵਲੋਂ ਰੋਕਿਆ ਹੈ ਅਤੇ ਰਾਹਾਂ ਦੇ (ਪਗ) ਚਰਨਾਂ ਦੇ ਕਿ ਜਿਧਰ ਕਿਧਰ ਜਾਵਾਂ ਡੋਲ ਨਹੀਂ ਹੋ ਸਕਦੇ ਤੇ

(ਖਲਗਾਰੀਏ) ਅਸਚਰਜ ਹੋਏ ਰਹਿੰਦੇ ਨੇ ॥ ਭਾਵ ਸੰਸਾਰ ਵਲੋਂ ਬ੍ਰਿਤੀ ਰੋਕਕੇ ਉਸਤਤ ਤੇ ਨਿੰਦਾ ਨੂੰ ਇਕੋ ਜੇਹਾ ਜਾਣਕੇ ਗੁਰਾਂ ਦੇ ਚਰਨਾਂ ਵਿਚ ਅਡੋਲ ਮਸਤ ਰਹਿੰਦੇ ਨੇ ਅਤੇ ਇਹ ਅਨੰਦ ਕਿਸੇ ਨੂੰ ਦਸ ਨਹੀਂ ਸਕਦੇ ॥ ੨੭੩ ॥

ਮਾੜੀ ਚੰਗੀ ਸੰਗਤ ਦਾ ਫਲ ਥੋੜੀ ਨਾਲ ਮਿਲਣਾ ਤਿਸ ਪਰ ਆਖਦੇ ਹਨ

ਤਨਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ
ਤਨਕ ਹੀ ਕਾਂਜੀ ਪਰੈ ਦੂਧ ਫਾਟਿ ਜਾਤ ਹੈ ।

ਜਿਹਾ ਕੁ ਥੋੜੀ ਜੇਹੀ (ਜਾਮਨ) ਜਾਗ ਨਾਲ ਦੁਧ ਦਾ (ਦਧਿ) ਦਹੀਂ ਹੋਜਾਂਦਾ ਹੈ ਅਤੇ ਥੋੜੀ ਜੇਹੀ ਕਾਂਜੀ ਖਟਿਆਈ ਪੈਜਾਣ ਨਾਲ ਦੁਧ ਫਿਟਜਾਂਦਾ ਹੈ ॥ ਭਾਵ-ਥੋੜੀ ਜੇਹੀ ਜਾਗ ਨਾਲ ਦੁਧ ਜੰਮ ਜਾਂਦਾ ਹੈ ਤੇ ਥੋੜੀ ਜੇਹੀ ਕਾਂਜੀ ਨਾਲ ਉਹੋ ਹੀ ਦਹੀਂ ਵਿਗੜ ਜਾਂਦਾ ਹੈ. ਜਿਸ ਦੇ ਖਾਣ ਨਾਲ ਭੀ ਨੁਕਸਾਨ ਹੁੰਦਾ ਹੈ ॥

ਤਨਕ ਹੀ ਬੀਜ ਬੋਇ ਬਿਰਖ ਬਿਥਾਰ ਹੋਇ
ਤਨਕ ਚਿਨਗ ਪਰ ਭਸਮ ਹ੍ਵੈ ਸਮਾਤ ਹੈ ।

ਥੋੜੇ ਜੇਹੇ ਬੀਜ (ਬੋਇ) ਬੀਜਣ ਨਾਲ ਜੇਹਾ ਕੁ ਬਹੁਤ ਬ੍ਰਿਛਾਂ ਦਾ ਫੈਲਾਉ ਹੋ ਜਾਂਦਾ ਹੈ (ਅਥਵਾ ਨਿਕਾ ਜੇਹਾ ਬੀਜ ਬੀਜਣ ਨਾਲ ਵਡਾ ਸਾਰਾ ਬ੍ਰਿਛ ਹੋ ਜਾਂਦਾ ਹੈ) ਪਰ ਇਹ ਅਰਥ ਠੀਕ ਨਹੀਂ ਹੈ । ਸੋ ਆਖਦੇ ਹਨ ਕਿ ਥੋੜੀ ਜੇਹੀ ਅਗ ਦੀ (ਚਿਨਗ) ਚਿੰਗਿਆੜੀ ਪੈਜਾਣ ਨਾਲ ਸਾਰੇ ਬ੍ਰਿਛ (ਭਸਮ) ਖਾਕ ਹੋਕੇ ਧਰਤੀ ਨਾਲ ਸਮਾ ਜਾਂਦੇ ਹਨ ਭਾਵ ਸਾਰੇ ਦਰਖਤ ਸੜ ਜਾਂਦੇ ਹਨ॥

ਤਨਕ ਹੀ ਖਾਇ ਬਿਖ ਹੋਤ ਹੈ ਬਿਨਾਸਕਾਲ
ਤਨਕ ਹੀ ਅੰਮ੍ਰਿਤ ਕੈ ਅਮਰ ਹ੍ਵੈ ਗਾਤ ਹੈ ।

ਥੋੜੀ ਜੇਹੀ ਵਿਹੁ ਖਾਣ ਨਾਲ ਮੌਤ ਦਾ ਵੇਲਾ ਨੇੜੇ ਆਉਂਦਾ ਹੈ ਭਾਵ ਆਦਮੀ ਮਰ ਜਾਂਦਾ ਹੈ ਅਤੇ ਥੋੜਾ ਜੇਹਾ ਅੰਮ੍ਰਿਤ ਪੀਣ ਨਾਲ ਆਦਮੀ ਦਾ (ਗਾਤ) ਸਰੀਰ ਮਰਨ ਤੋਂ ਬਿਨਾਂ (ਦੇਵਤਿਆਂ ਵਾਂਗ) ਹੋਜਾਂਦਾ ਹੈ ॥

ਸੰਗਤਿ ਅਸਾਧ ਸਾਧ ਗਨਿਕਾ ਵਿਵਾਹਤਾ ਜਯੋਂ
ਤਨਕ ਮੈ ਉਪਕਾਰ ਔ ਵਿਕਾਰ ਘਾਤ ਹੈ ॥੧੭੪॥

ਅਧਮਰੇ ਆਦਮੀਆਂ ਦੀ ਸੰਗਤ (ਗਨਿਕਾ) ਵੇਸਵਾ ਵਾਂਗ ਹੈ ਅਤੇ ਸਾਧ

ਜਾਂ ਮਹਾਤਮਾਂ ਦੀ ਸੰਗਤ (ਵਿਦ੍ਵਾਨਤਾ) ਵਿਆਹੀ ਹੋਈ ਇਸਤ੍ਰੀ ਵਾਂਗਰ ਹੈ ॥

ਭਾਵ—ਵੇਸ਼ਵਾ ਇਸਤ੍ਰੀ ਦੀ ਸੰਗਤ ਵਿਕਾਰਾਂ ਨੂੰ ਪ੍ਰਗਟ ਕਰਨੇ ਵਾਲੀ ਹੈ ਅਤੇ ਦਰਿਦ੍ਰ ਤਥਾ ਰੋਗ ਆਦਿਕ ਸੇ ਘਾਤ ਕਰਨੇ ਵਾਲੀ ਹੈ ਅਤੇ ਵਿਆਹੀ ਹੋਈ ਇਸਤ੍ਰੀ ਦੀ ਸੰਗਤ ਚੰਗੀ ਸੰਤਾਨ ਨੂੰ ਪ੍ਰਗਟ ਕਰਨ ਵਾਲੀ ਹੈ ਜਿਸ ਤੇ ਅਨੇਕਾਂ ਕੰਮ ਘਰ ਦੇ ਸੌਰਦੇ ਹਨ ਥੋੜਾ ਜੇਹਾ ਚਿਰ ਪਾਮਰਾਂ ਤੇ ਵੇਸਵਾ ਪਾਸ ਬਹਨ ਨਾਲ ਇਹ ਕੁਛ ਮਿਲਦਾ ਹੈ ਜੋ ਕਿ ਮੌਤ ਕੈਦ ਦਾ ਡਰ ਅਤੇ ਥੋੜਾ ਜੇਹਾ ਚਿਰ ਸਾਧੂਆਂ ਚੰਗੀਆਂ ਇਸਤ੍ਰੀਆਂ ਪਾਸ ਬਹਨ ਨਾਲ ਇਹ ਫਲ ਮਿਲਦਾ ਹੈ ਸੋ ਕਿ ਗੁਣ ਸੰਤਾਨ ॥੧੭੪॥

ਚੰਗਿਆਂ ਮਾੜਿਆਂ ਸਾਧੂਆਂ ਦੀ ਦ੍ਰਿਸ਼ਟੀ ਦਾ ਭਿੰਨ ਭੇਦ ਅਤੇ ਚੰਗੀ
ਮੰਦੀ ਦ੍ਰਿਸ਼ਟੀ ਦਾ ਫਲ

ਸਾਧ ਸੰਗ ਦ੍ਰਿਸ਼ਟਿ ਦਰਸ ਕੈ ਬ੍ਰਹਮ ਧਿਆਨ
ਸੋਈ ਤੌ ਅਸਾਧ ਸੰਗ ਦ੍ਰਿਸ਼ਟਿ ਬਿਕਾਰ ਹੈ।

ਸਾਧ ਸੰਗਤ ਵਿਚ ਜਾਕੇ ਅਜੇਹੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਕਿ ਸਾਰੀਆਂ ਸ਼ਕਲਾਂ ਵਿਚ ਵਾਹਿਗੁਰੂ ਦੀ ਮਹਿਮਾ ਤੇ ਵਾਹਿਗੁਰੂ ਦਾ (ਧਿਆਨ) ਨਜ਼ਰ ਆਉਂਦਾ ਹੈ ਤੇ ਮਾੜਿਆਂ ਸਾਧੂਆਂ ਦੀ ਸੰਗਤ ਕਰਨ ਨਾਲ ਪਰਾਈ ਇਸਤ੍ਰੀ ਦੇਖਨੇ ਦੀ ਵਾਦੀ ਪੈਂਦੀ ਹੈ ਅਤੇ ਦ੍ਰਿਸ਼ਟੀ ਵਿਕਾਰਾਂ ਵਲ ਜਾਕੇ ਚੰਚਲ ਹੁੰਦੀ ਹੈ ਭਾਵ ਜੇਹੜੀ ਦ੍ਰਿਸ਼ਟੀ ਸਾਧ ਸੰਗ ਵਿਚ ਵਾਹਿਗੁਰੂ ਨੂੰ ਵੇਖਦੀ ਹੈ ਸੋਈਓ ਹੀ ਨਜ਼ਰ ਖੋਟਿਆਂ ਦੀ ਸੰਗਤ ਨਾਲ ਪਰਾਈਆਂ ਇਸਤ੍ਰੀਆਂ ਨੂੰ ਵੇਖਦੀ ਹੈ ॥

ਸਾਧ ਸੰਗ ਸ਼ਬਦ ਸੁਰਤਿ ਕੈ ਬ੍ਰਹਮ ਗਿਆਨ
ਸੋਈ ਤੌ ਅਸਾਧ ਸੰਗ ਬਾਦ ਅਹੰਕਾਰ ਹੈ।

ਸਾਧ ਸੰਗਤ ਕਰਨ ਨਾਲ ਗੁਰੂ ਦੇ ਉਪਦੇਸ਼ ਦ੍ਵਾਰਾ ਵਾਹਿਗੁਰੂ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ (ਸੁਰਤਿ) ਬ੍ਰਿਤੀ ਆਤਮਾ ਵਿਚ ਲਗ ਜਾਂਦੀ ਹੈ ਅਤੇ ਅਸਾਧ ਸੰਗਤ ਕਰਨ ਨਾਲ ਸ਼ਬਦਾਂ ਦੇ ਅਰਥ ਨੂੰ ਸੁਣਕੇ ਹੰਕਾਰ ਹੋ ਜਾਂਦਾ ਹੈ ਅਤੇ ਲੋਕਾਂ ਨਾਲ (ਬਾਦ) ਝਗੜਾ ਕਰਨ ਦੀ ਇਛਾ ਪ੍ਰਗਟ ਹੁੰਦੀ ਹੈ ॥

ਭਾਵ—ਸੰਤਾਂ ਪਾਸ ਬੈਠਨ ਨਾਲ ਵਾਹਿਗੁਰੂ ਦਾ ਗਿਆਨ ਹੁੰਦਾ ਹੈ ਅਤੇ ਸੋਈਓ ਹੀ ਜੋ ਦ੍ਰਿਸ਼ਟੀ ਵਾਹਿਗੁਰੂ ਵਲ ਲਗੀ ਹੋਈ ਸੀ (ਬਖਧਾਤਾ ...) ਨੇੜਕ ਹੋ ਜਾਂਦੀ ਹੈ ॥ ਜੇਹੜੀ ਸ਼ਸਤ੍ਰ ਸੁਖਦਾਈ ਹੋਵੇ ਉਹ ਹੀ ਦੁਖਦਾਈ ਹੋ ਜਾਂਦੀ ਹੈ ਪਿਆਰਿਆਂ ਦੇ ਮਗਰ ਓਹ ਹੀ ਝਗੜਿਆਂ ਵਲ ਪ੍ਰੇਰਦੀ ਹੋ ਜਾਂਦੀ ਹੈ ॥

ਸਾਧ ਸੰਗ ਅਸਨ ਬਸਨ ਕੈ *ਮਹਾ ਪ੍ਰਸਾਦਿ ਸੋਈ ਤੌ ਅਸਾਧ ਸੰਗ ਬਿਖਮ ਅਹਾਰ ਹੈ।

ਸਾਧ ਸੰਗਤ ਵਿਚ ਜਾਣ ਨਾਲ ਆਦਮੀ ਸੰਤੋਖੀ ਬਣ ਜਾਂਦੇ ਹਨ ਭਾਵ ਜੈਸਾ ਰੁਖਾ ਮਿਸਾ (ਅਸਨ) ਭੋਜਨ ਮਿਲੇ ਉਸਨੂੰ (ਮਹਾਂ ਪ੍ਰਸਾਦਿ) ਕੜਾਹ ਪ੍ਰਸ਼ਾਦਿ ਕਰਕੇ ਜਾਣਦੇ ਹੈਨ ॥

ਭਾਵ ਰੁਖੇ ਅੰਨ ਨੂੰ ਚੰਗਾ ਜਾਣਦੇ ਹਨ ਸੋ ਅਜੇਹੇ ਅੰਨ ਤੋਂ ਵਿਕਾਰ ਨਹੀਂ ਪ੍ਰਗਟ ਹੁੰਦੇ ਅਤੇ ਬਸਨ ਫਾਟੇ ਪੁਰਾਣੇ ਬਸਤ੍ਰਾਂ ਨੂੰ ਰੇਸ਼ਮ ਦੇ ਕਪੜੇ ਦੁਸ਼ਾਲੇ ਸਮਝਦੇ ਹੈਨ ॥

ਓਹ ਹੀ ਚੰਗਾ ਅੰਨ ਅਸਾਧੂਆਂ ਦੀ ਸੰਗਤ ਕਰਨ ਨਾਲ (ਬਾਧਤਾਭਾਸ ਅਲੰਕਾਰ) (ਬਿਖਮ) ਕਠਨ (ਅਹਾਰ) ਅੰਨ ਕਿਆ ਸੁਖਦਾਈ ਦਾ ਦੁਖਦਾਈ ਮਾਰਨ ਵਾਲਾ ਛੇਤੀ ਨਾਲ ਹੋ ਜਾਂਦਾ ਹੈ ॥

---

*(ਮਹਾਂ ਪ੍ਰਸਾਦਿ) ਮਾਸ ਨਹੀਂ ਮਾਸ ਦੀ ਬਾਬਤ ਗੁਰੂ ਜੀ ਦੀ ਇਹ ਰਾਇ ਹੈ

ਯਥਾ:—

"ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ।
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥"

(੧੬ ਸਲੋਕ ਕਬੀਰ ਜੀ)

ਜਉ ਸਭ ਮਹਿ ਏਕ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ।

(ਪ੍ਰਭਾਤੀ ਕਬੀਰ ਜੀ)

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾਕਉ ਕਹਹੁ ਕਸਾਈ।

(ਮਾਰੂ ਕਬੀਰ ਜੀ)

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ।

(ਸਾਰੰਗ ਪਰਮਾਨੰਦ ਜੀ)

ਸੀਹ ਪਜੂਤੀ ਬੱਕਰੀ ਮਰਦੀ ਹੋਈ ਖਿੜ ਖਿੜ ਹੱਸੀ।
ਸੀਂਹ ਪੁਛੇ ਵਿਸਮਾਦ ਹੁਇ ਇਤ ਅਉਸਰ ਕਿਤ ਰਹਸ ਰਹੱਸੀ।
ਬਿਨਉ ਕਰੇਂਦੀ ਬੱਕਰੀ ਪੁਤ੍ਰ ਅਸਾਡੇ ਕੀਚਨ ਖੱਸੀ।
ਅਕ ਧਤੂਰਾ ਖਾਂਦਿਆਂ ਕੁਹਿ ਕੁਹਿ ਖਲ ਉੱਖਲ ਵਿਣੱਸੀ।
ਮਾਸ ਖਾਨ ਗਲ ਵੱਢਕੇ ਹਾਲ ਤਿਨਾੜਾ ਕਉਣ ਹੋਵਸੀ।

(ਵਾਰ ੨੫ ਪੌੜੀ ੧੭ ਭਾਈ ਗੁਰਦਾਸ ਜੀ)

ਜੇ ਕਾਮਾਣੀ ਉਧਰਿਆ ਜੇਆ ਖਾਇ ਨ ਖਾਇਸੇ ਭੈਣਾ।

(ਵਾਰ ੨੧ ਹੋਰ ਦੇਖੋ ਵਾਰ ੩੨ ਪੌੜੀ ੨੧)

ਦੁਰਮਤਿ ਜਨਮ ਮਰਨ ਹੈ ਅਸਾਧ ਸੰਗ
ਗੁਰਮਤਿ ਸਾਧ ਸੰਗ ਮੁਕਤਿ ਦੁਆਰ ਹੈ ॥੬੭੫॥

ਮਨਮੁਖਾਂ ਅਸਾਧੂਆਂ ਦੀ ਸੰਗਤ ਕਰਨ ਨਾਲ ਖੋਟੀ ਅਕਲ ਪ੍ਰਗਟ ਹੁੰਦੀ ਹੈ ਅਤੇ ਜਨਮ ਮਰਨ ਚੁਰਾਸੀ ਦਾ ਕਾਰਨ ਏਹ ਫਲ ਮਿਲਦਾ ਹੈ ਅਤੇ ਗੁਰਮੁਖਾਂ ਦੀ ਸੰਗਤ ਕਰਨ ਨਾਲ ਤੇ ਗੁਰਾਂ ਦੀ ਸਿਖਿਆ ਧਾਰਨ ਨਾਲ ਮੁਕਤੀ ਦਾ ਦਰ ਵਾਲਾ ਕਿਆ ਸੁਖ ਮਿਲਦਾ ਹੈ ॥

(ਫਿਰ ਦੋਆਂ ਦੀ ਸੰਗਤ ਦਾ ਫਲ ਦਸਦੇ ਹਨ)

ਗੁਰਮਤਿ ਚਰਮ ਦ੍ਰਿਸ਼ਟਿ ਦਿਬ ਦ੍ਰਿਸ਼ਟਿ ਹੈ
ਦੁਰਮਤਿ ਲੋਚਨ ਅਛਤ ਅੰਧ ਕੰਧ ਹੈ ।

ਸਾਧ ਸੰਗਤ ਵਿਚ ਜਾਕੇ ਗੁਰਾਂ ਦੀ ਸਿਖਿਆ ਲੈਕੇ ਚਮ ਵਰਗੀ ਨਜ਼ਰ ਤੋਂ ਦੇਵਤਿਆਂ ਵਰਗੀ ਪ੍ਰਕਾਸ਼ ਵਾਲੀ ਨਜ਼ਰ ਹੋ ਜਾਂਦੀ ਹੈ ਅਤੇ ਖੋਟਿਆਂ ਦੀ ਸੰਗਤ ਵਿਚ ਜਾਕੇ ਖੋਟੀ ਸਿਖਿਆ ਸੁਣਕੇ ਮਨਮੁਖ (ਲੋਚਨ) ਨੇਤ੍ਰਾਂ ਦੇ (ਅਛਤ)

ਮਾਸ ਦੀ ਬਾਬਤ ਏਹ ਗੁਰੂ ਸਾਹਿਬ ਜੀਦਾ ਆਸ਼ਾ ਹੈ ਪਰ ਹੋਰ ਹਿਕਮਤ (ਡਾਕਟਰੀ) ਵਾਲੇ ਭੀ ਮਾਸ ਤੋਂ ਵਿਰੁਧ ਹਨ । ਦਾਸ ਜਦ ਸ੍ਰੀ ਗੁਰ ਡਾਕਟਰ ਚਰਨ ਸਿੰਘ ਜੀ ਕਵਿ ਸਿਰੋਮਣਿ ਪਾਸੋਂ ਤਿਬ ਰਹੀਮੀ (ਜੇਹੜੀ ਡਾਕਟਰ ਰਹੀਮ ਖਾਨ ਖਾਨ ਬਹਾਦਰ ਜੀ ਨੇ ਬਣਾਈ ਹੋਈ ਹੈ ਅਤੇ ਮੈਡੀਕਲ ਕਾਲਜ ਲਾਹੌਰ ਵਿਚ ਪੜ੍ਹਾਈ ਜਾਂਦੀ ਹੈ) ੧੯੬੩ ਬਿ: ਵਿਚ ਪੜ੍ਹਦਾ ਹੁੰਦਾ ਸੀ ਤਾਂ ਜਗ੍ਹਾ ਜਗ੍ਹਾ ਮਾਸ ਦਾ ਤੇ ਸ਼ਰਾਬ ਦਾ ਖੰਡਨ ਆਵੇ ਸੋ ਮੈਂ ਵੇਖਕੇ ਹੈਰਾਨ ਹੋ ਗਿਆ ਕਿ ਗੁਰੂ ਸਾਹਿਬ ਦੇ ਆਸ਼ੇ ਨਾਲ ਡਾਕਟਰੀ ਕਿਤਾਬਾਂ ਭੀ ਮਿਲਦੀਆਂ ਹਨ ਸੋ ਤੁਸੀਂ ੨੦੭ ਸਫੇ ਉਥੋਂ ਵੇਖ ਸਕਦੇ ਹੋ ਅਤੇ ਦਾਸ ਏਥੇ ਲਿਖਦਾ ਭੀ ਹੈ ॥

"ਤੁਮ ਹੈਰਾਨ ਹੋ ਗਏ ਹੋਗੇ ਕਿ ਲਾਇਕ ਸਾਹਿਬ ਉਨੋਂ ਨੇ ਤੋ ਗੋਸ਼ਤ ਕੀ ਫਜ਼ੀਲਤ ਸੇ ਗੋਸ਼ਤ ਕੋ ਬਿਲਕੁਲ ਉੜਾ ਹੀ ਦੀਆ, ਸੁਣੋ:—ਗਰਮ ਮੁਲਕ ਮੇਂ ਗੋਸ਼ਤ ਖਾਨਾ ਅਛਾ ਨਹੀਂ ਜਿਸਕੇ ਖਾਨੇ ਸੇ ਜਿਗਰ ਕੇ ਫੇਅਲ ਮੇਂ ਫਤੂਰ ਬਰਪਾ ਹੋ ਜਾਤਾ ਹੈ, ਜੀ ਬਹੁਤ ਚਾਹੇ ਤੋ ਥੋੜਾ ਖਾਏ, ਮਗਰ ਗੋਸ਼ਤ ਮੇਂ ਭਾਜੀ ਤਰਕਾਰੀ ਭੀ ਪੜੀ ਹੋ, ਹਮ ਹਿੰਦੁਸਤਾਨ ਕੇ ਲੋਗ ਇਸ ਬਾਤ ਕੋ ਨਹੀਂ ਮਾਨ ਸਕਦੇ; ਬਗੈਰ ਗੋਸ਼ਤ ਖਾਨੇ ਕੇ ਆਦਮੀ ਮੇਂ ਤਾਕਤ ਨਹੀਂ ਆਤੀ। ਲੇਕਿਨ ਜੋ ਅਤੇ ਹਿੰਦੂ ਹੈਂ ਵਹੁ ਗੋਸ਼ਤ ਨਹੀਂ ਖਾਤੇ ਫਿਰ ਉਨਕਾ ਕਿਆ ਬਿਗੜਤਾ ਹੈ, ਕਿਆ ਵਹੁ ਕਮਜ਼ੋਰ ਹੈਂ, ਯਾ ਉਨਮੇਂ ਤਾਕਤ ਨਹੀਂ ਹੈ ਅਲਬੱਤਾ ਉਨ ਮੇਂ ਔਰ ਗੋਸ਼ਤ ਖੋਰੋਂ ਮੇਂ ਇਤਨਾ ਫਰਕ ਜ਼ਰੂਰ ਹੈ ਕਿ ਮਸਲਨ ਗੋਸ਼ਤ ਖੋਰੋਂ ਕੋ ਗੁੱਸਾ ਕੋ ਰੋਕਨੇ ਕੀ ਤਾਕਤ [illegible] ਮੁਕਾਬਲੇ ਪਰ ਮੂਲੀਆਂ ਨਹੀਂ ਆਤੀ"

ਹੁੰਦਿਆਂ ਹੀ (ਅੰਧ) ਅੰਨ੍ਹੇ (ਗੰਧ) ਡੋਰੇ ਦੀ ਕੰਧ ਵਾਕਰ ਹੋਜਾਂਦੇ ਹਨ ॥

ਗੁਰਮਤਿ ਸੁਰਤਿ ਕੈ ਬਜਰ ਕਪਾਟ ਖੁਲੇ
ਦੁਰਮਤਿ ਕਠਨ ਕਪਾਟ ਸਨਬੰਧ ਹੈ।

ਗੁਰਾਂ ਦੀ ਸਿਖਿਆ (ਸੁਰਤਿ ਕੈ) ਸੁਣਨ ਨਾਲ (ਬਜਰ ਕਪਾਟ) ਪੱਥਰ ਦੇ ਤਖਤੇ ਖੁਲ ਗਏ ਭਾਵ ਜੋ ਅਗਯਾਨ ਪਿਆ ਹੋਯਾ ਸੀ ਸੋ ਓਹ ਦੂਰ ਹੋਗਿਆ ਅਤੇ ਖੋਟੀ ਸਿਖਿਆ ਦੇ ਸੁਣਨ ਨਾਲ ਕਰੜੇ ਤਖਤੇ ਸਜੜਾ ਰੂਪ ਦਾ (ਸਨਬੰਧ) ਕਿਆ ਮਿਲਾਪ ਹੋਗਿਆ ॥

ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ
ਦੁਰਮਤਿ ਮੁਖ ਦੁਰਬਚਨ ਦੁਰਗੰਧਿ ਹੈ।

ਗੁਰਮੁਖ ਗੁਰਾਂ ਦੀ ਸਿਖਿਆ ਕਰਕੇ (ਪ੍ਰੇਮ ਰਸ) ਵਾਹਿਗੁਰੂ ਦੇ ਅਨੰਦ ਦੇ ਅੰਮ੍ਰਿਤ (ਨਿਧਾਨ) ਸਮੁੰਦ੍ਰ (ਖਜਾਨੇ) ਨੂੰ ਪਾਨ ਪੀਂਦੇ ਨੇ ॥ ਭਾਵ—ਨਾਮ ਅੰਮ੍ਰਿਤ ਦੇ ਸਮੁੰਦ੍ਰ ਨੂੰ ਪੀਂਦੇ ਨੇ ਅਤੇ ਮਨਮੁਖ ਖੋਟੀ ਸਿਖਿਆ ਸੁਣਕੇ ਮੁਖੋਂ (ਦੁਰ) ਖੋਟੇ ਬਚਨਾਂ ਰੂਪ (ਦੁਰਗੰਧ) ਮੁਸ਼ਕ ਖੋਟੀ ਵਾਸਨਾ ਕਢਦੇ ਹਨ ॥

ਭਾਵ—ਭੈੜੇ ਮੰਦੇ ਬਚਨ ਗਾਲੀਆਂ ਆਦਕ ਕਢਦੇ ਨੇ ॥

ਗੁਰਮਤਿ ਸਹਿਜ ਸੁਭਾਇ ਨ ਹਰਖ ਸੋਗ
ਦੁਰਮਤਿ ਬਿਗ੍ਰਹਿ ਬਿਰੋਧ ਕ੍ਰੋਧ ਸੰਧਿ ਹੈ॥੧੭੯॥

ਗੁਰਮੁਖ ਗੁਰਾਂ ਦੀ ਸਿਖਿਆ ਸੁਣਕੇ (ਸਹਿਜ) ਸ਼ਾਂਤੀ ਸੁਭਾਓ ਵਾਲੇ ਹੋ ਜਾਂਦੇ ਹਨ ਅਤੇ ਹਰਖ ਸ਼ੋਕ ਉਨ੍ਹਾਂ ਨੂੰ ਨਹੀਂ ਰਹਿੰਦਾ ਅਤੇ ਮਨਮੁਖ ਖੋਟੀ ਸਿਖਿਆ ਦੇ ਸੁਣਨ ਨਾਲ (ਬਿਗ੍ਰਹ) ਵਿਗੜ ਜਾਂਦੇ ਨੇ ਅਤੇ ਵਿਰੋਧ ਕ੍ਰੋਧ ਦੇ (ਸੰਧਿ) ਮਿਲਾਪੀ ਹੋ ਜਾਂਦੇ ਨੇ ॥ਭਾਵ ਵੈਰ ਤੇ ਗੁਸਾ ਬਹੁਤ ਹੋਜਾਂਦਾਹੈ ॥ ੧੭੯॥

ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ
ਕਾਮ ਨਿਸ਼ਟਾ ਸੰਜੋਗ ਜਤ ਸਤਵੰਤ ਹੈ।

ਇਨ੍ਹਾਂ ਅਖਰਾਂ ਨੂੰ ਵਖੋ ਵਖ ਕਰ ਦੇਈਏ ਤਾਂ ਆਪੇ ਹੀ ਅਰਥ ਨਿਕਲ ਆਉਂਦਾ ਹੈ ਜਿਹਾ ਕੁ ਅਸਾਧ ਸੰਗਤ ਦੁਰਮਤਿ ਤੇ ਕਾਮ ਚੇਸ਼ਟਾ ਸੰਜੋਗ ਮਾੜਿਆਂ ਸਾਧੂਆਂ ਦੀ ਸੰਗਤ ਕਰਕੇ ਖੋਟੀ ਅਕਲ ਆਉਂਦੀ ਹੈ (ਕੀ ਖੋਟੀ ਅਕਲ) ਕਾਮ ਦੀ (ਚੇਸ਼ਟਾ) ਭੈੜਾ ਮੇਲ ਦਾ (ਸੰਜੋਗ) ਮਿਲਾਪ ਹੁੰਦਾ ਹੈ ॥

ਭਾਵ—ਆਦਮੀ ਬਹੁਤ ਵਿਸ਼ਈ ਹੋਜਾਂਦਾ ਹੈ ॥

"ਅਤੇ ਸਾਧ ਸੰਗਤ ਗੁਰਮਤਿ ਜਤ ਸਤਵੰਤ ਹੈ"

ਗੁਰਮੁਖਾਂ ਦੀ ਸੰਗਤ ਕਰਕੇ ਚੰਗੀ ਅਕਲ ਆਉਂਦੀ ਹੈ ਅਤੇ ਮੰਦੀ ਸੰਗਤੀ ਆਦਮੀ ਹੁੰਦਾ ਹੈ ਸੰਗਤ ਦੋਹਾਂ ਨਾਲ ਲਗਾਣੀ ਚਾਹੀ ਹੈ ॥

ਕਾਮ ਕ੍ਰੋਧ ਕਾਇਆ ਕਉ ਗਾਲੈ ।ਜਿਉ ਕੰਚਨ ਸੁਹਾਗਾ ਢਾਲੈ ।

(ਦਖਣੀ ਓਅੰਕਾਰ ਗੁਰੂ ੧)

ਕ੍ਰੋਧ ਕੋ ਵਿਰੋਧ ਬਿਖੈ ਸਹਿਜ ਸੰਤੋਖ ਮੋਖ ਲੋਭ ਲਹਿਰੰਤਰ ਧਰਮ ਧੀਰ ਜੰਤ ਹੈ ।

ਇਹ ਵੀ ਪੰਗਤੀ ਐਨ੍ਹੇ ਕੀਤੀ ਜਾਂਦੀ ਹੈ ਪਰ ਸੰਗਤ ਪਦ ਉੱਤੋਂ ਆਂਦਾ ਜਾਵੇਗਾ ਅਤੇ ਜੰਤ ਨੂੰ ਦੋਆਂ ਨਾਲ ਲਾਇਆ ਜਾਵੇਗਾ (ਕ੍ਰੋਧ ਕੋ ਵਿਰੋਧ ਵਿਖੇ ਲੋਭ ਲਹਿਰੰਤਰ ਜੰਤ) ਹੈ (ਜੰਤ) ਆਦਮੀ ਮਨਮੁਖਾਂ ਦਾ ਸੰਗਤ ਕਰਨ ਨਾਲ ਗੁਸੇ ਕਰਕੇ ਵੈਰ ਵਿਚ ਨਿਵਾਸ ਕਰਦਾ ਹੈ ਅਤੇ ਪਦਾਰਥਾਂ ਦੇ ਲਾਲਚ ਦੀ (ਲਹਿਰੰਤਰ) ਲਹਿਰ ਦੇ ਅੰਦਰ ਪਹੁੰਚਦਾ ਹੈ ॥

ਭਾਵ ਲਾਲਚ ਗੁਸਾ ਬਹੁਤ ਹੋ ਜਾਂਦਾ ਹੈ ਅਤੇ 'ਸਹਿਜ ਸੰਤੋਖ ਮੋਖ ਧਰਮ ਧੀਰ ਜੰਤ ਹੈ" ਗੁਰਮੁਖਾਂ ਦੀ ਸੰਗਤ ਕਰਨ ਨਾਲ (ਸਹਿਜ ਗਿਆਨ (ਅਚਲ ਸੁਖ ਵਾਹਿਗੁਰੂ ਦਾ) ਸੰਤੋਖ ਪਦਾਰਥਾਂ ਦੀ ਇਛਾ ਤੋਂ ਰਹਿਤ ਅਤੇ ਮੁਕਤੀ (ਹਰ ਇਕ ਬੰਧਨਾਂ ਤੋਂ ਛੁਟ ਹੋਏ) ਤੇ ਧਰਮ ਕਰਨ ਵਾਲੇ ਧੀਰਜ ਵਾਲੇ ਇਤਿਆਦਿਕ ਗੁਣ ਆਦਮੀਆਂ ਵਿਚ ਆਉਂਦੇ ਹਨ ॥

ਮਾਯਾ ਮੋਹ ਦ੍ਰੋਹ ਕੈ ਅਰਥ ਪ੍ਰਮਾਰਥ ਸੈਂ ਅਹੰਮੇਵ ਟੇਵ ਦਯਾ ਦ੍ਰਵੀ ਭੂਤ ਸੰਤ ਹੈ ।

"ਮਾਇਆ ਮੋਹ ਦ੍ਰੋਹਕੇ ਅਹੰਮੇਵ ਟੇਵ" ॥

ਮਨਮੁਖ ਖੋਟੀ ਸੰਗਤ ਵਿਚ ਬੈਠਕੇ ਮਾਇਆ ਵਿਚ ਮੋਹ ਪਿਆਰ ਅਤੇ ਦ੍ਰੋਹ ਦਗਾ (ਕਿਸੇ ਨਾਲ ਧੋਖਾ ਕਰਨਾ) ਤੇ ਅਹੰਮੇਵ) ਹੰਕਾਰ ਆਦਿਕ ਔਗੁਣਾਂ ਕਰਕੇ (ਟੇਵ) ਬੁਰੀ ਆਦਤ ਪੈ ਜਾਂਦੀ ਹੈ ॥

ਭਾਵ ਮਨਮੁਖਾਂ ਨੂੰ ਖੋਟੀ ਸੰਗਤ ਦਾ ਇਹ ਫਲ ਮਿਲਦਾ ਹੈ ਕਿ ਔਗੁਣਾਂ ਦੇ ਗੁਥਲੇ ਬਣ ਜਾਂਦੇ ਹਨ ॥

(ਟੇਵ) ਦਾ ਅਰਥ ਕਈ ਆਸਰਾ ਕਰਦੇ ਹਨ ਸੋ ਓਹ ਠੀਕ ਨਹੀਂ ਤੇ ਮੈਂ ਇਸ ਪਦ ਦਾ ਨਿਰਨਾ ਕਰਦਾ ਹਾਂ ਕਿ (ਵਿਦ੍ਯਾ ਵਿਲਾਸ ਗ੍ਰੰਥ ਕਵੀਂਦ੍ਰ ਜਿਨ੍ਹਾਂ ਨੇ ਕਵਿੰਦ੍ਰ ਕੁਲਾਦੀਪਕ ਅੰਮ੍ਰਿਤ ਰਾਇ ਜੀ ਨੇ) ਟਕਾਰ ਕੋ ਵਰਨਨ ਕੀਤਾ ਹੈ ਕਬਿਤ ॥ ਟਕ ਹੂੰ ਨ ਟਾਰੈ ਸੁ ਟਿਕੈ ਨ ਟੋਕ ਟੇਪਹਿਰ ਟੂਕ ਨ ਟਿਕਾਵੈ ਟੂਕ ਹੀ ਟਹੀ ਟਿਪਾਵਕੈ । ਟੇਰੇ ਨ ਸੁਨੈ ਪੈ ਟੇਵ ਭੂਲ ਰਾਖੀ ਟੇਕ ਟੋਕ ਟੋਰ ਟੋਰੇ ਪਰੇ ਟੰਕ ਟਾਰਿਕੈ ਟਿਕਾਵਰੈ ॥

ਇਕ ਥਿਰ ਭਾਵੇ ਏਕ 'ਪਦ' ਆਇਆ ਹੈ ਪਰ ਇਹ ਵੀ ਸੁਭਾਵ ਬੁਰੀ ਆਦਤ ਦਾ ਵਾਚਕ ਆਇਆ ਹੈ ਜਿਹਾ ਕਿ ਸ੍ਰੀ ਅਮੀਰ ਦਾਸ ਜੀ ਅੰਮ੍ਰਿਤਸਰ ਨਿਵਾਸੀ ਜਿਨ੍ਹਾਂ ਨੇ ਹਿਕਮਤ ਦੇ ਪੁਸਤਕ ਬਣਾਏ ਹਨ ਅਤੇ ਕਾਵ੍ਯ ਦੇ ਗ੍ਰੰਥ ਸ੍ਰੀ ਕ੍ਰਿਸ਼ਨ ਸਾਹਿਤ੍ਯ ਸਿੰਧੂ ਚਿਤ੍ਰਚੰਦ੍ਰਿਕਾ ਆਦਿਕ ਬਣਾਏ ਹਨ ਤਿਨਾਂ ਦੇ ਸਭਾ ਮੰਡਨ ਗ੍ਰੰਥ ਦੇ ਦੂਸ਼ਣਾਂ ਵਾਲੇ ਅਧ੍ਯਾਇ ਵਿਚ ਐਉਂ ਲਿਖਿਆ ਹੈ। ਦੋਹਰਾ॥ ਬਾਕੀ ਸਭੇ ਸਿਆਨ ਕਰ ਸਖੀ ਬਿਨੇ ਬਹੁ ਲਾਲ।

ਭਲੇ ਮਾਨ ਪਾਇਨ ਪਰੋ ਕੌਨ ਟਿਰਕ ਅਹ ਬਾਲ॥

ਜੀਹਾਂ ਟਿਰਕ ਸ਼ਬਦ ਕਾਨਨ ਕੋ ਕਰਕੇ ਲਗੇ ਹੈ। ਟਿਰਕ ਕਾ ਨਾਮ ਟੇਵ ਕਿਵਾ ਸੁਭਾਵ ਕਰੇ ਦੋਖ ਮਿਟੈ॥

ਅਰਥ ਪ੍ਰਮਾਰਥ ਸੌਂ ਦਯਾ ਦ੍ਰਵੀ ਭੂਤ ਸੰਤ ਹੈ

(ਪ੍ਰਮਾਰਥ) ਵਾਹਿਗੁਰੂ ਦੇ ਰਸਤੇ ਦੇ (ਅਰਥ) ਜਾਨਣ ਵਾਲੇ ਗੁਰਮੁਖ ਗੁਰਮੁਖਾਂ ਦੀ ਸੰਗਤ ਕਰਕੇ ਹੁੰਦੇ ਹਨ ਅਤੇ ਦਯਾਵਾਨ ਹੁੰਦੇ ਹਨ ਤੇ ਦ੍ਰਵੀ ਭੂਤ ਐਵੇਂ ਹੀ ਪਾਣੀ ਵਾਕਰ ਢਲ ਜਾਣਾ ਭਾਵ ਬਹੁਤ ਨਿੰਮ੍ਰਤਾ ਕਰਨੀ ਅਤੇ ਸੰਤ ਬਨ ਜਾਣਾ ਅਜੇਹੇ ਗੁਣ ਗੁਰਮੁਖਾਂ ਨੂੰ ਸਾਧ ਸੰਗਤ ਵਿਚੋਂ ਮਿਲਦੇ ਹਨ॥

ਦੁਕ੍ਰਿਤ ਸੁਕ੍ਰਿਤ ਚਿਤ ਮਿਤ੍ਰ ਸ਼ੱਤ੍ਰਤਾ ਸੁਭਾਵ ਪਰਉਪਕਾਰ ਔ ਵਿਕਾਰ ਮੂਲ ਮੰਤ ਹੈ ॥੧੭੭॥

ਦੁਕ੍ਰਿਤ ਚਿਤ ਸ਼ੱਤ੍ਰਤਾ ਸੁਭਾਵ ਔ ਵਿਕਾਰ ਮੂਲ ਮੰਤ ਹੈ। ਖੋਟਿਆਂ ਦੀ ਸੰਗਤ ਕਰਕੇ (ਦੁਕ੍ਰਿਤ) ਪਾਪ ਤੇ ਚਿਤ ਵਿਚ (ਸ਼ਤ੍ਰਤਾ) ਵੈਰ ਪਣੇ ਦਾ ਸੁਭਾਵ ਪ੍ਰਗਟ ਹੁੰਦਾ ਹੈ ਅਤੇ ਵਿਕਾਰਾਂ ਦਾ (ਮੂਲ) ਮੁਢ ਜੋ ਕਾਮ ਹੈ ਇਸ ਦੇ ਹੀ ਮਨ ਮੁਖ (ਮੰਤ) ਮੰਤ੍ਰ ਜੰਤ੍ਰ ਤੰਤ੍ਰ ਕਰਦੇ ਰਹਿੰਦੇ ਹਨ॥ ਭਾਵ—ਵਿਕਾਰੀ ਹੋ ਜਾਂਦੇ ਹਨ। ਅਤੇ "ਸੁਕ੍ਰਿਤ ਚਿਤ ਮਿਤ੍ਰ ਸੁਭਾਵ ਪਰ ਉਪਕਾਰ ਮੂਲ ਮੰਤ ਹੈ" (ਸੁਕ੍ਰਿਤ) ਪੁੰਨ ਕਰਨੇ ਦਾ ਉਤਸ਼ਾਹ ਚਿਤ ਵਿਚ ਪ੍ਰਗਟ ਹੁੰਦਾ ਹੈ ਅਤੇ ਮਿਤ੍ਰਤਾਈ ਦਾ ਸੁਭਾਵ ਸਾਰਿਆਂ ਨਾਲ ਪ੍ਰਗਟ ਹੋਂਦਾ ਹੈ ਅਤੇ ਪਰ ਉਪਕਾਰ ਕਰਦੇ ਹੋ ਅਜੇਹੇ ਗੁਣ ਗੁਰਮੁਖਾਂ ਦੀ ਸੰਗਤ ਕਰਕੇ ਗੁਰ ਸਿਖਾਂ ਨੂੰ ਮਿਲਦੇ ਹਨ ਅਤੇ (ਮੂਲ ਮੰਤ) ਜੋ ਜਪੁਜੀ ਸਾਹਿਬ ਦੀ ਆਦਦੀ ਪੌੜੀ ਹੈ ਤਿਸ ਦੇ ਜੋ ਵਾਹਿਗੁਰੂ ਦੇ ਨਾਮ ਦੇ ਅਭਿਆਸੀ ਹੋ ਜਾਂਦੇ ਹੋ॥ ਭਾਵ ਗੁਰਮੁਖਾਂ ਦੀ ਸੰਗਤ ਤੇ ਵਿਚ ਮਾੜੇ ਵੀ ਚੰਗੇ ਹੋ ਜਾਂਦੇ ਹਨ॥੧੭੭॥

ਪੂਰਾ ਸਿਖ ਗੁਰੂ ਜੀ ਦਾ ਜਪ ਤਪ ਸਾਧਨਾ ਕਰਨ ਵਾਲਾ ਤਦ ਬਣਦਾ ਹੈ ਜਦ ਕਿ ਅਜੇਹੇ ਗੁਣ ਸਿਖ ਵਿਚ ਹੋਣ ਪਰ ਗੁਰੂ ਕਿਰਪਾ ਕਰਨ ਤੇ ਹੁੰਦਾ॥

ਸਤਿਗੁਰ ਸਿਖ ਰਿਦੈ ਪ੍ਰਥਮ ਕ੍ਰਿਪਾ ਕੈ ਬਸੈ

ਤੌ ਪਾਛੈ ਕਰਤ ਆਗਿਆ ਮਯਾ ਕੈ ਮਨਾਵਈ ।

ਪਹਿਲੇ ਸਤਗੁਰੂ ਜੀ ਕਿਰਪਾ ਕਰਕੇ ਸਿਖ ਦੇ ਹਿਰਦੇ ਵਿਚ ਆਪ ਨਿਵਾਸ ਕਰਨ ਭਾਵ ਸਿਖ ਦੇ ਹਿਰਦੇ ਵਿਚ ਵੱਸਣ ਇਸ ਪਿਛੋਂ ਫਿਰ ਆਪਣੀ ਆਗਿਆ ਕਰਨ ਭਾਵ ਭੀ ਕਹਿਣ ਹੇ ਸਿਖ ਅਮਕਾ ਕੰਮ ਕਰ ਅਤੇ ਫਿਰ ਆਪ ਹੀ (ਮਯਾ) ਕਿਰਪਾ ਕਰਕੇ ਸਿਖ ਨੂੰ ਮਨਾਵੇਂ ਭਾਵ ਜੇਕਰ ਸਿਖ ਰੁਸ ਜਾਵੇ ਯਾ ਕੰਮ ਨਾ ਕਰੇ ਤਾਂ ਆਪ ਉਸਨੂੰ ਬਖਸ਼ ਲੈਣ ॥

ਆਗਿਆ ਮਾਨ ਗਿਆਨ ਗੁਰ ਪਰਮ ਨਿਧਾਨ ਦਾਨ ਗੁਰਮੁਖ ਸੁਖ ਫਲ ਨਿਜ ਪਦ ਪਾਵਈ ।

ਪਰ ਸਿਖ ਫਲ ਆਖਦੇ ਹਨ ਕਿ ਜੇਕਰ ਸਿਖ ਗੁਰੂ ਕੀ ਆਗਿਆ ਮੰਨ ਲਵੇ ਤਾਂ ਗੁਰੂ ਚੰਗੇ (ਨਿਧਾਨ) ਅੰਮ੍ਰਿਤ ਦੇ ਸਮੁੰਦ੍ਰ ਵਾ ਖਜਾਨੇ (ਗਿਆਨ) ਵਾਹਿਗੁਰੂ ਦੇ ਸੁਖ ਦਾ ਦਾਨ ਕਰਦੇ ਹਨ ॥ ਭਾਵ—ਜੇਕਰ ਸਿਖ ਵੀ ਗੁਰਾਂ ਦਾ ਹੁਕਮ ਮੰਨੇ ਤਾਂ ਉਸਨੂੰ ਬਹੁਤ ਸੁਖ ਮਿਲਦਾਹੈ ਅਤੇ ਵਾਹਿਗੁਰੂ ਦਾ ਗਿਆਨ ਹੁੰਦਾ ਹੈ ਅਤੇ ਫਿਰ ਗੁਰਮੁਖ ਓਹ ਗੁਰੂ ਕਾ ਸਿਖ ਗੁਰੂ ਜੀ ਦੀ ਆਗਿਆ ਮੰਨਣ ਵਾਲਾ (ਸੁਖ ਫਲ) ਗਿਆਨ, ਅਨੰਦ ਨੂੰ ਪਾਕੇ (ਨਿਜ ਪਦ) ਆਪਣਾ ਘਰ ਭਾਵ ਵਾਹਿਗੁਰੂ ਨੂੰ ਪਾ ਲੈਂਦਾ ਕਿਆ ਮਿਲ ਪੈਂਦਾ ਹੈ ॥

ਨਾਮ ਨਿਹਕਾਮ ਧਾਮ ਸਹਜ ਸਮਾਧਿ ਲਿਵ ਅਗਮ ਅਗਾਧ ਕਥਾ ਕਹਿਤ ਨ ਆਵਈ ।

ਨਾਮ ਨੂੰ ਜਪਕੇ ਤੇ (ਨਿਹਕਾਮ) ਪਦਾਰਥਾਂ ਦੀ ਇਛਾ ਤੋਂ ਰਹਿਤ ਹੋਕੇ (ਧਾਮ) ਘਰ ਵਿਚ ਹੀ ਰਹਕੇ ਸਹਜ ਵਾਹਿਗੁਰੂ ਅਚਲ ਸੁਖ ਵਿਚ ਸਮਾਧੀ ਲਾਕੇ (ਲਿਵ) ਬ੍ਰਿਤੀ ਲਗਾਉਂਦਾ ਹੈ ॥ ਭਾਵ—ਪਦਾਰਥਾਂ ਨੂੰ ਛਡਕੇ ਗੁਰੂ ਕਾ ਸਿਖ ਅਜੇਹਾ ਨਾਮ ਜਪਕੇ ਘਰ ਵਿਚ ਹੀ ਵਾਹਿਗੁਰੂ ਨੂੰ ਮਿਲ ਪੈਂਦਾ ਹੈ (ਜੈਹਾ ਕੁ ਧੰਨ ਕਬੀਰ ਹੈ) ਅਤੇ ਜਦ ਫਿਰ ਸਮਾਧੀ ਖੋਲਦੇ ਹਨ ਭਾਵ ਘਰ ਦੇ ਕੰਮ ਕਰਦੇ ਹਨ ਤਾਂ (ਅਗਮ) ਜਿਸ ਪਾਸ ਕੋਈ ਜਾ ਸਕੇ ਜੋ ਬਿਅੰਤ ਜਾਮਨੂੰ ਦਾ ਪਤਾ ਹੋਵੇ ਵਾਹਿਗੁਰੂ ਦੇ ਰੂਪ ਗੁਰਾਂ ਦੀ (ਅਗਾਧ) ਬਹੁਤ ਕਥਾ ਕਰਦੇ ਹਨ ਭਾਵ ਗੁਰਾਂ ਦੇ ਕੌਤਕਾਂ ਦੀਆਂ ਜਿਹਾ ਕੁ ਗੁਰਾਂ ਨੇ ਸਿਖਾਂ ਨੂੰ ਤਾਰਿਆ ਹੈ ਅਤੇ ਜੋ ਉਨ੍ਹਾਂ ਨੇ ਕਰਨ ਦੇ ਕੰਮ ਕੀਤੇ ਹਨ ਓਹ ਸਾਖੀਆਂ ਕਰਦੇ ਹਨ ਅਤੇ ਓਹ ਸਾਖੀਆਂ ਦਾ ਅਨੰਦ ਕਿਸੇ ਪਾਸੋਂ ਨਹੀਂ ਕਿਹਾ ਜਾਂਦਾ ਵਾ ਓਹ ਅਦਭੁਤ ਸਾਖੀਆਂ (ਜੇਹਾ ਕੁ ਰਾਮ ਕੁਵਰ ਜੀ ਕਰਦੇ ਸਨ) ਕਿਸੇ ਨੂੰ ਯਾਦ ਨਹੀ ਰਹਿੰਦੀਆਂ ਹਨ ॥

ਜੈਸੇ ਜੈਸੇ ਭਾਉ ਕਰ ਪੂਜਤ ਪਦਾਰਬਿੰਦ
ਸਕਲ ਸੰਸਾਰ ਕੈ ਮਨੋਰਥ ਪੁਜਾਵਹੀ ॥ ੧੭੮॥

ਅਜੇਹੇ ਗੁਰੂ ਕੇ ਸਿਖਾਂ ਨੂੰ (ਜੇਹੜੇ ਗੁਰਾਂ ਵਰਗੇ ਹੋਇ ਹਨ) ਜੇਹਾ ਜੇਹਾ ਭਾਉ ਪ੍ਰੇਮ ਕਰਕੇ (ਸੰਸਾਰੀ ਜੀਵ) ਉਹਨਾਂ ਦੇ ਪਦਾਰਬਿੰਦ ਚਰਨ ਕਮਲ ਪੂਜਦੇ ਹਨ ਭਾਵ ਜੇਹੜੇ ਆਦਮੀ ਗੁਰਮੁਖਾਂ ਦੇ ਚਰਨ ਕਮਲਾਂ ਨੂੰ ਮੰਨਦੇ ਹਨ ਸੋ ਓਹ ਗੁਰਮੁਖ ਯਾ ਗੁਰਮੁਖਾਂ ਦੇ ਚਰਨ ਸਾਰੇ ਸੰਸਾਰੀਆਂ ਦੇ ਯਾ ਸੰਸਾਰ ਦੇ (ਮਨੋਰਥ) ਮਨ ਦੇ ਅਰਥ ਭਾਵ ਜੋ ਕੁਝ ਓਹ ਮਨ ਵਿਚ (ਪੁਤ੍ਰ ਧੀ ਇਸਤ੍ਰੀ ਦੌਲਤ) ਆਦਕ ਚਾਹੁਣ ਓਹ ਉਨ੍ਹਾਂ ਨੂੰ ਅਪੜਾਂਵਦੇ ਕਿਆ ਦੇਂਦੇ ਹਨ ॥ ੧੭੮ ॥

ਗੁਰਮੁਖਾਂ ਨੇ ਕਾਮ ਕ੍ਰੋਧਾਦਕ ਚੋਰਾਂ ਨੂੰ ਮਾਰਨਾ ਤਿਸ ਪਰ

ਜੈਸੇ ਪ੍ਰਿਆ ਭੇਟਤ ਅਧਾਨ ਨਿਰਮਾਨ ਹੋਤ
ਬਾਂਛਤ ਬਿਧਾਨ ਖਾਨ ਪਾਨ ਅਗ੍ਰ ਭਾਗ ਹੈ।

ਜੇਹਾ ਕ (ਪ੍ਰਿਅ) ਪਯਾਰੇ ਪਤੀ ਦੇ (ਭੇਟਤ) ਮਿਲਨ ਨਾਲ (ਅਧਾਨ) ਗਰਭ ਇਸਤ੍ਰੀ ਨੂੰ ਹੁੰਦਾ ਹੈ ਪਰ ਜੇਕਰ (ਨਿਰਮਾਨ) ਨਿਮ੍ਰੀ ਭੂਤ ਨਿਮਾਣੀ ਹੋਵੇ ਤਾਂ (ਬਾਂਛਤ) ਮਨ ਭਾਵਤ (ਬਿਧਾਨ) ਵਿਧੀਆਂ ਅਨੁਸਾਰ ਭਾਵ ਜੋ ਕੁਝ ਇਸਤ੍ਰੀ ਮੰਗੇ ਖਾਣ (ਪਾਨ) ਪੀਣ ਆਦਕ (ਅਗ੍ਰ ਭਾਗ) ਅਗੇ ਰਖ ਦੇਂਦਾ ਹੈ॥ ਭਾਵ—ਜੇਕਰ ਇਸਤ੍ਰੀ ਨਿਮਾਣੀ ਹੋਕੇ ਪਤੀ ਅਗੇ ਰਹੇ ਤੇ ਤਾਂ ਇਸਤ੍ਰੀ ਨੂੰ ਉਲਾਦ ਦਾ ਸੁਖ ਅਤੇ ਮਨ ਭਾਵਤ ਖਾਣਿਆਂ ਦਾ ਅਨੰਦ ਪ੍ਰਾਪਤੀ ਹੋਂਦਾ ਹੈ॥

ਜਨਮਤ ਸੁਤ ਖਾਨ ਪਾਨ ਕੋ ਸੰਜਮ ਕਰੈ
ਸੁਤ ਹਿਤ ਰਸ ਕਸ ਸਕਲ ਤਿਆਗ ਹੈ।

ਪੁਤ੍ਰ ਦੇ ਜੰਮਦਿਆਂ ਹੀ ਇਸਤ੍ਰੀ ਮਾੜੇ ਵੰਗੇ ਸੁਆਦੀ (ਜੇਹੜੇ ਕਿ ਪੁਤ੍ਰ ਨੂੰ ਦੁਖ ਦੇਣ) ਉਨ੍ਹਾਂ ਖਾਣਿਆਂ ਦੇ ਖਾਣ (ਪਾਨ) ਪੀਣ ਵਲੋਂ (ਸੰਜਮ) ਪਥ ਕਰਦੀ ਹੈ ਭਾਵ ਮਨ ਨੂੰ ਸੁਆਦੀ ਖਾਣਿਆਂ ਵਲੋਂ ਰੋਕ ਰਖਦੀ ਹੈ ਪੁਤ੍ਰ (ਹਿਤ) ਵਾਸਤੇ (ਰਸ) (ਮਧਰੇ, ਕਟਕ, ਕਖਾਇ, ਪ੍ਰਨ ਲਵਣ, ਅਮਲ, ਤਿਕਤੇਹ) ਛੀਆਂ ਰਸਾਂ ਕਸਾਂ ਦਾ ਸੁਆਦ ਸਾਰਾ ਛਡ ਦੇਂਦੀ ਹੈ॥

ਤੈਸੇ ਗੁਰ ਚਰਨ ਸਰਨ ਕਾਮਨਾ ਪੁਜਾਇ
ਨਾਮ ਨਿਹਕਾਮ ਧਾਮ ਅਨਤ ਨ ਲਾਗ ਹੈ।

ਤੇਹਾ ਕੁ ਹੀ ਗੁਰਾਂ ਦੇ ਚਰਨਾਂ ਦੀ ਸਰਨ ਆਉਣ ਨਾਲ

ਸਾਰੀਆਂ (ਕਾਮਨਾ) ਇਛਾ ਪੂਰੀਆਂ ਹੁੰਦੀਆਂ ਹਨ ਭਾਵ ਗੁਰਾਂ ਦੇ ਚਰਨਾਂ ਦੀ ਸ਼ਰਨ ਸਭ ਇਛਾ ਪੂਰਨ ਕਰਦੀ ਹੈ ਅਤੇ ਓਹ ਅਜਿਹੇ ਗੁਰਮੁਖ ਨਾਮ ਨੂੰ ਜਪਕੇ ਪਦਾਰਥਾਂ ਦੀਆਂ ਇਛਾਂ ਤੋਂ ਨਿਸ਼ਕਾਮ ਰਹਿਤ ਹੋਏ ਹਨ ਅਤੇ (ਧਾਮ) ਘਰ ਵਿਚ ਹੀ ਓਹਨਾਂ ਨੇ ਵਾਹਿਗੁਰੂ ਨੂੰ ਪਾ ਲਿਆ ਹੈ ਤੇ ਮਨ ਓਹਨਾਂ ਦਾ (ਅਨਤ) ਹੋਰ ਕਿਧਰੇ ਨਹੀਂ ਲਗਦਾ ॥

ਭਾਵ— ਗੁਰਮੁਖ ਨਾਮ ਵਲ ਹੀ ਲਗੇ ਰਹਿੰਦੇ ਹਨ ।

ਨਿਸ ਅੰਧਕਾਰ ਭਵ ਸਾਗਰ ਸੰਸਾਰ ਵਿਖੈ
ਪੰਚ ਤਸਕਰ ਜੀਤ ਸਿਖ ਹੀ ਜੁ ਜਾਗ ਹੈ ॥੧੭੯॥

(ਨਿਸ) ਰਾਤ ਅੰਧੇਰੀ ਅਗਯਾਨਤਾਈ (ਭਵ) ਜਨਮ ਮਰਨ ਦਾ ਸਬਬ ਜੋਹੜੀ ਸੰਸਾਰ (ਸਾਗਰ) ਸਮੁੰਦਰ ਵਿਚ ਬਣਾਈ ਰਖਦੀ ਹੈ ॥

ਭਾਵ— ਜੁਆਨੀ ਉਮਰ ਜੇਹੜੀ ਅੰਧੇਰੀ ਆਦਮੀ ਉਪਰ ਆਉਂਦੀ ਹੈ ਇਸ ਵਿਚ ਮਨਮੁਖ ਤਾਂ ਵਿਸ਼ਿਆਂ ਵਲ ਲਗਕੇ ਆਪਣਾ ਆਪ ਨਾਸ਼ ਕਰ ਲੈਂਦੇ ਹਨ ਅਤੇ ਵਾਹਿਗੁਰੂ ਤੋਂ ਬੇਮੁਖ ਹੋ ਜਾਂਦੇ ਹਨ ਪਰ ਗੁਰਮੁਖ ਇਸੇ ਹੀ ਜੁਆਨੀ ਰਾਤ ਵਿਚ ਪੰਜ ਤਸਕਰ ਚੋਰਾਂ (ਕਾਮ ਕ੍ਰੋਧਾਦਿਕਾਂ ਨੂੰ) ਜਿਤਕੇ ਜਾਗ ਦੇ ਹਨ ਭਾਵ ਗੁਰਮੁਖ ਛੋਟੀ ਉਮਰ ਤੋਂ ਹੀ ਵਾਹਿਗੁਰੂ ਵਲ ਲਗੇ ਰਹਿੰਦੇ ਹਨ॥

ਜਿਨ੍ਹਾਂ ਨੇ ਗੁਰਾਂ ਦੀ ਆਗਯਾ ਨੂੰ ਧਾਰਨ ਕੀਤਾ ਹੈ ਓਹਨਾਂ ਦੇ ਚਰਨ ਕਮਲਾਂ ਦੀ ਧੂੜੀ ਨੂੰ ਸਾਰੇ ਦੇਵਤੇ ਚਾਹੁੰਦੇ ਨੇ ਅਤੇ ਬਰਾਬਰੀ ਨਹੀਂ ਕਰ ਸਕਦੇ ਅਗਲਾ ਕਬਿਤ ਇਸ ਭਾਵ ਤੇ ਆਖਦੇ ਹਨ ॥

ਸਤਿਗੁਰ ਆਗਯਾ ਪ੍ਰਤਿਪਾਲਕ ਬਾਲਕ ਸਿਖ
ਚਰਨ ਕਮਲ ਰਜ ਮਹਿਮਾ ਅਪਾਰ ਹੈ ।

ਜੇਹੜਾ ਬਾਲਕ ਸਿਖ (ਸੰਤ ਜਨਾਂ ਦਾ ਛੋਹਰਾ) ਭਾਵ ਗੁਰਾਂ ਦਾ ਛੋਟਾ ਅਨਜੋਲ ਸਿਖ ਗੁਰਾਂ ਦੀ ਆਗਯਾ ਦਾ (ਪ੍ਰਤਿਪਾਲਕ) ਮੰਨਣ ਵਾਲਾ ਹੁੰਦਾ ਹੈ ਉਸਦੇ ਚਰਨ ਕਮਲਾਂ ਦੀ (ਰਜ) ਧੂੜੀ ਦੀ ਉਸਤਤੀ ਬਹੁਤ ਹੈ ॥

ਭਾਵ-ਜੋ ਸਿਖ ਗੁਰਾਂ ਦੀ ਆਗਯਾ ਮੰਨਦਾ ਹੈ ਓਹਦੇ ਪੈਰਾਂ ਦੀ ਖਾਕ ਵਰਗਾ ਕੋਈ ਦੇਵੀ ਦੇਵਤਾ ਨਹੀਂ ਹੈ ॥

ਸਿਵ ਸਨਕਾਦਿ ਬ੍ਰਹਮਾਦਿਕ ਨ ਸਮਤਾ ਹੈ
ਨਿਗਮ ਸੇਖਾਦਿ ਨੇਤਿ ਨੇਤਿ ਕੈ ਉਚਾਰ ਹੈ ।

ਸ਼ਿਵਜੀ ਤੇ (ਸਨਕਾਦਿ) ਸਨਕ, ਸਨੰਦਨ, ਸਨਤ ਕੁਮਾਰ, ਚਾਰ ਪੁਤਰ ਬ੍ਰਹਮਾਂ ਦੇ ਅਤੇ ਹੋਰ ਬ੍ਰਹਮਾਂ ਵਰਗੇ ਦੀ ਉਸ ਸਿਖ ਦੇ ਚਰਨਾਂ ਦੀ ਬਰਾਬਰੀ ਨਹੀਂ

ਵਰ ਨਹੀਂ (ਗੰਮਤਾ) ਪਹੁੰਚ ਸਕਦੇ ਅਤੇ ਉਸ ਸਿਖ ਦੇ ਚਰਨਾਂ ਦੀ ਖਾਕ ਨੂੰ (ਨਿਗਮ) ਵੇਦ ਤੇ ਸ਼ੇਸ਼ਨਾਗ ਵਰਗੇ (ਨੇਤ ਨੇਤ) ਖਿਅੰਤ ਕਿਆਂਤ ਸਦਾ ਸਦਾ ਕਹਿਕੇ ਉਚਾਰਦੇ ਹਨ।

ਭਾਵ ਗੁਰਾਂ ਦੀ ਆਗਿਆ ਮੰਨਣ ਵਾਲੇ ਸਿਖਾਂ ਦੇ ਚਰਨਾਂ ਦੀ ਖਾਕ ਜਿਹੇ ਵੀ ਦੇਵਤੇ ਨਹੀਂ, ਸਗੋਂ ਦੇਵਤੇ ਵੀ ਉਸਤਤ ਸਿਖ ਤੇ ਸਿਖ ਦੇ ਚਰਨਾਂ ਦੀ ਧੂੜੀ ਦੀ ਕਰਦੇ ਹਨ ॥

ਚਤੁਰ ਪਦਾਰਥ ਤ੍ਰਿਕਾਲ ਤ੍ਰਿਭਵਨ ਚਾਹੈ
ਜੋਗ ਭੋਗ ਸੁਰਸਰਿ ਸਰਧਾ ਸੰਸਾਰ ਹੈ।

ਚਾਰੇ (ਪਦਾਰਥ) ਧਰਮ, ਅਰਥ, ਕਾਮ, ਮੋਖ, ਤ੍ਰਿਕਾਲ ਤਿੰਨੇ ਵੇਲੇ ਭੂਤ, ਭਵਿਖਤ ਵਰਤਮਾਨ, ਤਿੰਨੇ ਲੋਕ ਸੁਅਰਗ, ਮਾਤ ਲੋਕ, ਪਤਾਲ ਲੋਕ, (ਜੋਗ) ਜੋਗ ਕਰਨ ਵਾਲੇ ਜੋਗੀ (ਭੋਗ) ਪਦਾਰਥਾਂ ਨੂੰ ਭੋਗਣ ਵਾਲੇ ਭੋਗੀ (ਸੁਰਸਰਿ) ਗੰਗਾ ਇਤਆਦਿਕ ਸਾਰੇ ਹੀ ਦੇਵਤੇ ਤੇ ਸਾਰਾ ਹੀ ਸੰਸਾਰ ਉਸ ਗੁਰੂ ਦੇ ਸਿਖ ਦੇ ਚਰਨਾਂ ਦੀ ਧੂੜ ਨੂੰ (ਸਰਧਾ) ਸਤਕਾਰ ਆਦਰ ਨਾਲ ਮੱਥੇ ਤੇ ਲਾਉਂਦੇ ਹਨ ॥

ਭਾਵ—ਗੁਰੂ ਕੀ ਆਗਿਆ ਮੰਨਣ ਵਾਲੇ ਸਿਖ ਦੇ ਚਰਨਾਂ ਦੀ ਧੂੜੀ ਨੂੰ ਵਡੇ ਵਡੇ ਵਡੇ ਦੇਵਤੇ ਚਾਹੁੰਦੇ ਹਨ ॥

ਪੂਜਨ ਕੈ ਪੂਜ ਅਰੁ ਪਾਵਨ ਪਵਿਤ੍ਰ ਕਰੈ
ਅਕਥ ਕਥਾ ਬੀਚਾਰ ਬਿਮਲ ਬਿਥਾਰ ਹੈ ॥੧੯੦॥

ਸਿਖ ਦੇ ਚਰਨਾਂ ਦੀ ਧੂੜੀ ਪੂਜਣ ਵਾਲਿਆਂ ਨੂੰ ਅਗੋਂ ਪੂਜਨੀਕ ਕਰਦੀ ਹੈ ਭਾਵ ਜੇਹੜਾ ਸਿਖ ਦੇ ਚਰਨਾਂ ਦੀ ਧੂੜ ਨੂੰ ਸੇਂਵਦਾ ਹੈ ਉਸਦੇ ਚਰਨਾਂ ਦੀ ਧੂੜ ਅਗੋਂ ਜਗਤ ਸੇਂਵਦਾ ਹੈ ਵਾ ਪੂਜਾ ਵੀ ਗੁਰ ਸਿਖਾਂ ਦੇ ਚਰਨਾਂ ਦੀ ਧੂੜ ਨੂੰ ਪੂਜਕੇ ਸਫਲ ਹੋਈ ਹੈ ਅਤੇ ਫਿਰ (ਪਾਵਨ) ਬਹੁਤ ਪਵਿਤ੍ਰ (ਪਰ ਅਗੋਂ ਫਿਰ ਪਵਿਤ੍ਰ ਪਦ ਪਿਆ ਹੋਇਆ ਹੈ ਯਾਤੇ) ਪਾਵਨ ਦੋਹਾਂ ਪੈਰਾਂ ਦੀ ਧੂੜੀ ਜੋ ਸੇਂਵਦਾ ਹੈ ਉਸਨੂੰ ਪਵਿਤ੍ਰ ਕਰਦੀ ਹੈ ਉਸ ਧੂੜੀ ਦੀ ਵਾ ਸਿਖ ਦੀ ਅਕਥ ਕਥਾ ਹੈ ਭਾਵ ਬਿਚਾਰੀ ਨਹੀਂ ਜਾਂਦੀ ਅਤੇ ਉਸ ਧੂੜੀ ਦਾ (ਬਿਮਲ) ਉਜਲ ਫੈਲਾਓ ਹੈ ॥ ਭਾਵ-ਸਾਰਿਆਂ ਨੂੰ ਨਿਰਮਲ ਕਰ ਦੇਂਦੀ ਹੈ ॥ ੧੯੦ ॥

ਉਸ ਧੂੜੀ ਦੇ ਪ੍ਰਤਾਪ ਜਿੰਨ੍ਹਾਂ ਨੂੰ ਗਿਆਨ ਹੋਇਆ ਹੈ ਤਿਸ ਪਰ

ਗੁਰਮੁਖ ਸੁਖ ਫਲ ਚਾਖਤ ਭਈ ਉਲਟਿ
ਚਲ ਸਨਾਤਨ ਮਨ ਉਨਮਨ ਮਾਨੇ ਹੈ।

ਗੁਰੂ ਕੇ ਸਿਖਾਂ ਦੇ ਚਰਨਾਂ ਦੀ ਧੂੜੀ ਪਾਕੇ (ਸਦਾ ਹੀ ਸੁਖੀ ਰਖਣਵਾਲਾ ਕਲ) ਗਿਆਨ ਤਿਸਨੂੰ ਹਿਰਦੇ ਵਿਚ ਧਾਰਕੇ ਅਤੇ ਉਸਦੇ ਅਨੰਦ ਦਾ ਸੁਆਦ ਚਖਕੇ ਸੰਸਾਰ ਵਲੋਂ ਓਹਨਾ ਗੁਰਮੁਖਾਂ ਦੀ ਬੁਧੀ ਅਕਲ ਉਲਟ ਗਈ ਹੈ ॥

ਭਾਵ—ਗਿਆਨ ਦੇ ਹੋਣ ਨਾਲ ਗੁਰਮੁਖਾਂ ਦੀ ਬ੍ਰਿਤੀ ਉਲਟੀ ਹੋ ਗਈ ਹੈ (ਤਨ) ਸਰੀਰ ਤਾਂ (ਸਨਾਤਨ) ਪ੍ਰਾਚੀਨ ਪਿਛਲਾ ਹੋ ਗਿਆ ਹੈ ਭਾਵ ਜੋ ਕੁਛ ਪਹਿਲੇ ਹੈਸੀ ਮਾਤਾ ਦੇ ਗਰਭ ਵਿਚ ਈਸਰ ਨੂੰ ਜਾਨਣ ਵਾਲਾ ਅਤੇ ਵਡਿਆਂ ਲੋਕਾਂ ਵਾਲੇ ਕੰਮ ਕਰਨ ਵਾਲਾ ਓਹੋ ਜਿਹਾ ਹੋ ਗਿਆ ਹੈ ਅਤੇ ਮਨ (ਤ੍ਰਿਨ ਮਨ) ਚੌਥੀ ਭੂਮਕਾ ਤੁਰੀਆ ਪਦ (ਵਾਹਿਗੁਰੂ ਵਿਚ ਮੰਨਦਾ ਹੈ ਭਾਵ ਨਾਮ ਜਪਦਾ ਹੈ ॥

ਦੁਰਮਤਿ ਉਲਟਿ ਭਈ ਹੈ ਗੁਰਮਤਿ ਰਿਦੈ
ਦੁਰਜਨ ਸੁਰਜਨ ਕਰ ਪਹਿਚਾਨੇ ਹੈਂ ।

ਅਜਿਹਾ ਉਸ ਚਰਨਾ ਦੀ ਧੂੜੀ ਦਾ ਪ੍ਰਤਾਪ ਹੈ ਖੋਟੀ ਅਕਲ ਵਲੋਂ ਬ੍ਰਿਤੀ ਬੁਧੀ ਉਲਟ ਗਈ ਹੈ ਚੰਗੀ ਅਕਲ ਗੁਰਾਂ ਦੀ ਹਿਰਦੇ ਵਿਚ ਪ੍ਰਕਾਸ਼ ਹੋਈ ਹੈ ਫਿਰ ਅਜੇਹੀ ਅਵਸਥਾ ਹੋਣ ਨਾਲ ਕੀ ਹੋਇਆ ਕਿ (ਦੁਰਜਨ) ਖੋਟੇ ਆਦ-ਮੀਆਂ ਵੈਰੀਆਂ ਨੂੰ (ਸੁਰਜਨ) ਦੇਵਤਿਆਂ ਵਰਗੇ ਆਦਮੀ ਕਰਕੇ (ਪਹਿਚਾਨੈ) ਜਾਨਣ ਲਗ ਪਏ ਭਾਵ ਅਜੇਹੀ ਸਮ ਦ੍ਰਿਸ਼ਟੀ ਹੋ ਗਈ ਕਿ ਵੈਰੀਆਂ ਨੂੰ ਮਿਤ੍ਰ ਕਰਕੇ ਸਮਝਣ ਲਗ ਪਏ ॥

ਪ੍ਰਮਾਣ—ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ।

(ਰਾਮ ਕਲੀ ਦਖਣੀ ਓਅੰਕਾਰ ਗੁਰੂ ੧)

ਸ੍ਰੀ ਗੁਰੂ ਕਲਗੀਧਰ ਜੀ ਦੇ ਸਮੇਂ ਅਨੰਦ ਪੁਰ ਦੇ ਜੰਗ ਵਿਚ ਇਕ ਕਨਯਾ ਸਿਖ ਸਭਨਾਂ ਮੁਸਲਮਾਨਾਂ ਸਿਖਾਂ ਨੂੰ ਪਾਣੀ ਪਿਆਉਂਦਾਸੀ ਤਿਸਦੀ ਫਰਯਾਦ ਸਿਖਾਂ ਕੀਤੀ ਤੇ ਕਨੈਯਾ ਹਜ਼ੂਰ ਹਾਜ਼ਰ ਹੋਇਆ ਜਦ ਗੁਰਾਂ ਨੇ ਪੁਛਿਆ ਤਾਂ ਸਿਖ ਆਖਣ ਲਗਾ—   (ਤਿਲੰਗ ਗੁਰੂ ੫)

ਜੋ ਦੀਸੈ ਸੋ ਤੇਰਾ ਰੂਪ । ਗੁਣ ਨਿਧਾਨ ਗੋਵਿੰਦ ਅਨੂਪ ॥

ਸੰਸਾਰੀ ਸੈਂ ਉਲਟਿ ਪਲਟਿ ਨਿਰੰਕਾਰੀ ਭਏ
ਬਗ ਬੰਸ ਹੰਸ ਭਏ ਸਤਿਗੁਰ ਗਿਆਨੇ ਹੈ ।

ਸੰਸਾਰ ਦੇ ਜੀਵਾਂ ਗ੍ਰਹਸਤੀਆਂ ਦੇ ਕੰਮਾਂ ਦੇ (ਪਲਟ) ਪਲਟੇ ਤੋਂ ਉਲਟਕੇ ਕਿਆ ਫਿਰਕੇ ਭਾਵ ਗ੍ਰਹਸਤੀਆਂ ਵਿਕਾਰੀਆਂ ਵਾਲੇ ਕੰਮ ਛਡਕੇ (ਨਿਰੰਕਾਰੀ) ਵਾਹਿਗੁਰੂ ਦਾ ਰੂਪ ਭਾਵ ਵਾਹਿਗੁਰੂ ਦੇ ਮਿਲਨ ਵਾਲਿਆਂ ਕੰਮਾਂ ਵਲ ਲਗ ਪਏ ॥ ਜਥਾ   ਪ੍ਰਮਾਣ

ਸੰਤਨ ਕੇ ਹਮ ਊਤਲਰੇ ਸੇਵਕ ਭਗਤਨ ਤੇ ਡਰ ਪਾਵਉ ।
ਇਹ ਸੰਸਾਰ ਕੇ ਤਾਰ ਹੀ ਛੂਟਉ ਅਉ ਮਾਇਆ ਨਹਿ ਲਪਟਾਵਉ ।
(ਧਨਾਸਰੀ ਨਾਮ ਦੇਉ)

(ਬਗ) ਬਗਲੇ ਪਾਖੰਡੀਆਂ ਆਦਮੀ ਦੀ (ਬੰਸ) ਉਲਾਦ ਤੋਂ (ਹੰਸ) ਹੰਸਾਂ ਵਰਗੀ ਉੱਚੀ ਕੁਲ ਵਾਲੇ ਹੋਏ ਪਰ ਇਹ ਸਾਰਾ ਪ੍ਰਤਾਪ ਸਤਗੁਰਾਂ ਦੇ (ਗਿਆਨੇ) ਗਿਆਨ ਦਾ ਹੈ ਭਾਵ ਜਦ ਸਤਗੁਰਾਂ ਨੇ ਅਜੇਹਾ ਉਪਦੇਸ਼ ਦਿਤਾ ਤਾਂ ਫਰੇਬਾਜ਼ਾਂ ਤੋਂ ਚੰਗੀ ਅਕਲ ਵਾਲੇ ਹੋ ਗਏ ॥

ਕਾਰਨ ਅਧੀਨ ਦੀਨ ਕਾਰਨ ਕਰਨ ਭਏ
ਹਰਨ ਭਰਨ ਭੇਦ ਅਲਖ ਲਖਾਨੇ ਹੈਂ ॥ ੧੯੧ ॥

ਪਹਲੇ ਅਗਿਆਨ ਕਾਲ ਵਿਚ ਜੇਹੜੇ ਸਿਖ (ਕਾਰਨ) ਸੰਸਾਰ ਦੇ ਕਰਨ ਵਾਲੀ ਮਾਇਆ ਭੇਣ ਦੇ (ਅਧੀਨ) ਵਸ (ਦੀਨ) ਗਰੀਬਾਂ ਵਾਕਰ ਹੋਇ ਹੋਏ ਸੀ, ਭਾਵ ਜੇਹੜੇ ਸਿਖ ਮਾਇਆ ਦੇ ਵਿਚ ਫਸੇ ਹੋਇ ਸੀ ਓਹ ਵਾਹਿਗੁਰੂ ਦਾ ਨਾਮ ਜਪਕੇ ਸਭ ਕੁਛ (ਸੰਸਾਰ ਆਦਕ ਦੇ ਕਰਨ ਵਾਲੇ) ਵਾਹਿਗੁਰੂ ਦਾ ਸਰੂਪ ਹੋ ਗਏ ਅਤੇ (ਹਰਨ) ਨਾਸ ਕਰਨ ਦਾ ਤੇ (ਭਰਨ) ਭਰ ਦੇਣ ਕਿਆ ਪਾਲਣ ਦਾ ਜੋ ਭੇਤ ਹੈ (ਵਾਹਿਗੁਰੂ ਦਾ) ਓਹ ਅਲੱਖ ਹੈ ਵੇਖਿਆ ਨਹੀਂ ਜਾਂਦਾ ਪਰ ਓਹ ਗੁਰਮੁਖ ਸਾਰਿਆਂ ਨੂੰ ਹੀ (ਲਖਾਨੇ) ਵੇਖਾ ਦੇਂਦੇ ਹਨ ॥

ਭਾਵ-ਵਾਹਿਗੁਰੂ ਦੇ ਤਮਾਸ਼ਿਆਂ ਦਾ ਤੇ ਵਾਹਿਗੁਰੂ ਦਾ ਦਰਸ਼ਨ ਸਾਰਿਆਂ ਨੂੰ ਕਰਾ ਦੇਂਦੇ ਹਨ ॥ ੧੯੧ ॥

ਅਜੇਹੀ ਪਦਵੀ ਨੂੰ ਜੋ ਸਿਖ ਪਹੁੰਚ ਗਏ ਹਨ ਉਨ੍ਹਾਂ ਦਾ ਹੀ ਅਗੋਂ ਹਾਲ ਦਸਦੇ ਹਨ ॥

ਗੁਰਮੁਖ ਸੁਖ ਫਲ ਚਾਖਤ ਉਲਟਿ ਭਈ
ਜੋਨਿ ਕੈ ਅਜੋਨ ਭਏ ਕੁਲ ਅਕੁਲੀਨ ਹੈ ।

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੀ ਸਿੱਖਿਆ ਲਈ ਹੈ ਅਤੇ ਉਨ੍ਹਾਂ ਨੂੰ (ਸੁਖ ਫਲ) ਗਿਆਨ ਹੋਇਆ ਹੈ ਓਨ੍ਹਾਂ ਦੀ ਬੁਧੀ ਗਿਆਨ ਦੇ ਅਨੰਦ ਦਾ ਸੁਆਦ ਚਖਕੇ ਸੰਸਾਰ ਦੇ ਪਦਾਰਥਾਂ ਵਲੋਂ (ਉਲਟਿ) ਹਟ ਗਈ ਅਤੇ ਓਨ੍ਹਾਂ ਸਿਖਾਂ ਨੂੰ ਵਿਚੋਂ ਹੀ ਮਿਲਿਆ ਕਿ ਜਨਮ ਮਰਨ ਦਾ ਕਾਰਨ ਜੋ ਜੋਨੀਆਂ ਦਾ ਦੁਖ ਹੈ ਉਸਤੋਂ ਅਤੇ ਕੁਲਾਂ ਦੇ ਹੰਕਾਰ ਤੋਂ (ਅਕੁਲੀਨ ਜਾਤ ਪਾਤ ਛਡਕੇ) ਰਹਿਤ ਹੋਇ ਭਾਵ ਅਜੇਹੇ ਗੁਰਮੁਖ ਦੁਖਾਂ ਤੇ ਉਚੀਆਂ ਜਾਤੀਆਂ ਦੇ ਹੰਕਾਰ ਤੋਂ ਬਿਨਾ ਹੋਏ ॥

ਸੰਤਨ ਤੇ ਮੰਤ ਸੀ ਬਿਨਾਸੀ ਅਬਿਨਾਸੀ ਭਏ

ਅਧਮ ਅਸਾਧ ਭਏ ਸਾਧ ਪਰਬੀਨ ਹੈ ।

ਅਜੇਹੇ ਗੁਰਮੁਖ (ਜੋਤਨ) ਨੀਚਾਂ ਆਦਮੀਆਂ ਤੋਂ ਸੰਤ ਬਣ ਗਏ ਅਤੇ (ਬਿਨਾਸੀ) ਮਰਨ ਤੋਂ ਰਹਿਤ ਹੋਕੇ (ਅਬਿਨਾਸੀ ਨਾ ਮਰਨ ਵਾਲੇ ਵਾਹਿਗੁਰੂ ਦਾ ਰੂਪ ਹੋਗਏ ਅਤੇ ਗੁਰਾਂ ਦਾ ਦਰਸ਼ਨ ਉਪਦੇਸ਼ ਲੈਕੇ (ਅਧਮ) ਪਾਪੀ ਸਾਧੂ, (ਪਰਬੀਨ) ਚਤਰ ਸਾਧੂ ਵਾਹਿਗੁਰੂ ਦਾ ਭਜਨ ਕਰਨ ਵਾਲੇ ਹੋਗਏ ॥

ਭਾਵ-ਮਾੜਿਆਂ ਆਦਮੀਆਂ ਤੋਂ ਚੰਗੇ ਬਣ ਗਏ ॥

ਲਾਲਚੀ ਲਲੂਜਨ ਤੇ ਪਾਵਨ ਕੈ ਪੂਜ ਕੀਨੇ
ਅੰਜਨ ਜਗਤ ਮੈ ਨਿਰੰਜਨ ਈ ਦੀਨ ਹੈ ।

ਸਤਗੁਰਾਂ ਨੇ ਆਪਣੀ ਕਿਰਪਾ ਕਰਕੇ ਜਗਤ ਦੇ ਆਦਮੀਆਂ ਨੂੰ ਲਾਲਚੀ ਲੋਭੀਆਂ ਤੇ ਲਲੂਜਨ ਲਮਪਟੋ ਵ ਸੜਦਿਆਂ ਤੋਂ (ਪਾਵਨ) ਪਵਿਤ੍ਰ ਕਰਦਿਤੇ ਭਾਵ ਚਰਨਾਂਦਾ ਜਲ ਠੰਢਾ ਛਿੜਕਕੇ ਸੀਤਲ ਕਰ ਦਿਤੇ ਅਤੇ ਪੂਜ ਨੀਕ ਸਾਰੇ ਜਗਤ ਦੇ ਮੰਨਣ ਵਾਲੇ ਕਰਦਿਤੇ ਅਤੇ(ਅੰਜਨ)ਮਾਇਆ ਤੇ ਜਗਤ ਵਿਚ ਰਹਿੰਦਿਆਂ ਨੂੰ ਹੀ (ਨਿਰੰਜਨਈ) ਵਾਹਿਗੁਰੂ ਦੇ ਮਿਲਣ ਵਾਲੀ ਪਦਵੀ ਭਗਤਾਂ ਵਾਲੀ (ਦੀਨ) ਦਿਤੀ ਅਥਵਾ ਵਾਹਿਗੁਰੂ ਦਾ ਨਾਮ ਜਪਣ ਵਾਲੇ (ਦੀਨ) ਨਿੰਮ੍ਰਿਤਾ ਸੰਜੁਗਤ ਕਰ ਦਿਤੇ ਅਜੇਹਾ ਗੁਰਾਂ ਦੇ ਗਯਾਨ ਉਪਦੇਸ਼ ਦਾ ਪ੍ਰਤਾਪ ਹੈ ॥

ਕਾਟਿ ਮਾਯਾ ਫਾਸੀ ਗੁਰ ਗ੍ਰਿਹ ਮੈ ਉਦਾਸੀ ਕੀਨੇ
ਅਨਭੈ ਅਭਿਆਸੀ ਪ੍ਰਿਯਾ ਪ੍ਰੇਮ ਰਸ ਭੀਨਹੈ॥੧੯੨

ਸਤਗੁਰਾਂ ਨੇ ਅਜੇਹੀ ਕਿਰਪਾ ਕੀਤੀ ਕਿ ਮਾਯਾ ਦੀ ਫਾਹੀ ਵਢ ਦੇ ਦਿਤਾ ਹਰ ਇਕ ਦਾ ਮੋਹ ਤੋੜਕੇ (ਗ੍ਰਿਹ) ਘਰ ਵਿਚ ਹੀ (ਉਦਾਸੀ) ਸੰਤ ਵਾਹਿਗੁਰੂ ਨੂੰ ਮਿਲਣ ਵਾਲੇ ਕਰ ਦਿਤੇ ਅਤੇ (ਅਨਭੈ) ਡਰ ਤੋਂ ਰਹਿਤ ਜੋ ਗਯਾਨ ਵਾਨ ਗਯਾਨੀ) ਵਾਹਿਗੁਰੂ ਹੈ ਉਸਦੇ ਅਭਯਾਸ ਕਰਨ ਵਾਲੇ ਕਰ ਦਿਤੇ ਅਤੇ (ਪ੍ਰਿਯਾ) ਪਯਾਰੇ ਵਾਹਿਗੁਰੂ ਦੇ ਨਾਮ ਦੇ ਅਨੰਦ ਵਿਚ (ਭੀਨ) ਭਿਜੇ, ਮਸਤ ਹੋਇ ਰਹਿੰਦੇ ਹਨ ॥ ਭਾਵ—ਵਾਹਿਗੁਰੂ ਦੇ ਨਾਮ ਵਿਚ ਲਗੀ ਰਹਿੰਦੇ ਹਨ ॥ ੧੯੨ ॥

ਅਜੇਹੇ ਸਿਖ ਜੇਹੜੇ ਹੋਇ ਹਨ ਓਹ ਗੁਰਾਂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਦੇ

ਸਤਿਗੁਰ ਦਰਸ ਧਿਆਨ ਅਸਚਰਜ ਮੈ